ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 22 | Issue 193| 17 September to 23 September, 2025 | Ph.: (510) 240-5949 | Email: asrtimes@gmail.com


# ਰੂਸ-ਯੂਕ੍ਰੇਨ ਜੰਗ ਦਾ ਪੰਜਾਬੀਆਂ ਨੂੰ ਵੀ ਲੱਗਣ ਲੱਗਿਆ ਸੇਕ

## ਬੇਗਾਨੇ ਮੁਲਕ ਲਈ ਦਾਅ 'ਤੇ ਲੱਗੀਆਂ ਪੰਜਾਬੀ ਨੌਜਵਾਨਾਂ ਦੀਆਂ ਜ਼ਿੰਦਗੀਆਂ

## ਵਿਦਿਆਰਥੀ ਵੀਜ਼ੇ ਅਤੇ ਚੰਗੇ ਰੁਜ਼ਗਾਰ ਦੇ ਬਹਾਨੇ ਰੂਸ ਲਿਜਾ ਕੇ ਫ਼ੌਜ 'ਚ ਕਰ ਦਿੱਤਾ ਜਾਂਦੈ ਭਰਤੀ







## ਭਾਰਤ ਸਰਕਾਰ ਨੇ ਰੂਸ ਨੂੰ ਭਾਰਤੀ ਨਾਗਰਿਕਾਂ ਨੂੰ ਫ਼ੌਜ ਵਿੱਚ ਭਰਤੀ ਨਾ ਕਰਨ ਲਈ ਕਿਹਾ

**ਪੰਜਾਬ ਦੇ ਬਹਾਦਰ ਨੌਜਵਾਨ ਕੈਨੇਡਾ, ਅਮਰੀਕਾ ਅਤੇ ਹੋਰ ਮੁਲਕਾਂ 'ਚ ਜਾ ਕੇ ਉਥੋਂ ਦੀ ਫ਼ੌਜ, ਪੁਲਿਸ ਅਤੇ ਹੋਰ ਸੁਰੱਖਿਆ ਅਮਲੇ ਵਿੱਚ ਭਰਤੀ ਹੋ ਚੁੱਕੇ ਹਨ ਪਰ ਇਹਨਾਂ ਮੁਲਕਾਂ ਵਿੱਚ ਇਹਨਾਂ ਪੰਜਾਬੀ ਸਿੱਖ ਨੌਜਵਾਨਾਂ ਨੂੰ ਦਸਤਾਰ ਅਤੇ ਸਿੱਖੀ ਸਰੂਪ ਤਹਿਤ ਵਿਚਰਨ ਦੀ ਆਜ਼ਾਦੀ ਹੈ ਅਤੇ ਇਹਨਾਂ ਨੂੰ ਜ਼ਬਰਦਸਤੀ ਭਰਤੀ ਨਹੀਂ ਕੀਤਾ ਗਿਆ ਸਗੋਂ ਇਹ ਪੰਜਾਬੀ ਨੌਜਵਾਨ ਖ਼ੁਦ ਆਪਣੀ ਮਰਜ਼ੀ ਨਾਲ ਇਹਨਾਂ ਮੁਲਕਾਂ ਦੀਆਂ ਸੈਨਾਵਾਂ ਵਿੱਚ ਭਰਤੀ ਹੋਏ, ਜਿੱਥੇ ਇਹਨਾਂ ਨੂੰ ਬਹੁਤ ਮਾਣ ਅਤੇ ਸਤਿਕਾਰ ਦਿੱਤਾ ਜਾਂਦਾ ਹੈ। ਭਾਰਤੀ ਸੈਨਾ ਵਿੱਚ ਸਿੱਖ ਰੈਜੀਮੈਂਟ, ਪੰਜਾਬ ਰੈਜੀਮੈਂਟ ਅਤੇ ਹੋਰਨਾਂ ਰੈਜੀਮੈਂਟਾਂ ਵਿੱਚ ਪੰਜਾਬੀ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਭਰਤੀ ਹਨ। ਦੇਸ਼ ਦੀ ਸੁਰੱਖਿਆ ਦਾ ਭਾਰ ਇਹਨਾਂ ਪੰਜਾਬੀ ਸਿੱਖ ਫ਼ੌਜੀਆਂ ਦੇ ਮੋਢਿਆਂ 'ਤੇ ਹੈ। ਪਰ ਰੂਸ ਵਿੱਚ ਤਾਂ ਸਿੱਖਿਆ ਅਤੇ ਰੁਜ਼ਗਾਰ ਦੇ ਬਹਾਨੇ ਪੰਜਾਬੀ ਨੌਜਵਾਨਾਂ ਨੂੰ ਲਿਜਾ ਕੇ ਜ਼ਬਰਦਸਤੀ ਜਾਂ ਲਾਲਚ ਦੇ ਕੇ ਫ਼ੌਜ ਵਿੱਚ ਭਰਤੀ ਕਰਕੇ ਯੂਕ੍ਰੇਨ ਜੰਗ ਦੀ ਭੱਠੀ ਵਿੱਚ ਝੋਕਿਆ ਜਾ ਰਿਹਾ ਹੈ, ਜੋ ਕਿ ਚਿੰਤਾਜਨਕ ਹੈ।**



**ਜਗਮੋਹਨ ਸਿੰਘ 'ਲੱਕੀ'**

ਰੂਸ ਅਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ ਦਾ ਸੇਕ ਅਨੇਕਾਂ ਪੰਜਾਬੀਆਂ ਨੂੰ ਵੀ ਲੱਗਣਾ ਸ਼ੁਰੂ ਹੋ ਗਿਆ ਹੈ। ਪੰਜਾਬ ਤੋਂ ਅਨੇਕਾਂ ਪੰਜਾਬੀ ਨੌਜਵਾਨਾਂ ਨੂੰ ਰੂਸ ਵਿੱਚ ਵਿਦਿਆਰਥੀ ਵੀਜ਼ਾ, ਚੰਗੇਰੀ ਤੇ ਉਚੇਰੀ ਪੜ੍ਹਾਈ ਦੇ ਨਾਲ ਚੰਗਾ ਰੁਜ਼ਗਾਰ ਦਿਵਾਉਣ ਦਾ ਬਹਾਨਾ ਲਗਾ ਕੇ ਰੂਸ ਭੇਜ ਦਿੱਤਾ ਗਿਆ ਪਰ ਰੁਜ਼ਗਾਰ ਦੀ ਥਾਂ ਉਹਨਾਂ ਪੰਜਾਬੀ ਨੌਜਵਾਨਾਂ ਨੂੰ ਜਬਰਦਸਤੀ ਜਾਂ ਲਾਲਚ ਦੇ ਕੇ ਰੂਸ ਦੀ ਫ਼ੌਜ ਵਿੱਚ ਭਰਤੀ ਕਰ ਦਿੱਤਾ ਗਿਆ ਅਤੇ ਬਿਨਾਂ ਕਿਸੇ ਟ੍ਰੇਨਿੰਗ ਦੇ ਰੂਸ -ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ ਦੇ ਮੈਦਾਨ ਵਿੱਚ ਭੇਜ ਦਿੱਤਾ ਗਿਆ। ਮੀਡੀਆ 'ਚ ਆਈਆਂ ਰਿਪੋਰਟਾਂ ਅਨੁਸਾਰ ਰੂਸ ਦੀ ਫ਼ੌਜ 'ਚ ਭਰਤੀ ਕੀਤੇ 15 ਪੰਜਾਬੀ ਨੌਜਵਾਨਾਂ ਵਿਚੋਂ 5 ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ ਤਿੰਨ ਨੌਜਵਾਨ ਅਜੇ ਲਾਪਤਾ ਹਨ, ਜਿਨ੍ਹਾਂ ਦੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਮਿਲੀ। ਇਸ ਤੋਂ ਇਲਾਵਾ ਉਹਨਾਂ ਪੰਜਾਬੀ ਨੌਜਵਾਨਾਂ ਦੀ ਗਿਣਤੀ ਵੀ ਕਾਫ਼ੀ ਹੈ, ਜੋ ਕਿ ਇਸ ਸਮੇਂ ਰੂਸ ਦੀ ਫ਼ੌਜ ਵਿੱਚ ਜਬਰੀ ਜਾਂ ਲਾਲਚ ਦੇ ਕੇ ਭਰਤੀ ਕੀਤੇ ਹੋਏ ਹਨ।

ਰੂਸ ਵੱਲੋਂ ਭਾਰਤੀ ਨਾਗਰਿਕਾਂ ਨੂੰ ਆਪਣੀ ਫ਼ੌਜ ਵਿੱਚ ਭਰਤੀ ਕਰਨ ਦਾ ਮਾਮਲਾ ਇਸ ਸਮੇਂ ਅੰਤਰਰਾਸ਼ਟਰੀ ਸੁਰਖ਼ੀਆਂ ਬਣ ਗਿਆ ਹੈ। ਇਸ ਮਗਰੋਂ ਭਾਰਤ ਸਰਕਾਰ ਵੀ ਇਸ ਸਬੰਧੀ ਸਰਗਰਮ ਹੋ ਗਈ ਹੈ। ਹੁਣ ਭਾਰਤ ਨੇ ਰੂਸ ਤੋਂ ਮੰਗ ਕੀਤੀ ਹੈ ਕਿ ਉਹ ਰੂਸੀ ਫ਼ੌਜ 'ਚ ਭਾਰਤੀ ਨਾਗਰਿਕਾਂ ਨੂੰ ਸਹਾਇਕ ਅਮਲੇ ਵਜੋਂ ਭਰਤੀ ਕਰਨਾ ਬੰਦ ਕਰੇ। ਰੂਸੀ ਫ਼ੌਜ ਵੱਲੋਂ ਭਾਰਤੀਆਂ ਦੀ ਤਾਜ਼ਾ ਭਰਤੀ ਦੀਆਂ ਰਿਪੋਰਟਾਂ ਮਗਰੋਂ ਭਾਰਤ ਨੇ ਰੂਸੀ ਫ਼ੌਜ 'ਚ ਕੰਮ ਕਰ



ਰਹੇ ਸਾਰੇ ਭਾਰਤੀਆਂ ਨੂੰ ਛੱਡਣ ਦੀ ਮੰਗ ਕੀਤੀ ਹੈ। ਭਾਰਤ ਨੇ ਆਪਣੇ ਨਾਗਰਿਕਾਂ ਨੂੰ ਚੌਕਸ ਕੀਤਾ ਹੈ ਕਿ ਉਹ 'ਜੋਖਮਾਂ ਅਤੇ ਖ਼ਤਰਿਆਂ' ਦੇ ਮੱਦੇ-ਨਜ਼ਰ ਰੂਸੀ ਫ਼ੌਜ 'ਚ ਸ਼ਾਮਲ ਹੋਣ ਦੀਆਂ ਪੇਸ਼ਕਸ਼ਾਂ ਨਾ ਮੰਨਣ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ, "ਅਸੀਂ ਹੁਣੇ ਜਿਹੇ ਰੂਸੀ ਫ਼ੌਜ 'ਚ ਭਾਰਤੀ ਨਾਗਰਿਕਾਂ ਦੀ ਭਰਤੀ ਦੀਆਂ ਰਿਪੋਰਟਾਂ ਦੇਖੀਆਂ ਹਨ। ਸਰਕਾਰ ਨੇ ਬੀਤੇ ਇੱਕ ਸਾਲ 'ਚ ਕਈ ਮੌਕਿਆਂ 'ਤੇ ਅਜਿਹੀ ਕਾਰਵਾਈ 'ਚ ਸ਼ਾਮਲ ਜੋਖਮਾਂ ਅਤੇ ਖ਼ਤਰਿਆਂ ਦਾ ਜ਼ਿਕਰ ਕੀਤਾ ਹੈ ਅਤੇ ਉਸੇ ਮੁਤਾਬਕ ਭਾਰਤੀ ਨਾਗਰਿਕਾਂ ਨੂੰ ਚੌਕਸ ਕੀਤਾ ਜਾਂਦਾ ਰਿਹਾ ਹੈ।"

ਮੀਡੀਆ ਵਿੱਚ ਤਾਜ਼ਾ ਰਿਪੋਰਟਾਂ ਆਈਆਂ ਹਨ ਕਿ ਰੂਸ ਵਿੱਚ ਕੰਮ ਧੰਦੇ ਦੀ ਭਾਲ ਵਿੱਚ ਗਏ 9 ਹੋਰ ਭਾਰਤੀ ਨੌਜਵਾਨਾਂ ਨੂੰ ਰੂਸ ਦੀ ਫ਼ੌਜ ਵਿੱਚ ਭਰਤੀ ਕਰ ਲਿਆ ਗਿਆ ਹੈ। ਜਿਸ ਕਾਰਨ ਇਸ ਜੰਗ ਦਾ ਸੇਕ ਝੱਲ ਰਹੇ ਪੰਜਾਬੀਆਂ ਦੇ ਜ਼ਖ਼ਮ ਮੁੜ ਅੱਲ੍ਹੇ ਹੋ ਗਏ ਹਨ। ਰੂਸ ਦੀ ਫ਼ੌਜ ਵਿੱਚ ਭਰਤੀ ਹੋਏ ਅਤੇ ਯੂਕ੍ਰੇਨ ਦੀ ਜੰਗ ਵਿੱਚ ਫਸੇ ਹੋਏ ਅਨੇਕਾਂ ਭਾਰਤੀ ਨੌਜਵਾਨ ਆਪਣੇ ਪਰਿਵਾਰਾਂ ਨੂੰ ਆਪਣੀਆਂ ਵੀਡੀਓ ਭੇਜ ਕੇ ਆਪਣੀ ਸਥਿਤੀ ਬਿਆਨ ਕਰ ਰਹੇ ਹਨ। ਇਨ੍ਹਾਂ ਵੀਡੀਓਜ਼ 'ਚ ਭਾਰਤੀ ਨੌਜਵਾਨ ਰੂਸੀ ਫ਼ੌਜੀ ਵਰਦੀ ਪਹਿਨੇ ਹੋਏ ਦਿਖਾਈ ਦੇ ਰਹੇ ਹਨ। ਲੁਧਿਆਣਾ ਦਾ ਸਮਰਜੀਤ ਸਿੰਘ ਪੰਜਾਬੀ 'ਚ ਅਪੀਲ ਕਰਦਾ ਆਖਦਾ ਹੈ, "ਅਸੀਂ ਰੂਸੀ ਫ਼ੌਜ ਵਿੱਚ ਫਸ ਗਏ ਹਾਂ। ਅਸੀਂ 9 ਮੁੰਡੇ ਹਾਂ। ਅਸੀਂ ਇੱਥੇ ਵਿਦਿਆਰਥੀ ਵੀਜ਼ੇ 'ਤੇ ਆਏ ਸੀ। ਸਾਡੇ ਨਾਲ ਬਹੁਤ ਬੁਰਾ ਸਲੂਕ ਕੀਤਾ ਜਾ ਰਿਹਾ ਹੈ। ਸਾਨੂੰ ਖਾਣਾ ਨਹੀਂ ਮਿਲ ਰਿਹਾ ਹੈ ਅਤੇ ਸਾਨੂੰ ਹਰ ਰੋਜ਼ ਮੋਰਚਿਆਂ 'ਤੇ ਭੇਜਿਆ ਜਾ ਰਿਹਾ ਹੈ।" ਇੱਕ ਹੋਰ ਵਿਅਕਤੀ ਬੂਟਾ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਵਿੱਚੋਂ ਕੁਝ ਪਹਿਲਾਂ ਹੀ ਲੜਾਈ ਵਿੱਚ ਮਾਰੇ ਜਾ ਚੁੱਕੇ ਹਨ। ਉਸ ਨੇ ਕਿਹਾ, "ਸਾਨੂੰ ਮਾਸਕੋ ਵਿੱਚ ਕੰਮ ਦੇਣ ਦਾ ਵਾਅਦਾ ਕੀਤਾ ਗਿਆ ਸੀ। ਇਸ ਦੀ ਬਜਾਏ ਅਸੀਂ ਯੂਕ੍ਰੇਨ ਜੰਗ ਵਿੱਚ ਫਸੇ ਹੋਏ ਹਾਂ। ਸਥਿਤੀ ਗੰਭੀਰ ਹੈ। ਸਾਨੂੰ ਤੁਰੰਤ ਬਾਹਰ ਕੱਢੋ।"




ਪੰਜਾਬ ਵਿੱਚ ਇਸ ਸਮੇਂ ਹੜ੍ਹਾਂ ਨੇ ਵੱਡੀ ਗਿਣਤੀ ਪੰਜਾਬੀਆਂ ਨੂੰ ਕੱਖੋਂ ਹੌਲੇ ਕਰ ਦਿੱਤਾ ਹੈ, ਜਿਸ ਕਰਕੇ ਪੰਜਾਬੀਆਂ ਨੂੰ ਮੁੜ ਵਸੇਬੇ ਅਤੇ ਪੈਰਾਂ ਸਿਰ ਖੜ੍ਹੇ ਹੋਣ ਲਈ ਸਖ਼ਤ ਮਿਹਨਤ ਕਰਨੀ ਪਵੇਗੀ। ਉਥੇ ਕਈ ਟ੍ਰੇਵਲ ਏਜੰਟ ਪੰਜਾਬੀਆਂ ਨੂੰ ਵਿਦੇਸ਼ ਜਾ ਕੇ ਡਾਲਰ/ਪੌਂਡ ਕਮਾ ਕੇ ਹੜ੍ਹਾਂ ਦੇ ਨੁਕਸਾਨ ਦੀ ਭਰਪਾਈ ਕਰਨ ਅਤੇ ਆਪਣੇ ਪਰਿਵਾਰ ਦੀ ਜੂਨ ਸੁਧਾਰਨ ਦੀਆਂ ਸਲਾਹਾਂ ਵੀ ਦੇ ਰਹੇ ਹਨ। ਏਜੰਟਾਂ ਵੱਲੋਂ ਕੁਝ ਪੈਸਿਆਂ ਦੇ ਲਾਲਚ ਲਈ ਪੰਜਾਬੀ ਨੌਜਵਾਨਾਂ ਨੂੰ ਰੂਸ ਭੇਜ ਕੇ ਅਤੇ ਉਥੋਂ ਦੀ ਫ਼ੌਜ ਵਿੱਚ ਭਰਤੀ ਕਰਕੇ ਉਹਨਾਂ ਦੀਆਂ ਜ਼ਿੰਦਗੀਆਂ ਨੂੰ ਖ਼ਤਰੇ ਵਿੱਚ ਪਾਇਆ ਜਾ ਰਿਹਾ ਹੈ। ਭਾਰਤ ਸਰਕਾਰ ਨੇ ਹੁਣ ਇਹ ਮੁੱਦਾ ਰੂਸ ਨਾਲ ਉਠਾਇਆ ਹੈ ਅਤੇ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਭਾਰਤ ਸਰਕਾਰ ਦੇ ਯਤਨਾਂ ਨਾਲ ਰੂਸ ਦੀ ਫ਼ੌਜ ਵਿੱਚ ਹੋਰ ਪੰਜਾਬੀ ਨੌਜਵਾਨਾਂ ਸਮੇਤ ਭਾਰਤੀ ਨੌਜਵਾਨਾਂ ਦੀ ਕੀਤੀ ਜਾ ਰਹੀ ਭਰਤੀ ਪੂਰੀ ਤਰ੍ਹਾਂ ਬੰਦ ਹੋ ਜਾਵੇ।

# ਲੰਡਨ ਵਿੱਚ ਪਰਵਾਸ ਵਿਰੋਧੀ ਵੱਡਾ ਮੁਜ਼ਾਹਰਾ ਹੋਇਆ

## ਝੜਪਾਂ ਦੌਰਾਨ 26 ਪੁਲਿਸ ਵਾਲੇ ਜ਼ਖ਼ਮੀ ਅਤੇ 9 ਤੋਂ ਵੱਧ ਲੋਕ ਗ੍ਰਿਫ਼ਤਾਰ

## ਈਲੋਨ ਮਸਕ ਦੀ ਸ਼ਮੂਲੀਅਤ, ਸਰਕਾਰ ਬਦਲਣ ਦੀ ਮੰਗ ਨੇ ਮਚਾਇਆ ਹੜਕੰਪ









ਸਦੀਆਂ ਤੋਂ ਦੁਨੀਆ ਦੇ ਕਈ ਹਿੱਸਿਆਂ 'ਤੇ ਰਾਜ ਕਰਨ ਵਾਲਾ ਬ੍ਰਿਟੇਨ ਅੱਜ ਬਦਲਾਅ ਅਤੇ ਡਰ ਦੇ ਇੱਕ ਨਵੇਂ ਪੜਾਅ ਵਿੱਚੋਂ ਲੰਘ ਰਿਹਾ ਹੈ। ਹਾਲ ਹੀ ਵਿੱਚ ਲੱਖਾਂ ਲੋਕਾਂ ਨੇ ਲੰਡਨ ਦੀਆਂ ਸੜਕਾਂ 'ਤੇ 'ਯੂਨਾਈਟ ਦ ਕਿੰਗਡਮ' ਨਾਮਕ ਇੱਕ ਰੈਲੀ ਕੱਢੀ ਅਤੇ ਪਰਵਾਸੀਆਂ ਵਿਰੁੱਧ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ। ਉਨ੍ਹਾਂ ਦਾ ਮੰਨਣਾ ਹੈ ਕਿ ਵਧਦੀ ਪਰਵਾਸੀ ਆਬਾਦੀ ਉਨ੍ਹਾਂ ਦੀ ਆਜ਼ਾਦੀ ਅਤੇ ਪਛਾਣ ਨੂੰ ਖ਼ਤਰੇ ਵਿੱਚ ਪਾ ਰਹੀ ਹੈ।

ਇਹ ਵਿਰੋਧ ਪ੍ਰਦਰਸ਼ਨ ਵੈਸਟਮਿੰਸਟਰ ਬ੍ਰਿਜ ਤੋਂ ਸ਼ੁਰੂ ਹੋਇਆ ਅਤੇ ਬ੍ਰਿਟੇਨ ਦੀਆਂ ਸੜਕਾਂ 'ਤੇ ਫ਼ੈਲ ਗਿਆ। ਪ੍ਰਬੰਧਕਾਂ ਦਾ ਦਾਅਵਾ ਹੈ ਕਿ ਇਸ ਪ੍ਰਦਰਸ਼ਨ ਵਿੱਚ ਲਗਭਗ 10 ਲੱਖ ਲੋਕਾਂ ਨੇ ਹਿੱਸਾ ਲਿਆ। ਪ੍ਰਦਰਸ਼ਨਕਾਰੀਆਂ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਕਿਹਾ ਕਿ ਉਹ ਆਪਣਾ ਦੇਸ਼ ਵਾਪਸ ਚਾਹੁੰਦੇ ਹਨ ਅਤੇ ਪਰਵਾਸੀਆਂ ਨੂੰ ਵਾਪਸ ਭੇਜਿਆ ਜਾਣਾ ਚਾਹੀਦਾ ਹੈ।

ਪਰ ਸ਼ੁਰੂ ਵਿੱਚ ਸ਼ਾਂਤਮਈ ਜਾਪਣ ਵਾਲਾ ਇਹ ਮਾਰਚ ਬਾਅਦ ਵਿੱਚ ਹਿੰਸਕ ਹੋ ਗਿਆ, ਜਿਸ ਵਿੱਚ ਪੁਲਿਸ ਨਾਲ ਝੜਪਾਂ ਹੋਈਆਂ, 26 ਪੁਲਿਸ ਵਾਲੇ ਜ਼ਖ਼ਮੀ ਹੋਏ ਅਤੇ 9 ਤੋਂ ਵੱਧ ਲੋਕ ਗ੍ਰਿਫ਼ਤਾਰ ਕੀਤੇ ਗਏ।

ਮਾਰਚ ਦਾ ਮੰਜ਼ਰ ਅਤੇ ਨਾਅਰੇ ਮੈਟਰੋਪੋਲੀਟਨ ਪੁਲਿਸ ਮੁਤਾਬਕ, ਇਹ ਮਾਰਚ ਵਾਟਰਲੂ ਬ੍ਰਿਜ ਤੋਂ ਸ਼ੁਰੂ ਹੋ ਕੇ ਵ੍ਹਾਈਟਹਾਲ ਤੱਕ ਪਹੁੰਚਿਆ। ਪ੍ਰਦਰਸ਼ਨਕਾਰੀਆਂ ਨੇ ਯੂਨੀਅਨ ਜੈਕ, ਸੇਂਟ ਜਾਰਜ ਦੇ ਝੰਡੇ ਅਤੇ ਲੱਕੜ ਦੇ ਕਰਾਸ ਲਹਿਰਾਉਂਦੇ ਹੋਏ ' 'ਗੈਰ-ਕਾਨੂੰਨੀ ਪਰਵਾਸ ਰੋਕੋ' ਵਰਗੇ ਨਾਅਰੇ ਲਗਾਏ। ਟੌਮੀ ਰੌਬਿਨਸਨ ਨੇ ਵੀਡੀਓ ਲਿੰਕ ਰਾਹੀਂ ਭੀੜ ਨੂੰ ਸੰਬੋਧਨ ਕੀਤਾ ਅਤੇ ਦਾਅਵਾ ਕੀਤਾ ਕਿ 'ਪਰਵਾਸੀਆਂ ਨੂੰ ਬਰਤਾਨਵੀ ਨਾਗਰਿਕਾਂ ਨਾਲੋਂ ਵੱਧ ਅਧਿਕਾਰ ਮਿਲ ਰਹੇ ਹਨ।' ਪੁਲਿਸ ਨੇ ਅੰਦਾਜ਼ਾ ਲਾਇਆ ਕਿ ਭੀੜ ਲਗਭਗ 1.10 ਲੱਖ ਦੀ ਸੀ, ਪਰ ਸੋਸ਼ਲ ਮੀਡੀਆ 'ਤੇ ਵਾਇਰਲ ਤਸਵੀਰਾਂ ਅਤੇ ਹਵਾਈ ਦ੍ਰਿਸ਼ਾਂ ਤੋਂ ਲੱਗਦਾ ਹੈ ਕਿ ਅਸਲ ਗਿਣਤੀ ਇਸ ਨਾਲੋਂ ਕਿਤੇ ਵੱਧ ਸੀ।

ਇਥੇ ਜ਼ਿਕਰਯੋਗ ਹੈ ਕਿ ਬ੍ਰਿਟੇਨ ਦੀ ਆਬਾਦੀ ਵਿੱਚ ਮੂਲ ਬ੍ਰਿਟਿਸ਼ ਨਾਗਰਿਕਾਂ ਦਾ ਹਿੱਸਾ ਲਗਾਤਾਰ ਘਟ ਰਿਹਾ ਹੈ। ਰਿਪੋਰਟਾਂ ਅਨੁਸਾਰ ਇਸ ਵੇਲੇ ਯੂ. ਕੇ. ਦੀ ਆਬਾਦੀ ਦਾ ਲਗਭਗ 73% ਮੂਲ ਨਿਵਾਸੀ ਹਨ, ਜੋ ਕਿ 2050 ਤੱਕ ਘੱਟ ਕੇ 57% ਅਤੇ 2063 ਤੱਕ 50% ਤੋਂ ਘੱਟ ਹੋ ਜਾਵੇਗਾ। 2075 ਤੱਕ ਇਹ ਘਟ ਕੇ 44% ਅਤੇ ਸਦੀ ਦੇ ਅੰਤ ਤੱਕ ਸਿਰਫ਼ 33% ਹੋ ਸਕਦਾ ਹੈ। ਇਸ ਬਦਲਾਅ ਨੂੰ ਲੈ ਕੇ ਬ੍ਰਿਟੇਨ ਦੇ ਮੂਲ ਨਾਗਰਿਕਾਂ ਵਿੱਚ ਡੂੰਘੀ ਚਿੰਤਾ ਅਤੇ ਡਰ ਹੈ ਕਿ ਉਹ ਆਪਣੇ ਦੇਸ਼ ਵਿੱਚ ਘੱਟ ਗਿਣਤੀ ਬਣ ਸਕਦੇ ਹਨ। ਪਿਛਲੇ ਕੁਝ ਸਾਲਾਂ ਵਿੱਚ ਬ੍ਰਿਟੇਨ ਵਿੱਚ ਪਰਵਾਸੀਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ। 2022 ਵਿੱਚ ਲਗਭਗ 7 ਲੱਖ 64 ਹਜ਼ਾਰ ਪਰਵਾਸੀ ਪਹੁੰਚੇ, ਜਦੋਂ ਕਿ 2023 ਵਿੱਚ ਇਹ ਗਿਣਤੀ ਲਗਭਗ 6 ਲੱਖ 85 ਹਜ਼ਾਰ ਸੀ। ਇਸ ਸਾਲ ਜੂਨ ਤੱਕ ਇੱਕ ਲੱਖ ਤੋਂ ਵੱਧ ਲੋਕਾਂ ਨੇ ਸ਼ਰਣ ਲਈ ਅਰਜ਼ੀ ਦਿੱਤੀ ਹੈ। ਪਰਵਾਸੀਆਂ ਦੀ ਇਸ ਤੇਜ਼ੀ ਨਾਲ ਵਧਦੀ ਗਿਣਤੀ ਨੇ ਬ੍ਰਿਟਿਸ਼ ਜਨਤਾ ਵਿੱਚ ਆਰਥਿਕ ਮੌਕਿਆਂ ਅਤੇ ਸੱਭਿਆਚਾਰਕ ਪਛਾਣ ਪ੍ਰਤੀ ਅਸੁਰੱਖਿਆ ਦੀ ਭਾਵਨਾ ਨੂੰ ਵਧਾ ਦਿੱਤਾ ਹੈ।

ਬ੍ਰਿਟੇਨ ਵਿੱਚ ਮੁਸਲਿਮ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ। 2001 ਵਿੱਚ ਇੱਥੇ ਲਗਭਗ 1.6 ਮਿਲੀਅਨ ਮੁਸਲਮਾਨ ਸਨ, ਜੋ ਕਿ ਕੁੱਲ ਆਬਾਦੀ ਦਾ ਸਿਰਫ਼ 3% ਸੀ। ਹੁਣ ਉਨ੍ਹਾਂ ਦੀ ਗਿਣਤੀ ਵੱਧ ਕੇ ਲਗਭਗ 4 ਮਿਲੀਅਨ (6.5%) ਹੋ ਗਈ ਹੈ। ਅੰਦਾਜ਼ਾ ਲਗਾਇਆ ਗਿਆ ਹੈ ਕਿ 2050 ਤੱਕ ਮੁਸਲਿਮ ਆਬਾਦੀ 14 ਮਿਲੀਅਨ ਤੱਕ ਪਹੁੰਚ ਸਕਦੀ ਹੈ, ਜੋ ਕਿ ਕੁੱਲ ਆਬਾਦੀ ਦਾ 17.2% ਹੋਵੇਗੀ। ਇਸ ਵਾਧੇ ਨੇ ਬਹੁਤ ਸਾਰੇ ਲੋਕਾਂ ਵਿੱਚ ਡਰ ਅਤੇ ਚਿੰਤਾ ਪੈਦਾ ਕੀਤੀ ਹੈ। ਬ੍ਰਿਟੇਨ ਵਿੱਚ ਲਗਭਗ 85 ਸ਼ਰੀਆ ਅਦਾਲਤਾਂ ਵੀ ਕੰਮ ਕਰ ਰਹੀਆਂ ਹਨ, ਜੋ ਕਿ ਪੱਛਮੀ ਦੇਸ਼ਾਂ ਵਿੱਚ ਸਭ ਤੋਂ ਵੱਧ ਹੈ। 2024 ਵਿੱਚ ਮੁਸਲਿਮ ਵਿਰੋਧੀ ਨਫ਼ਰਤ ਦੇ ਲਗਭਗ 6,300 ਮਾਮਲੇ ਦਰਜ ਕੀਤੇ ਗਏ ਸਨ, ਜੋ ਕਿ ਪਿਛਲੇ ਸਾਲ ਨਾਲੋਂ 43% ਵੱਧ ਹਨ। ਲੰਡਨ, ਬਰਮਿੰਘਮ ਵਰਗੇ ਵੱਡੇ ਸ਼ਹਿਰਾਂ ਵਿੱਚ ਮੁਸਲਿਮ ਆਬਾਦੀ 15 ਤੋਂ 20 ਪ੍ਰਤੀਸ਼ਤ ਦੇ ਵਿਚਕਾਰ ਪਹੁੰਚ ਗਈ ਹੈ।

### ਟੌਮੀ ਰੌਬਿਨਸਨ ਕੌਣ ਹੈ ?

ਟੌਮੀ ਰੌਬਿਨਸਨ ਦਾ ਅਸਲ ਨਾਮ ਸਟੀਵਨ ਯੈਕਸਲੇ-ਲੈਨਿਨ ਹੈ। ਉਹ ਇੰਗਲਿਸ਼ ਡਿਫ਼ੈਂਸ ਲੀਗ (ਈਡੀਐਲ) ਦਾ ਸੰਸਥਾਪਕ ਹੈ ਅਤੇ ਲੰਬੇ ਸਮੇਂ ਤੋਂ ਇਸਲਾਮ-ਵਿਰੋਧੀ ਅਤੇ ਪਰਵਾਸ-ਵਿਰੋਧੀ ਵਿਚਾਰਾਂ ਕਰਕੇ ਚਰਚਾ ਵਿੱਚ ਰਹੇ ਹਨ। ਉਸ ਵਿਰੁੱਧ ਅਦਾਲਤੀ ਹੁਕਮਾਂ ਦੀ ਉਲੰਘਣਾ, ਹਮਲੇ ਅਤੇ ਹੋਰ ਅਪਰਾਧਾਂ ਦੇ ਕਈ ਮੁਕੱਦਮੇ ਦਰਜ ਹਨ। ਮਈ 2025 ਵਿੱਚ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਉਸ ਨੇ ਇਸ 'ਫ੍ਰੀ ਸਪੀਚ ਫ਼ੈਸਟੀਵਲ' ਦਾ ਆਯੋਜਨ ਕੀਤਾ, ਜੋ ਪਿਛਲੇ ਸਾਲ ਅਕਤੂਬਰ ਵਿੱਚ ਹੋਣ ਵਾਲਾ ਸੀ ਪਰ ਕਾਨੂੰਨੀ ਮਸਲਿਆਂ ਕਰਕੇ ਟਲ ਗਿਆ। 42 ਸਾਲਾ ਰੌਬਿਨਸਨ ਨੂੰ ਇੱਕ ਸੀਰੀਆਈ ਸ਼ਰਨਾਰਥੀ ਬਾਰੇ ਝੂਠੇ ਦਾਅਵੇ ਕਰਨ ਕਰਕੇ ਜੇਲ੍ਹ ਵੀ ਜਾਣਾ ਪਿਆ ਸੀ, ਜਿਸ ਨੇ ਉਸ ਵਿਰੁੱਧ ਮਾਣਹਾਨੀ ਦਾ ਕੇਸ ਜਿੱਤਿਆ।

### ਵਿਰੋਧੀ ਮੁਜ਼ਾਹਰਾ ਅਤੇ ਸਿਆਸੀ ਮਾਹੌਲ

ਇਸ ਦੇ ਨਾਲ ਹੀ, 'ਸਟੈਂਡ ਅੱਪ ਟੂ ਰੇਸਿਜ਼ਮ' ਨਾਮਕ ਸਮੂਹ ਨੇ ਰਸਲ ਸਕੁਏਅਰ ਤੋਂ ਵ੍ਹਾਈਟਹਾਲ ਤੱਕ ਮਾਰਚ ਕੀਤਾ, ਜਿਸ ਵਿੱਚ ਲਗਭਗ 5,000 ਲੋਕ ਸ਼ਾਮਲ ਹੋਏ। ਇਸ ਵਿੱਚ ਲੇਬਰ ਪਾਰਟੀ ਦੀਆਂ ਸੰਸਦ ਮੈਂਬਰ ਜਰਾਹ ਸੁਲਤਾਨਾ ਅਤੇ ਡਾਇਨ ਐਬੋਟ ਵੀ ਸ਼ਾਮਲ ਸਨ। ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ 'ਸ਼ਰਨਾਰਥੀਆਂ ਦਾ ਸਵਾਗਤ ਹੈ' ਅਤੇ 'ਟੌਮੀ ਰੌਬਿਨਸਨ ਦਾ ਵਿਰੋਧ' ਵਰਗੇ ਨਾਅਰੇ ਲਗਾਏ। ਇੱਕ ਪ੍ਰਦਰਸ਼ਨਕਾਰੀ ਨੇ ਕਿਹਾ, ਇਹ ਫ਼ਾਸੀਵਾਦ ਵਿਰੁੱਧ ਲੜਾਈ ਹੈ। ਦੋਵੇਂ ਮੁਜ਼ਾਹਰਿਆਂ ਦਰਮਿਆਨ ਤਣਾਅ ਚਰਮ 'ਤੇ ਸੀ, ਪਰ ਪੁਲਿਸ ਨੇ ਵੱਡੇ ਸੰਘਰਸ਼ ਨੂੰ ਰੋਕ ਲਿਆ।

### ਈਲੋਨ ਮਸਕ ਦੀ ਸ਼ਮੂਲੀਅਤ

ਹੈਰਾਨੀ ਵਾਲੀ ਗੱਲ ਇਹ ਸੀ ਕਿ ਅਰਬਪਤੀ ਈਲੋਨ ਮਸਕ ਵੀ ਵੀਡੀਓ ਲਿੰਕ ਰਾਹੀਂ ਇਸ ਮੁਜ਼ਾਹਰੇ ਵਿੱਚ ਸ਼ਾਮਲ ਹੋਏ। ਉਨ੍ਹਾਂ ਨੇ ਭੀੜ ਨੂੰ ਸੰਬੋਧਨ ਕਰਦਿਆਂ ਕਿਹਾ, ਚਾਹੇ ਤੁਸੀਂ ਹਿੰਸਾ ਚੁਣੋ ਜਾਂ ਨਾ, ਹਿੰਸਾ ਤੁਹਾਡੇ ਵੱਲ ਆਉਣ ਵਾਲੀ ਹੈ। ਜਾਂ ਤਾਂ ਤੁਸੀਂ ਵਾਪਸੀ ਕਰੋ ਜਾਂ ਮਰ ਜਾਓ। ਮਸਕ ਨੇ 'ਬੇਕਾਬੂ ਪਰਵਾਸ' 'ਤੇ ਚਿੰਤਾ ਜ਼ਾਹਰ ਕੀਤੀ ਅਤੇ ਸਰਕਾਰ ਬਦਲਣ ਦੀ ਮੰਗ ਕੀਤੀ। ਇਹ ਮੁਜ਼ਾਹਰਾ ਬਰਤਾਨੀਆ ਵਿੱਚ ਵਧ ਰਹੇ ਪਰਵਾਸ ਵਿਰੋਧੀ ਮਾਹੌਲ ਦਾ ਹਿੱਸਾ ਸੀ। ਨਿਗੇਲ ਫ਼ਰਾਜ ਦੀ ਰਿਫ਼ਾਰਮ ਯੂਕੇ ਪਾਰਟੀ ਨੂੰ ਹਾਲ ਹੀ ਦੀਆਂ ਚੋਣਾਂ ਵਿੱਚ ਵੱਡੀ ਸਫ਼ਲਤਾ ਮਿਲੀ ਸੀ।

### ਪਰਵਾਸੀਆਂ ਵਿਰੋਧੀ ਮੁਹਿੰਮ ਕਾਰਨ ਸਰਕਾਰ 'ਤੇ ਵਧਿਆ ਦਬਾਅ

ਇਹ ਪ੍ਰਦਰਸ਼ਨ ਬਰਤਾਨੀਆ ਦੀ ਬਦਲਦੀ ਸਿਆਸੀ ਸਥਿਤੀ ਦਾ ਸੰਕੇਤ ਹਨ। ਰਿਫ਼ਾਰਮ ਯੂ.ਕੇ. ਪਾਰਟੀ ਦੇ ਵਧਦੇ ਸਮਰਥਨ ਦੇ ਨਾਲ, ਰੌਬਿਨਸਨ ਦਾ ਅੰਦੋਲਨ ਮੁੱਖਧਾਰਾ ਵਿੱਚ ਜਗ੍ਹਾ ਬਣਾ ਰਿਹਾ ਹੈ। ਪਰ ਉਸ ਦਾ ਅਪਰਾਧਿਕ ਇਤਿਹਾਸ ਉਸ ਨੂੰ ਇਸ ਪਾਰਟੀ ਤੋਂ ਵੱਖ ਰੱਖਦਾ ਹੈ। ਇਸ ਦੌਰਾਨ, ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਲੇਬਰ ਸਰਕਾਰ 'ਤੇ ਦਬਾਅ ਵਧ ਗਿਆ ਹੈ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਹਿੰਸਾ ਦੀ ਸਖ਼ਤ ਨਿਖੇਧੀ ਕੀਤੀ ਅਤੇ ਕਿਹਾ, ਅਪਰਾਧਕ ਗਤੀਵਿਧੀਆਂ ਵਿੱਚ ਸ਼ਾਮਲ ਲੋਕਾਂ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।

ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਸਥਿਤੀ 'ਤੇ ਕਿਹਾ ਕਿ ਉਹ ਹਿੰਸਾ ਅਤੇ ਵੰਡ ਫ਼ੈਲਾਉਣ ਵਾਲਿਆਂ ਅੱਗੇ ਨਹੀਂ ਝੁਕਣਗੇ। ਦੂਜੇ ਪਾਸੇ, ਟੌਮੀ ਰੌਬਿਨਸਨ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਅਮਰੀਕੀ ਕਾਰੋਬਾਰੀ ਐਲੋਨ ਮਸਕ ਦਾ ਸਮਰਥਨ ਵੀ ਮਿਲਿਆ ਹੈ। ਮਸਕ ਨੇ ਕਿਹਾ ਕਿ ਯੂਰਪ ਕੋਲ ਹੁਣ ਕੋਈ ਬਦਲ ਨਹੀਂ ਬਚਿਆ ਹੈ, ਉਨ੍ਹਾਂ ਨੂੰ 'ਲੜੋ ਜਾਂ ਮਰੋ' ਵਾਲੀ ਸਥਿਤੀ ਦਾ ਸਾਹਮਣਾ ਕਰਨਾ ਪਵੇਗਾ। ਇਹ ਮੁਜ਼ਾਹਰੇ ਪੱਛਮੀ ਦੇਸ਼ਾਂ ਵਿੱਚ ਪਰਵਾਸੀਆਂ ਵਿਰੁੱਧ ਵਧ ਰਹੇ ਤਣਾਅ ਦੀ ਤਸਵੀਰ ਪੇਸ਼ ਕਰਦੇ ਹਨ, ਜਿੱਥੇ ਸਥਾਨਕ ਲੋਕਾਂ ਅਤੇ ਪਰਵਾਸੀਆਂ ਦੇ ਹੱਕਾਂ ਦੀ ਚਰਚਾ ਤੇਜ਼ ਹੋ ਰਹੀ ਹੈ।

### ਕੈਨੇਡਾ ਵਿੱਚ ਵੀ ਪਰਵਾਸ ਵਿਰੋਧੀ ਮੁਜ਼ਾਹਰੇ

ਇਸੇ ਦੌਰਾਨ, ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿੱਚ ਵੀ ਪਰਵਾਸ ਵਿਰੁੱਧ 'ਕੈਨੇਡਾ ਫ਼ਰਸਟ' ਰੈਲੀ ਹੋਈ, ਜਿਸ ਵਿੱਚ ਕੁਝ ਦਰਜਨ ਲੋਕ ਸ਼ਾਮਲ ਹੋਏ। ਉਨ੍ਹਾਂ ਨੇ ਸਰਕਾਰ ਦੀਆਂ ਪਰਵਾਸ ਨੀਤੀਆਂ ਖ਼ਿਲਾਫ਼ ਨਾਅਰੇ ਲਗਾਏ ਅਤੇ ਪਰਵਾਸੀਆਂ ਨੂੰ ਵਾਪਸ ਭੇਜਣ ਦੀ ਮੰਗ ਕੀਤੀ। ਪਰ ਸਮਾਨਾਂਤਰ ਹੋਏ ਪ੍ਰੋ-ਇਮੀਗ੍ਰੈਂਟ ਮੁਜ਼ਾਹਰੇ ਵਿੱਚ ਵੱਧ ਲੋਕ ਸ਼ਾਮਲ ਸਨ, ਜਿਨ੍ਹਾਂ ਨੇ ਪਰਵਾਸੀਆਂ ਦੇ ਹੱਕ ਵਿੱਚ ਅਤੇ ਨਸਲੀ ਵਿਤਕਰੇ ਖ਼ਿਲਾਫ਼ ਨਾਅਰੇ ਲਗਾਏ। ਝੜਪਾਂ ਦੌਰਾਨ ਪੁਲਿਸ ਨੇ 10 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ।


# ਅਮਰੀਕਾ ਦੀ ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰਨਗੇ ਟਰੰਪ ਦੇ ਟੈਰਿਫ਼

## ਟੈਰਿਫ਼ ਕਾਰਨ ਅਮਰੀਕਾ 'ਚ 10 ਲੱਖ ਲੋਕ ਹੋ ਸਕਦੇ ਹਨ ਗ਼ਰੀਬ

## ਯੇਲ ਯੂਨੀਵਰਸਿਟੀ ਦੀ ਬਜਟ ਲੈਬ ਵੱਲੋਂ ਕੀਤੇ ਗਏ ਇੱਕ ਵਿਸ਼ਲੇਸ਼ਣ 'ਚ ਕੀਤਾ ਗਿਆ ਦਾਅਵਾ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾਅਵਾ ਕਰਦੇ ਰਹੇ ਹਨ ਕਿ ਟੈਰਿਫ਼ ਮਾਲੀਆ ਵਧਾਉਣਗੇ ਅਤੇ ਅਮਰੀਕੀਆਂ ਨੂੰ ਲਾਭ ਪਹੁੰਚਾਉਣਗੇ ਪਰ ਯੇਲ ਯੂਨੀਵਰਸਿਟੀ ਦੀ ਬਜਟ ਲੈਬ ਦੁਆਰਾ ਕੀਤੇ ਗਏ ਇੱਕ ਵਿਸ਼ਲੇਸ਼ਣ ਦੇ ਅਨੁਸਾਰ ਟੈਰਿਫ਼ ਹੋਰ ਅਮਰੀਕੀਆਂ ਨੂੰ ਗਰੀਬੀ ਵਿੱਚ ਧੱਕ ਸਕਦੇ ਹਨ।

ਵਿਸ਼ਲੇਸ਼ਣ ਵਿੱਚ ਪਾਇਆ ਗਿਆ ਕਿ ਟਰੰਪ ਦੇ ਟੈਰਿਫ਼ ਵਾਧੇ ਨਾਲ 2026 ਤੱਕ ਗਰੀਬੀ ਵਿੱਚ ਰਹਿਣ ਵਾਲੇ ਅਮਰੀਕੀਆਂ ਦੀ ਗਿਣਤੀ ਲਗਪਗ 10 ਲੱਖ ਹੋ ਸਕਦੀ ਹੈ। ਅਧਿਐਨ ਵਿੱਚ ਅਧਿਕਾਰਤ ਗਰੀਬੀ ਮਾਪ ਦੀ ਵਰਤੋਂ ਕੀਤੀ ਗਈ, ਜੋ ਟੈਕਸ ਤੋਂ ਪਹਿਲਾਂ ਦੀ ਆਮਦਨ ਦੇ ਅਧਾਰ ਤੇ ਗਰੀਬੀ ਦੀ ਗਣਨਾ ਕਰਦਾ ਹੈ ਅਮਰੀਕੀ ਜਨਗਣਨਾ ਬਿਊਰੋ ਨੇ ਰਿਪੋਰਟ ਦਿੱਤੀ ਸੀ ਕਿ ਪਿਛਲੇ ਸਾਲ ਦੇ ਅੰਤ ਤੱਕ 36 ਮਿਲੀਅਨ ਲੋਕ ਗਰੀਬੀ ਵਿੱਚ ਰਹਿ ਰਹੇ ਸਨ। ਰਹਿਣ-ਸਹਿਣ ਦੀ ਲਾਗਤ ਦੇ ਅਨੁਸਾਰ ਆਮਦਨ ਵਧਣ ਕਾਰਨ ਗਰੀਬੀ ਦਰ 0.4 ਪ੍ਰਤੀਸ਼ਤ ਅੰਕ ਘੱਟ ਕੇ 10.6 ਪ੍ਰਤੀਸ਼ਤ ਹੋ ਗਈ।




ਬਜਟ ਲੈਬ ਨੇ ਪਾਇਆ ਕਿ ਜਦੋਂ ਇਸ ਨੇ ਇੱਕ ਹੋਰ ਵਿਆਪਕ ਮਾਪ, ਪੂਰਕ ਗਰੀਬੀ ਮਾਪ ਦਾ ਵਿਸ਼ਲੇਸ਼ਣ ਕੀਤਾ ਤਾਂ ਗਰੀਬੀ ਵੀ ਵਧੇਗੀ। ਪੂਰਕ ਗਰੀਬੀ ਮਾਪ ਵਿੱਚ ਭੋਜਨ, ਬੱਚਿਆਂ ਦੀ ਦੇਖਭਾਲ, ਡਾਕਟਰੀ ਅਤੇ ਹੋਰ ਖਰਚੇ ਸ਼ਾਮਲ ਹਨ। ਇਸ ਅਨੁਸਾਰ 2026 ਵਿੱਚ ਗਰੀਬੀ ਦਰ 12 ਤੋਂ 12.2% ਤੱਕ ਵਧ ਜਾਵੇਗੀ।

ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਟੈਰਿਫ਼ ਅਤੇ ਇਸ ਨਾਲ ਜੁੜੀਆਂ ਕੀਮਤਾਂ ਵਿੱਚ ਵਾਧੇ ਦਾ ਘੱਟ ਆਮਦਨ ਵਾਲੇ ਪਰਿਵਾਰਾਂ 'ਤੇ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ। ਘੱਟ ਅਮੀਰ ਪਰਿਵਾਰ ਆਪਣੀ ਆਮਦਨ ਦਾ ਵੱਡਾ ਹਿੱਸਾ ਉੱਚ-ਆਮਦਨ ਵਾਲੇ ਪਰਿਵਾਰਾਂ ਨਾਲੋਂ ਰਹਿਣ-ਸਹਿਣ ਦੇ ਖਰਚਿਆਂ 'ਤੇ ਖਰਚ ਕਰਦੇ ਹਨ, ਜਿਸਦਾ ਮਤਲਬ ਹੈ ਕਿ ਉਹ ਕੀਮਤਾਂ ਵਿੱਚ ਬਦਲਾਅ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ। ਘੱਟ ਆਮਦਨ ਵਾਲੇ ਪਰਿਵਾਰ ਅਕਸਰ ਉੱਚ-ਆਮਦਨ ਵਾਲੇ ਪਰਿਵਾਰਾਂ ਨਾਲੋਂ ਜ਼ਿਆਦਾ ਆਯਾਤ ਕੀਤੇ ਉਤਪਾਦ ਖਰੀਦਦੇ ਹਨ, ਜੋ ਉਨ੍ਹਾਂ ਨੂੰ ਟੈਰਿਫ਼ ਵਾਧੇ ਤੋਂ ਸਭ ਤੋਂ ਵੱਧ ਪ੍ਰਭਾਵਿਤ ਕਰੇਗਾ।

### ਇਸ ਤਰ੍ਹਾਂ ਟਰੰਪ ਟੈਰਿਫ਼ ਨੂੰ ਹਟਾਇਆ ਜਾ ਸਕਦਾ ਹੈ

ਵਿਦਿਆਰਥੀ ਖੋਜਕਰਤਾਵਾਂ ਦਾ ਮੰਨਣਾ ਹੈ ਕਿ ਟਰੰਪ ਦੁਆਰਾ ਲਗਾਏ ਗਏ ਜ਼ਿਆਦਾਤਰ ਟੈਰਿਫ਼ ਅਜੇ ਵੀ ਕਾਨੂੰਨੀ ਤੌਰ 'ਤੇ ਅੜਿੱਕੇ ਵਿੱਚ ਹਨ। ਅਮਰੀਕੀ ਸੁਪਰੀਮ ਕੋਰਟ ਟਰੰਪ ਦੇ ਗਲੋਬਲ ਟੈਰਿਫ਼ 'ਤੇ ਬਹਿਸ ਸੁਣਨ ਲਈ ਸਹਿਮਤ ਹੋ ਗਈ ਹੈ। ਇਸ ਦੇ ਨਾਲ, ਟਰੰਪ ਨੂੰ ਉਮੀਦ ਹੈ ਕਿ ਜੱਜ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਉਲਟਾ ਦੇਣਗੇ ਜਿਸ ਵਿੱਚ ਦੇਸ਼ਾਂ ਵਿਰੁੱਧ ਲਗਾਏ ਗਏ ਟੈਰਿਫ਼ਾਂ ਨੂੰ ਰੱਦ ਕਰ ਦਿੱਤਾ ਗਿਆ ਸੀ। (ਬਾਕੀ ਸਫ਼ਾ 27 'ਤੇ)

# ਕਦੋਂ ਤੱਕ ਨਸਲੀ ਹਿੰਸਾ ਦਾ ਸ਼ਿਕਾਰ ਹੋਣਗੇ ਪਰਵਾਸੀ ਸਿੱਖ

## ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਨਸਲੀ ਹਿੰਸਾ ਦਾ ਸ਼ਿਕਾਰ ਕਿਉਂ ?

## ਦੁਨੀਆ 'ਚ ਸਿੱਖਾਂ ਦੀ ਪਹਿਚਾਣ ਦਰਸਾਉਣ ਲਈ ਪ੍ਰਚਾਰ ਦੀ ਲੋੜ










**ਜਗਮੋਹਨ ਸਿੰਘ 'ਲੱਕੀ'**



**ਸਿੱਖ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹਨ। ਦੁਨੀਆ ਦੇ ਕਿਸੇ ਵੀ ਇਲਾਕੇ ਵਿੱਚ ਜਦੋਂ ਵੀ ਕੋਈ ਕੁਦਰਤੀ ਬਿਪਤਾ ਆਉਂਦੀ ਹੈ, ਜਾਂ ਮਨੁੱਖ ਵੱਲੋਂ ਸਹੇੜੀ ਕੋਈ ਜੰਗ ਲੱਗਦੀ ਹੈ ਤਾਂ ਉਥੇ ਸਿੱਖ ਪਹੁੰਚ ਕੇ ਖਾਣ ਪੀਣ ਦੇ ਸਮਾਨ ਅਤੇ ਜ਼ਰੂਰੀ ਦਵਾਈਆਂ, ਕੱਪੜਿਆਂ ਅਤੇ ਜ਼ਰੂਰੀ ਲੋੜ ਦੀਆਂ ਵਸਤੂਆਂ ਦਾ ਲੰਗਰ ਲਗਾਉਂਦੇ ਹਨ। ਵੱਡੇ ਦੁੱਖ ਦੀ ਗੱਲ ਹੈ ਕਿ ਸਾਰੀ ਲੋਕਾਈ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਨੂੰ ਵਿਸ਼ਵ ਦੇ ਵਿਕਸਤ ਮੁਲਕਾਂ ਵਿੱਚ ਵੀ ਨਸਲੀ ਵਿਤਕਰੇ ਅਤੇ ਨਸਲੀ ਹਿੰਸਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਜੋ ਕਿ ਇਹਨਾਂ ਵਿਕਸਤ ਮੁਲਕਾਂ ਦੇ ਮੱਥੇ 'ਤੇ ਕਲੰਕ ਹੈ।**

ਬ੍ਰਿਟੇਨ ਦੇ ਓਲਡਬਰੀ ਸ਼ਹਿਰ 'ਚ ਇੱਕ 20 ਸਾਲਾ ਸਿੱਖ ਲੜਕੀ ਨਾਲ ਦੋ ਗੋਰਿਆਂ ਵੱਲੋਂ ਬਦਸਲੂਕੀ, ਜਬਰ ਜਨਾਹ ਕਰਨ ਅਤੇ ਉਸ ਨੂੰ ਨਸਲੀ ਟਿੱਪਣੀਆਂ ਕਰਦਿਆਂ ਆਪਣੇ ਦੇਸ਼ ਵਾਪਸ ਜਾਣ ਦੀ ਧਮਕੀ ਦੇਣ ਦੀ ਖ਼ਬਰ ਨੇ ਪੂਰੀ ਦੁਨੀਆ ਵਿੱਚ ਰਹਿੰਦੇ ਸਿੱਖ ਭਾਈਚਾਰੇ ਦੇ ਹਿਰਦੇ ਵਲੂੰਧਰ ਦਿੱਤੇ ਹਨ, ਇਸ ਘਟਨਾ ਤੋਂ ਬਾਅਦ ਬ੍ਰਿਟੇਨ ਵਿੱਚ ਰਹਿੰਦੇ ਸਿੱਖਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਰਹੀ ਹੈ। ਇਸ ਘਟਨਾ ਕਾਰਨ ਪੂਰੀ ਦੁਨੀਆ 'ਚ ਵਸਦੇ ਸਿੱਖ ਭਾਈਚਾਰੇ 'ਚ ਰੋਸ ਦੀ ਲਹਿਰ ਫੈਲ ਗਈ ਹੈ।

ਬ੍ਰਿਟੇਨ ਦੇ ਜਨਗਣਨਾ ਅੰਕੜਿਆਂ ਅਨੁਸਾਰ ਬ੍ਰਿਟੇਨ ਵਿੱਚ 4 ਲੱਖ 30 ਹਜ਼ਾਰ ਤੋਂ ਵੱਧ ਸਿੱਖ ਰਹਿੰਦੇ ਹਨ। ਬ੍ਰਿਟੇਨ 'ਚ 2001 ਦੀ ਮਰਦਮਸ਼ੁਮਾਰੀ ਦੌਰਾਨ ਸਿੱਖ ਭਾਈਚਾਰੇ ਨੂੰ ਇੱਕ ਵੱਖਰੇ ਧਰਮ ਵਜੋਂ ਮਾਨਤਾ ਦਿੱਤੀ ਗਈ ਸੀ। ਸਿੱਖਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਬ੍ਰਿਟੇਨ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ ਅਤੇ ਬ੍ਰਿਟੇਨ ਵਿੱਚ ਅਨੇਕਾਂ ਸਿੱਖ ਉੱਚ ਅਹੁਦਿਆਂ 'ਤੇ ਵੀ ਬਿਰਾਜਮਾਨ ਹਨ। ਬ੍ਰਿਟੇਨ ਨੂੰ ਵਿਕਸਤ ਮੁਲਕ ਹੋਣ ਦਾ ਮਾਣ ਪ੍ਰਾਪਤ ਹੈ, ਪਰ ਇਸ ਦੇ ਬਾਵਜੂਦ ਉਥੇ ਸਿੱਖ ਲੜਕੀ ਨਾਲ ਨਸਲੀ ਹਿੰਸਾ ਹੋਣ ਦੀ ਘਟਨਾ ਨੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਭਾਵੇਂ ਵਿਦੇਸ਼ਾਂ ਵਿੱਚ ਨਸਲੀ ਵਿਤਕਰੇ ਸਾਰੀਆਂ ਕੌਮਾਂ ਨਾਲ ਹੁੰਦੇ ਰਹਿੰਦੇ ਹਨ ਪਰ ਇਸ ਸਮੇਂ ਸਿੱਖਾਂ ਨੂੰ ਟਾਰਗੇਟ ਕੀਤਾ ਜਾ ਰਿਹਾ ਹੈ। ਵਿਦੇਸ਼ਾਂ ਵਿੱਚ ਸਿੱਖਾਂ ਨਾਲ ਨਸਲੀ ਵਿਤਕਰੇ ਜਾਂ ਨਸਲੀ ਹਿੰਸਕ ਘਟਨਾਵਾਂ ਦੀ ਇਹ ਪਹਿਲੀ ਘਟਨਾ ਨਹੀਂ ਹੈ, ਸਗੋਂ ਇਸ ਤੋਂ ਪਹਿਲਾਂ ਵੀ ਵੱਖ ਵੱਖ ਮੁਲਕਾਂ 'ਚ ਸਿੱਖਾਂ ਨਾਲ ਨਸਲੀ ਵਿਤਕਰੇ ਅਤੇ ਨਸਲੀ ਹਿੰਸਾ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਅਜੇ ਕੁਝ ਦਿਨ ਪਹਿਲਾਂ ਦੀ ਗੱਲ ਹੈ ਕਿ ਦੋ ਸਿੱਖ ਵਿਅਕਤੀਆਂ ਦੀ ਲੰਡਨ ਵਿੱਚ ਗੋਰੇ ਲੋਕਾਂ ਵੱਲੋਂ ਕੁੱਟਮਾਰ ਕਰ ਦਿੱਤੀ ਗਈ ਸੀ ਅਤੇ ਇੱਕ ਸਿੱਖ ਦੀ ਦਸਤਾਰ ਵੀ ਉਤਾਰ ਦਿਤੀ ਗਈ ਸੀ। ਉਸ ਸਮੇਂ ਗੋਰੀਆਂ ਮਹਿਲਾਵਾਂ ਨੇ ਹੀ ਇਹਨਾਂ ਸਿੱਖ ਵਿਅਕਤੀਆਂ ਨੂੰ ਹਮਲਾਵਰਾਂ ਤੋਂ ਬਚਾਇਆ ਸੀ ਅਤੇ ਘਟਨਾ ਦੀ ਵੀਡੀਓ ਬਣਾ ਲਈ ਸੀ, ਜੋ ਕਿ ਪੂਰੀ ਦੁਨੀਆ 'ਚ ਵਾਇਰਲ ਹੋ ਗਈ ਸੀ। ਕੁਝ ਸਾਲ ਪਹਿਲਾਂ ਵਿਸ਼ਵ ਦੀ ਮਹਾਂ ਸ਼ਕਤੀ ਮੰਨੇ ਜਾਂਦੇ ਅਮਰੀਕਾ ਦੇ ਓਹਾਇਓ ਸੂਬੇ ਦੇ ਕਬਬੇ ਵੈਸਟ ਚੈਸਟਰ ਵਿੱਚ ਰਹਿੰਦੇ ਇੱਕ ਸਿੱਖ ਪਰਿਵਾਰ ਦੇ ਚਾਰ ਮੈਂਬਰਾਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਤੋਂ ਕੁਝ ਮਹੀਨੇ ਪਹਿਲਾਂ ਅਮਰੀਕਾ ਦੇ ਓਰੇਗਨ ਸੂਬੇ ਦੇ ਸਟੋਰ ਵਿੱਚ ਕੰਮ ਕਰਦੇ ਇੱਕ ਸਿੱਖ ਵਿਅਕਤੀ ਉਪਰ ਗੋਰੇ ਵਿਅਕਤੀ ਵੱਲੋਂ ਹਮਲਾ ਕਰਕੇ, ਉਸ ਦੀ ਦਾੜ੍ਹੀ ਦੇ ਵਾਲ ਖਿੱਚਣ ਅਤੇ ਢਾਹ ਕੇ ਕੁੱਟਣ ਤੇ ਦਸਤਾਰ ਖੋਹਣ ਦਾ ਯਤਨ ਕੀਤਾ ਗਿਆ ਸੀ।



ਇਸੇ ਦੌਰਾਨ ਸਿੱਖ ਭਾਈਚਾਰੇ ਦੇ ਸੈਂਕੜੇ ਲੋਕ ਬ੍ਰਿਟੇਨ ਦੇ ਸਮੇਥਵਿਕ ਦੇ ਗੁਰੂ ਨਾਨਕ ਗੁਰਦੁਆਰੇ ਵਿੱਚ ਇਕੱਠੇ ਹੋਏ, ਜਿੱਥੇ ਉਨ੍ਹਾਂ ਨੇ ਅਰਦਾਸ ਕੀਤੀ ਅਤੇ ਪੀੜਤ ਸਿੱਖ ਲੜਕੀ ਨੂੰ ਆਪਣਾ ਸਮਰਥਨ ਦਿੱਤਾ। ਇਸ ਤੋਂ ਬਾਅਦ ਉਹ ਘਟਨਾ ਵਾਲੀ ਥਾਂ 'ਤੇ ਗਏ। ਸਿੱਖ ਯੂਥ ਯੂ.ਕੇ., ਵਰਲਡ ਸਿੱਖ ਪਾਰਲੀਮੈਂਟ ਅਤੇ ਸਿੱਖ ਫੈਡਰੇਸ਼ਨ ਯੂ.ਕੇ. ਨੇ ਪੀੜਤ ਸਿੱਖ ਲੜਕੀ ਅਤੇ ਉਸ ਦੇ ਪਰਿਵਾਰ ਨੂੰ ਸਹਾਇਤਾ ਦਾ ਵਾਅਦਾ ਕੀਤਾ।

ਬਰਮਿੰਘਮ ਵਿਚ ਸਿੱਖਾਂ ਵੱਲੋਂ ਬੀਤੇ ਦਿਨੀ ਸਿੱਖ ਲੜਕੀ ਨਾਲ ਜਬਰ ਜਨਾਹ ਅਤੇ ਨਸਲੀ ਹਮਲੇ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ ਕੀਤਾ ਗਿਆ। ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤਾਂ ਵੱਲੋਂ ਕੱਢੇ ਗਏ ਇਸ ਰੋਸ ਪ੍ਰਦਰਸ਼ਨ ਵਿਚ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰੇ ਦੇ ਲੋਕ ਸ਼ਾਮਲ ਸਨ। ਗੁਰੂ ਨਾਨਕ ਗੁਰਦੁਆਰਾ ਸਾਹਿਬ ਤੋਂ ਘਟਨਾ ਸਥਾਨ ਤੱਕ ਭਾਰੀ ਮੀਂਹ ਦੌਰਾਨ ਵੀ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਪ੍ਰਧਾਨ ਜਤਿੰਦਰ ਸਿੰਘ ਬਾਸੀ, ਸਾਬਕਾ ਪ੍ਰਧਾਨ ਕੁਲਦੀਪ ਸਿੰਘ ਦਿਓਲ, ਨਰਿੰਦਰਜੀਤ ਸਿੰਘ, ਸੰਗਤ ਸਿੰਘ ਆਦਿ ਨੇ ਕਿਹਾ ਕਿ ਇਹ ਨਸਲੀ ਨਫ਼ਰਤ ਅਤੇ ਜਿਨਸੀ ਹਿੰਸਾ ਇੱਕ ਘਿਨਾਉਣਾ ਕੰਮ ਸੀ। ਬਰਮਿੰਘਮ ਐਡਗਬੈਸਟਨ ਦੀ ਐੱਮਪੀ ਪ੍ਰੀਤ ਕੌਰ ਗਿੱਲ ਨੇ ਐੱਕਸ 'ਤੇ ਲਿਖਿਆ ਕਿ ਮੈਂ ਓਲਡਬਰੀ ਵਿੱਚ ਸਿੱਖ ਕੁੜੀ 'ਤੇ ਹੋਏ ਹਮਲੇ ਨਾਲ ਹਕੀ ਬੱਕੀ ਰਹਿ ਗਈ ਹਾਂ। ਇਹ ਨਾ ਸਿਰਫ਼ ਹਿੰਸਾ ਹੈ, ਸਗੋਂ ਨਸਲੀ ਹਮਲਾ ਵੀ ਹੈ।

ਸਮੇਥਵਿਕ ਦੇ ਐੱਮਪੀ ਗੁਰਿੰਦਰ ਸਿੰਘ ਜੋਸਨ ਤੇ ਵੈਸਟ ਬ੍ਰੋਮਿਚ ਦੀ ਐੱਮਪੀ ਸਾਰਾ ਕੂਮਬਸ ਨੇ ਵੱਖੋ ਵੱਖ ਬਿਆਨਾਂ ਵਿੱਚ ਕਿਹਾ ਕਿ ਇਹ ਸੱਚਮੁੱਚ ਹੈਰਾਨ ਕਰਨ ਵਾਲਾ ਨਸਲੀ ਹਮਲਾ ਹੈ, ਜਿਸ ਨੇ ਪੀੜਤ ਨੂੰ ਸਦਮੇ ਵਿੱਚ ਪਾ ਦਿੱਤਾ ਹੈ।

ਓਲਡਬਰੀ ਵਿੱਚ ਸਿੱਖਾਂ ਨੇ ਇੱਕ ਵਿਸ਼ਾਲ ਰੈਲੀ ਵੀ ਕੀਤੀ, ਜਿੱਥੇ ਹਜ਼ਾਰਾਂ ਲੋਕ ਨਸਲਵਾਦ ਵਿਰੁੱਧ ਖੜ੍ਹੇ ਹੋਏ। ਇਹ ਘਟਨਾ ਇੱਕ ਸੁਨੇਹਾ ਹੈ ਕਿ ਬ੍ਰਿਟੇਨ ਵਿੱਚ ਸਭ ਨੂੰ ਬਰਾਬਰੀ ਦਾ ਹੱਕ ਹੋਣਾ ਚਾਹੀਦਾ ਹੈ। ਨਸਲਵਾਦ ਨਹੀਂ ਹੋਣਾ ਚਾਹੀਦਾ। ਦੋਸ਼ੀ ਫੜੇ ਜਾਣੇ ਚਾਹੀਦੇ ਹਨ ਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਮਿਲਣ।

ਇੱਕ ਅੰਦਾਜ਼ੇ ਅਨੁਸਾਰ ਦੁਨੀਆ ਵਿੱਚ ਦੋ ਕਰੋੜ ਸੱਤਰ ਲੱਖ ਲੋਕ ਸਿੱਖ ਧਰਮ ਨੂੰ ਮੰਨਦੇ ਹਨ, ਜਿਨ੍ਹਾਂ ਵਿਚੋਂ 5 ਲੱਖ ਤੋਂ ਵੱਧ ਸਿੱਖ ਇਕੱਲੇ ਅਮਰੀਕਾ ਵਿੱਚ ਹੀ ਰਹਿੰਦੇ ਹਨ। ਬ੍ਰਿਟੇਨ ਵਿੱਚ ਵੀ ਵੱਡੀ ਗਿਣਤੀ ਸਿੱਖ ਰਹਿੰਦੇ ਹਨ ਅਤੇ ਉਥੋਂ ਦੀ ਰਾਜਨੀਤੀ, ਵਪਾਰ ਅਤੇ ਹੋਰ ਖੇਤਰਾਂ ਵਿੱਚ ਸਿੱਖਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਬਹੁਤ ਤਰੱਕੀ ਕੀਤੀ ਹੈ। ਇਸ ਦੇ ਬਾਵਜੂਦ ਬ੍ਰਿਟੇਨ ਵਿੱਚ ਸਿੱਖਾਂ ਨਾਲ ਨਸਲੀ ਵਿਤਕਰੇ ਹੋਣ ਦੀਆਂ ਅਤੇ ਸਿੱਖ ਲੜਕੀ ਨਾਲ ਸਿਰਫ਼ ਇਸ ਕਰਕੇ ਜਬਰ ਜਨਾਹ ਕੀਤਾ ਜਾਣਾ ਕਿ ਉਹ ਉਸ ਦੇਸ਼ ਦੀ ਨਹੀਂ ਹੈ, ਦੀਆਂ ਘਟਨਾਵਾਂ ਬ੍ਰਿਟੇਨ ਦਾ ਕਰੂਰ ਚਿਹਰਾ ਦੁਨੀਆ ਸਾਹਮਣੇ ਲਿਆਉਂਦੀਆਂ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕਦੋਂ ਤੱਕ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦੇ ਰਹਿਣਗੇ ? ਕਦੋਂ ਤੱਕ ਵਿਦੇਸ਼ਾਂ ਵਿੱਚ ਸਿੱਖਾਂ ਖ਼ਿਲਾਫ਼ ਵਹਿਸ਼ੀ ਤੇ ਹਿੰਸਕ ਕਾਰੇ ਹੁੰਦੇ ਰਹਿਣਗੇ ? ਕਦੋਂ ਵਿਦੇਸ਼ਾਂ ਵਿੱਚ ਸਿੱਖਾਂ ਦੀ ਸੁਰਖਿਆ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ ? ਇਸ ਸਵਾਲ ਦੇ ਜਵਾਬ ਵਿੱਚ ਇਹ ਗੱਲ ਕਹੀ ਜਾ ਸਕਦੀ ਹੈ, ਕਿ ਵਿਦੇਸ਼ਾਂ ਵਿੱਚ ਅਜੇ ਵੀ ਸਿੱਖ ਧਰਮ ਬਾਰੇ ਦੂਜੇ ਲੋਕਾਂ ਨੂੰ ਉੱਨੀ ਜਾਣਕਾਰੀ ਨਹੀਂ ਦਿੱਤੀ ਜਾ ਸਕੀ, ਜੋ ਕਿ ਦੇਣੀ ਜ਼ਰੂਰੀ ਸੀ। ਅਸਲ ਵਿੱਚ ਲੋੜ ਤਾਂ ਇਸ ਗੱਲ ਦੀ ਹੈ ਕਿ ਸਿੱਖ ਦੁਨੀਆ ਭਰ ਵਿੱਚ ਆਪਣੀ ਵੱਖਰੀ ਪਹਿਚਾਣ ਕਰਵਾਉਣ ਲਈ ਸੁਚੇਤ ਹੋਣ ਤੇ ਇਕੱਠੇ ਹੋ ਕੇ ਸਭ ਧਾਰਮਿਕ ਤੇ ਰਾਜਸੀ ਜਥੇਬੰਦੀਆਂ ਦੁਨੀਆ ਭਰ ਵਿੱਚ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਤਾਂ ਕਿ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਨਸਲੀ ਤੇ ਹਿੰਸਕ ਹਮਲਿਆਂ ਦਾ ਸ਼ਿਕਾਰ ਹੋਣ ਤੋਂ ਬੱਚ ਸਕਣ। ਦੂਜੇ ਮੁਲਕਾਂ ਨੂੰ ਸ਼ਾਂਤੀ ਦਾ ਪਾਠ ਪੜ੍ਹਾਉਣ ਵਾਲੇ ਮੁਲਕ ਬ੍ਰਿਟੇਨ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਮੁਲਕ ਅੰਦਰ ਹੀ ਪਰਵਾਸੀ ਸਿੱਖਾਂ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਤਾਂ ਕਿ ਸਿੱਖ ਨਸਲੀ ਹਮਲਿਆਂ ਦੇ ਸ਼ਿਕਾਰ ਹੋਣ ਤੋਂ ਬੱਚ ਸਕਣ।






## ਨਸਲੀ ਹਮਲਿਆਂ ਨੂੰ ਰੋਕਣ ਲਈ ਸਰਕਾਰਾਂ ਸੰਜੀਦਗੀ ਨਾਲ ਕੰਮ ਕਰਨ: ਐਡਵੋਕੇਟ ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਇੰਗਲੈਂਡ ਵਿੱਚ ਬਰਮਿੰਘਮ ਦੇ ਓਲਡਰਬੀ ਇਲਾਕੇ 'ਚ ਸਿੱਖ ਲੜਕੀ 'ਤੇ ਕੀਤੇ ਨਸਲੀ ਹਮਲੇ ਅਤੇ ਜਬਰ ਜਨਾਹ ਦੀ ਨਿੰਦਾ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਮਨੁੱਖਤਾ ਲਈ ਸ਼ਰਮਨਾਕ ਕਰਾਰ ਦਿੱਤਾ ਹੈ।



ਐਡਵੋਕੇਟ ਧਾਮੀ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨਾ ਸਿਰਫ਼ ਪੀੜਤਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਬਲਕਿ ਪੂਰੇ ਭਾਈਚਾਰੇ ਵਿੱਚ ਵੀ ਡਰ ਦਾ ਮਾਹੌਲ ਸਿਰਜਦੀਆਂ ਹਨ ਉਨ੍ਹਾਂ ਕਿਹਾ ਕਿ ਵਿਦੇਸ਼ਾਂ ਅੰਦਰ ਲਗਾਤਾਰ ਹੋ ਰਹੇ ਨਸਲੀ ਹਮਲਿਆਂ ਨੂੰ ਰੋਕਣ ਲਈ ਸਰਕਾਰਾਂ ਨੂੰ ਸੰਜੀਦਗੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਯੂ.ਕੇ. ਅਤੇ ਹੋਰ ਦੇਸ਼ਾਂ ਵਿੱਚ ਘਟਗਿਣਤੀ ਭਾਈਚਾਰਿਆਂ ਵਿਰੁੱਧ ਨਫ਼ਰਤੀ ਅਪਰਾਧਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਉਨ੍ਹਾਂ ਇਸ ਮਾਮਲੇ ਵਿੱਚ ਸ਼ਾਮਲ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇ ਕੇ ਪੀੜਤ ਲੜਕੀ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ।

ਐਡਵੋਕੇਟ ਧਾਮੀ ਨੇ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਨੂੰ ਵੀ ਇਹ ਮਾਮਲਾ ਯੂ.ਕੇ. ਦੀ ਸਰਕਾਰ ਕੋਲ ਉਠਾਉਣ ਅਤੇ ਉਥੇ ਵੱਸਦੇ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਕਿਹਾ।

ਉਨ੍ਹਾਂ ਨੇ ਸਮੂਹ ਸਿੱਖ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਇਕਜੁਟਤਾ ਨਾਲ ਅਜਿਹੇ ਅਪਰਾਧਾਂ ਵਿਰੁੱਧ ਆਵਾਜ਼ ਉਠਾ ਕੇ ਨਫ਼ਰਤ ਫ਼ੈਲਾਉਣ ਵਾਲੀਆਂ ਤਾਕਤਾਂ ਨੂੰ ਨਾਕਾਮ ਕੀਤਾ ਜਾਵੇ।

# ਰੋਚੈਸਟਰ ਹਿਲਜ਼ ਗੁਰਦੁਆਰਾ ਡੀਟਰੋਏਟ, ਮਿਸ਼ੀਗਨ ਵਿਖੇ ਗੁਰਮਤਿ ਸਿਮਪੋਜ਼ੀਅਮ ਦਾ ਆਯੋਜਨ









ਡੀਟਰੋਏਟ, ਮਿਸ਼ੀਗਨ/ਏ.ਟੀ.ਨਿਊਜ਼: ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਸ਼ਹਿਰ ਡੀਟਰੋਏਟ ਸਥਿਤ ਰੋਚੈਸਟਰ ਹਿਲਜ਼ ਗੁਰਦੁਆਰਾ ਸਾਹਿਬ ਵਿਖੇ ਦੋ ਦਿਨਾਂ ਤੀਸਰਾ ਸਲਾਨਾ ਗੁਰਮਤਿ ਸਿਮਪੋਜ਼ੀਅਮ ਕਰਵਾਇਆ ਗਿਆ, ਜਿਸ ਵਿੱਚ 6 ਤੋਂ 24 ਸਾਲ ਦੇ ਬੱਚਿਆਂ ਅਤੇ ਨੌਜਵਾਨਾਂ ਨੇ ਗੁਰਬਾਣੀ ਕੀਰਤਨ, ਤਬਲਾ, ਗਤਕੇ ਦੇ ਮੁਕਾਬਲਿਆਂ 'ਚ ਭਾਗ ਲਿਆ। ਇਹਨਾਂ ਨੂੰ ਉਮਰ ਅਨੁਸਾਰ ਚਾਰ ਗਰੁੱਪਾਂ ਵਿੱਚ ਵੰਡਿਆ ਗਿਆ ਸੀ। ਇਸ ਸਿਮਪੋਜ਼ੀਅਮ 'ਚ ਅਮਰੀਕਾ ਦੇ ਸੂਬੇ ਮਿਸੀਗਨ, ਓਹਾਇਓ ਅਤੇ ਕੈਨੇਡਾ ਦੇ ਸ਼ਹਿਰ ਵਿੰਡਸਰ ਤੋਂ ਲਗਭਗ 125 ਬੱਚਿਆਂ ਨੇ ਭਾਗ ਲਿਆ। ਇਹਨਾਂ ਬੱਚਿਆਂ ਦੇ ਵੱਖ-ਵੱਖ ਕੀਰਤਨ ਜੱਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਉਹਨਾਂ ਨੇ ਤਬਲਾ ਹਰਮੋਨੀਅਮ ਦੇ ਨਾਲ- ਨਾਲ ਦਿਲਰੂਬਾ ਵਰਗੇ ਪੁਰਾਤਨ ਸਾਜ਼ਾਂ ਰਾਹੀਂ ਗੁਰਬਾਣੀ ਕੀਰਤਨ ਗਾਇਨ ਕੀਤਾ। ਤਬਲੇ 'ਚ ਵੀ ਵੱਡੀ ਗਿਣਤੀ ਬੱਚਿਆਂ ਅਤੇ ਨੌਜਵਾਨਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਦੇ ਨਾਲ ਗਤਕੇ ਦੇ ਵੀ ਮੁਕਾਬਲੇ ਕਰਵਾਏ ਗਏ।

ਇਸ ਸਿਮਪੋਜ਼ੀਅਮ ਦੇ ਪ੍ਰਬੰਧਕ ਭਾਈ ਸੁਰਜੀਤ ਸਿੰਘ ਨੇ ਦੱਸਿਆ ਕਿ ਬੱਚਿਆਂ ਵੱਲੋਂ ਨਿਰਧਾਰਤ ਰਾਗਾਂ ਦੇ ਵਿੱਚ ਕੀਰਤਨ ਗਾਇਨ ਕੀਤਾ ਗਿਆ। ਉਹਨਾਂ ਕਿਹਾ ਕਿ ਰਾਗਾਂ ਦੇ ਵਿੱਚ ਕੀਰਤਨ ਕਰਨ ਦੇ ਵਿਰਸੇ ਨੂੰ ਇਹਨਾਂ ਬੱਚਿਆਂ ਵੱਲੋਂ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ। ਉਹਨਾਂ ਨੇ ਭਾਗ ਲੈਣ ਬੱਚਿਆਂ, ਪਰਿਵਾਰਾਂ, ਸੰਗਤ, ਜੱਜਾਂ ਸਣੇ ਸਾਰੇ ਸੇਵਾਦਾਰਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਜਿਸ ਸਦਕਾ ਇਹ ਦੋ ਦਿਨਾਂ ਸਮਾਗਮਾਂ ਦਾ ਆਯੋਜਨ ਸੰਭਵ ਹੋਇਆ। ਸੰਗਤ ਨੇ ਵੀ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ।ਪ੍ਰਬੰਧਕਾਂ ਵੱਲੋਂ ਇਸ ਸਿਮਪੋਜ਼ੀਅਮ 'ਚ ਭਾਗ ਲੈਣ ਵਾਲਿਆਂ ਨੂੰ ਮੈਡਲ ਅਤੇ ਹੋਰ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਗੁਰੂ ਕੇ ਲੰਗਰ ਦੀ ਸੇਵਾ ਵੀ ਦੋਨੋਂ ਦਿਨ ਸੰਗਤ ਵੱਲੋਂ ਕੀਤੀ ਗਈ।

# ਨਿਊਯਾਰਕ ਵਿੱਚ ਮਾਰੇ ਛਾਪੇ ਦੌਰਾਨ 57 ਲੋਕਾਂ ਨੂੰ ਹਿਰਾਸਤ ਵਿੱਚ ਲਿਆ

## ਗ਼ੈਰ ਕਾਨੂੰਨੀ ਲੋਕਾਂ ਨੂੰ ਨੌਕਰੀਆਂ ਦੇਣ ਵਾਲਿਆਂ ਵਿਰੁੱਧ ਹੋਵੇਗੀ ਕਾਨੂੰਨੀ ਕਾਰਵਾਈ: ਅਟਾਰਨੀ ਜਨਰਲ




ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਪਸਟੇਟ ਨਿਊ ਯਾਰਕ ਸਨੈਕ ਬਾਰ ਪਲਾਂਟ ਵਿੱਚ ਇਮੀਗ੍ਰੇਸ਼ਨ ਵਿਭਾਗ ਵੱਲੋਂ ਮਾਰੇ ਛਾਪੇ ਦੌਰਾਨ 57 ਕਾਮਿਆਂ ਨੂੰ ਹਿਰਾਸਤ ਵਿੱਚ ਲੈ ਲੈਣ ਦੀ ਖ਼ਬਰ ਹੈ। ਇਹ ਜਾਣਕਾਰੀ ਸੰਘੀ ਵਕੀਲ ਨੇ ਦਿੰਦਿਆਂ ਮਾਲਕਾਂ ਨੂੰ ਹੋਰ ਛਾਪੇ ਮਾਰਨ ਦੀ ਚਿਤਾਵਨੀ ਦਿੱਤੀ ਹੈ। ਜੌਹਨ ਸਰਕੋਨ ਕਾਰਜਕਾਰੀ ਯੂ ਐਸ ਅਟਾਰਨੀ ਉੱਤਰੀ ਨਿਊ ਯਾਰਕ ਨੇ ਕਿਹਾ ਹੈ ਕਿ ਦਿਹਾਤੀ ਕਾਟੋ ਵਿੱਚ ਮਾਰੇ ਛਾਪੇ ਦੌਰਾਨ 5 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਜਿਨ੍ਹਾਂ ਵਿਰੁੱਧ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੇ ਅਪਰਾਧਿਕ ਦੋਸ਼ ਲਾਏ ਗਏ ਹਨ ਜਦ ਕਿ ਬਾਕੀ ਗ੍ਰਿਫਤਾਰ 52 ਲੋਕਾਂ ਵਿਰੁੱਧ ਦੇਸ਼ ਨਿਕਾਲੇ ਦੀ ਪ੍ਰਕ੍ਰਿਆ ਚੱਲ ਰਹੀ ਹੈ। ਐਡਵੋਕੇਸੀ ਗਰੁੱਪ ਰੂਰਲ ਐਂਡ ਮਾਈਗਰਾਂਟ ਮਨਿਸਟਰੀ ਨੇ ਕਿਹਾ ਹੈ ਕਿ ਨਿਊਟਰੀਸ਼ਨ ਬਾਰ ਕੋਨਫੈਕਸ਼ਨਰਜ ਪਲਾਂਟ ਤੋਂ ਗ੍ਰਿਫ਼ਤਾਰ ਕੀਤੇ ਗਏ ਜਿਆਦਾਤਰ ਲੋਕ ਗੁਆਟੇਮਾਲਾ ਤੋਂ ਹਨ। ਸਰਕੋਨ ਨੇ ਕਿਹਾ ਹੈ ਕਿ ਜਿਨ੍ਹਾਂ ਮਾਲਕਾਂ ਨੇ ਬਿਨਾਂ ਕਿਸੇ ਪ੍ਰਵਾਨਗੀ ਦੇ ਗੈਰ ਨਾਗਰਿਕਾਂ ਨੂੰ ਨੌਕਰੀਆਂ ਦੇ ਕੇ ਦੇਸ਼ ਦੇ ਕਾਨੂੰਨ ਦੀ ਉਲੰਘਣਾ ਕੀਤੀ ਹੈ, ਵਿਰੁੱਧ ਸਖਤੀ ਨਾਲ ਅਪਰਾਧਿਕ ਜਾਂਚ ਹੋਵੇਗੀ। ਉਨਾਂ ਨੂੰ ਸਿੱਟੇ ਭੁਗਤਣੇ ਪੈਣਗੇ। ਸਰਕੋਨ ਨੇ ਕਿਹਾ ਕਿ ਅੱਖਾਂ ਬੰਦ ਕਰਕੇ ਚੱਲਣ ਦੇ ਪੁਰਾਣੇ ਦਿਨ ਖਤਮ ਹੋ ਗਏ ਹਨ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਜਾਰਜੀਆ ਵਿੱਚ ਕੋਰੀਅਨ ਆਟੋ ਨਿਰਮਾਤਾ ਹੁੰਡਾਈ ਦੀ ਨਿਰਮਾਣ ਇਕਾਈ 'ਤੇ ਇਮੀਗਰੇਸ਼ਨ ਵਿਭਾਗ ਵੱਲੋਂ ਮਾਰੇ ਛਾਪੇ ਦੌਰਾਨ 475 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ।

# ਡੇਟਨ, ਓਹਾਇਓ ਦੇ ਸਿੱਖਾਂ ਨੇ ਅਮਰੀਕਾ 'ਤੇ ਹਮਲੇ ਦੇ ਯਾਦਗਾਰੀ ਸਮਾਰੋਹ 'ਚ ਕੀਤੀ ਸ਼ਮੂਲੀਅਤ

ਡੇਟਨ/ਏ.ਟੀ.ਨਿਊਜ਼: ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਨੇ ਸੈਂਕੜੇ ਹੋਰ ਸਥਾਨਕ ਅਮਰੀਕਨਾਂ ਨਾਲ 11 ਸਤੰਬਰ, 2001 ਨੂੰ ਨਿਉਯਾਰਕ ਵਿਖੇ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਅਤੇ ਪੈਂਟਾਗਨ 'ਤੇ ਹੋਏ ਅੱਤਵਾਦੀ ਹਮਲਿਆਂ ਦੀ 24ਵੀਂ ਵਰ੍ਹੇਗੰਢ ਸੰਬੰਧੀ ਬੀਵਰਕ੍ਰੀਕ ਸ਼ਹਿਰ ਦੇ 9/11 ਮੈਮੋਰੀਅਲ ਵਿਖੇ ਸ਼ਰਧਾਂਜਲੀ ਦਿੱਤੀ। ਇਹ ਸਲਾਨਾ ਯਾਦਗਾਰੀ ਸਮਾਗਮ ਸ਼ਹਿਰ ਦੇ ਪੁਲਿਸ ਅਤੇ ਫਾਇਰ ਵਿਭਾਗ ਵੱਲੋਂ ਆਯੋਜਿਤ ਕੀਤਾ ਗਿਆ ਸੀ, ਜੋ ਵਰਲਡ ਟਰੇਡ ਸੈਂਟਰ ਵਿਖੇ ਮਾਰੇ ਗਏ 2600 ਤੋਂ ਵੱਧ ਲੋਕਾਂ, ਪੈਂਟਾਗਨ ਵਿੱਚ 184 ਅਤੇ ਪੈਨਸਿਲਵੇਨੀਆ ਵਿੱਚ ਜਹਾਜ਼ ਦੀ ਦੁਰਘਟਨਾ ਦੇ 40 ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

ਸਮਾਰੋਹ ਵਿੱਚ ਝੰਡਾ ਨੀਵਾਂ ਕੀਤਾ ਗਿਆ, ਫ਼ੌਜ ਦੇ ਜਵਾਨਾਂ ਵਲੋਂ ਫੁੱਲ ਚੜ੍ਹਾਏ ਗਏ, ਰਾਸ਼ਟਰੀ ਗੀਤ ਗਾਇਆ ਗਿਆ ਅਤੇ ਸਵੇਰ ਦੇ 8:46 ਵਜੇ ਇੱਕ ਰਸਮੀ ਘੰਟੀ ਵਜਾਈ ਗਈ, ਜਦ ਪਹਿਲਾ ਜਹਾਜ਼ ਟਾਵਰ ਨਾਲ ਟਕਰਾਇਆ ਸੀ। ਬੀਵਰਕ੍ਰੀਕ ਦੇ ਮੇਅਰ ਡੋਨ ਐਡਮਜ਼ ਨੇ ਸ਼ਰਧਾਂਜਲੀ ਸੰਦੇਸ਼ ਦਿੱਤਾ।



ਸਮਾਰੋਹ ਵਿੱਚ ਸ਼ਾਮਲ ਹੋਏ ਸਿੱਖ ਭਾਈਚਾਰੇ ਦੇ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਅਸੀਂ ਇਸ ਸਮਾਰੋਹ ਵਿੱਚ ਉਨ੍ਹਾਂ ਸਭਨਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ, ਜਿਨ੍ਹਾਂ ਨੇ ਇਹਨਾਂ ਹਮਲਿਆਂ ਵਿੱਚ ਆਪਣੀ ਜਾਣ ਗੁਆ ਦਿੱਤੀ। ਇਸ ਵਿੱਚ ਪੁਲਿਸ ਅਧਿਕਾਰੀ, ਅੱਗ ਬੁਝਾਊ ਤੇ ਮੈਡੀਕਲ ਸੇਵਾਵਾਂ ਦੇ ਅਮਲੇ ਦੇ ਮੈਂਬਰ ਵੀ ਸ਼ਾਮਲ ਸਨ।

ਇਸ ਸਲਾਨਾ ਯਾਦਗਾਰੀ ਸਮਾਰੋਹ ਦਾ ਆਯੋਜਨ ਬੀਵਰਕ੍ਰੀਕ ਦੇ 9/11 ਮੈਮੋਰੀਅਲ ਵਿਖੇ ਕੀਤਾ ਜਾਂਦਾ ਹੈ ਜਿੱਥੇ ਸਟੀਲ ਦਾ ਇੱਕ 25-ਫੁੱਟ ਉੱਚਾ ਮੁੜਿਆ ਹੋਇਆ ਪਿਲਰ ਸਥਾਪਿਤ ਕੀਤਾ ਗਿਆ ਹੈ, ਜੋ ਹਮਲੇ ਤੋਂ ਪਹਿਲਾਂ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਦੀਆਂ 101ਵੀਂ ਅਤੇ 105ਵੀਂ ਮੰਜ਼ਿਲਾਂ ਦੇ ਵਿਚਕਾਰ ਲੱਗਾ ਹੋਇਆ ਸੀ। ਇਸ ਟੁਕੜੇ ਨੂੰ ਦੋ ਅੱਗ ਬੁਝਾਉ ਦਸਤਿਆਂ ਦੁਆਰਾ ਬੀਵਰਕ੍ਰੀਕ ਵਿੱਚ ਲਿਆਂਦਾ ਗਿਆ ਸੀ ਜੋ ਓਹੀਓ ਟਾਸਕ ਫੋਰਸ ਵਨ ਦਾ ਹਿੱਸਾ ਸਨ ਅਤੇ ਇਹਨਾਂ ਨੇ ਨਿਊਯਾਰਕ ਵਿੱਚ ਗਰਾਊਂਡ ਜ਼ੀਰੋ ਵਿਖੇ ਬਚਾਅ ਕਾਰਜਾਂ ਵਿੱਚ ਸਹਾਇਤਾ ਕੀਤੀ ਸੀ।

ਇਸ ਸਮਾਰੋਹ ਵਿੱਚ ਭਾਗ ਲੈਣ ਵਾਲਿਆਂ ਵਿੱਚ ਸਪਰਿੰਗਫੀਲਡ ਤੋਂ ਸਮਾਜ ਸੇਵੀ ਅਵਤਾਰ ਸਿੰਘ, ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਵੀ ਸ਼ਾਮਲ ਸਨ। ਇਸ ਮੌਕੇ ਹਰ ਸਾਲ ਵਾਂਗ ਸ. ਅਵਤਾਰ ਸਿੰਘ ਮੁੜ ਆਪਣੇ ਵਾਹਣ 'ਤੇ ਅਮਰੀਕੀ ਝੰਡੇ, ਰੀਮੈਂਬਰਿੰਗ 9/11, ਗੋਡ ਬਲੈਸ ਅਮਰੀਕਾ ਆਦਿ ਦੇ ਬੈਨਰ ਲਾ ਕੇ ਪਹੁੰਚੇ ਜਿਸ ਦੀ ਬੀਵਰਕ੍ਰੀਕ ਦੇ ਮੇਅਰ ਡੋਨ ਐਡਮਸ ਅਤੇ ਹੋਰਨਾਂ ਨੇ ਸ਼ਲਾਘਾ ਕੀਤੀ ਅਤੇ ਯਾਦਗਾਰੀ ਤਸਵੀਰਾਂ ਵੀ ਲਈਆਂ। ਹਰ ਸਾਲ ਸਿੱਖ ਭਾਈਚਾਰੇ ਵੱਲੋਂ ਬਲਬੀਰ ਸਿੰਘ ਸੋਢੀ ਨੂੰ ਵੀ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਇਸ ਹਮਲੇ ਤੋਂ ਚਾਰ ਦਿਨ ਬਾਅਦ ਉਹਨਾਂ ਦੇ ਮੀਸਾ, ਐਰੀਜ਼ੋਨਾ ਗੈਸ ਸਟੇਸ਼ਨ ਦੇ ਬਾਹਰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। (ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ 'ਚ ਦੌਲਤਪੁਰ ਵਾਸੀਆਂ ਵੱਲੋਂ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਦੀ ਯਾਦ 'ਚ ਸ਼ਹੀਦੀ ਸਮਾਗਮ

## ਬਬਰ ਅਕਾਲੀਆਂ ਦਾ ਸ਼ਹਾਦਤਾਂ ਦਾ ਗੌਰਵਮਈ ਇਤਿਹਾਸ: ਡਾ. ਗੁਰਵਿੰਦਰ ਸਿੰਘ

ਸਰੀ/ਏ.ਟੀ.ਨਿਊਜ਼: 102 ਸਾਲ ਪਹਿਲਾਂ ਐਬਸਫੋਰਡ, ਕੈਨੇਡਾ ਤੋਂ ਪੰਜਾਬ ਜਾ ਕੇ ਸ਼ਹੀਦ ਹੋਣ ਵਾਲੇ ਮਹਾਨ ਯੋਧੇ ਬਬਰ ਅਕਾਲੀ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ 'ਚੀਫ਼ ਐਡੀਟਰ' 'ਬਬਰ ਅਕਾਲੀ ਲਹਿਰ' ਦੀ ਜਿੰਦ-ਜਾਨ ਸਨ ਅਤੇ ਇਸ ਜਥੇਬੰਦੀ ਨੂੰ 'ਬਬਰ ਅਕਾਲੀ' ਨਾਂ ਵੀ ਆਪ ਜੀ ਦੀ ਹੀ ਦੇਣ ਹੈ। ਕੈਨੇਡਾ ਰਹਿੰਦੀ ਪਿੰਡ ਦੌਲਤਪੁਰ ਦੀ ਸਮੂਹ ਸੰਗਤ ਵੱਲੋਂ ਸ਼ਹੀਦ ਬਬਰ ਕਰਮ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਯਾਦ ਵਿੱਚ 7 ਸਤੰਬਰ, ਦਿਨ ਐਤਵਾਰ ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਵਿਖੇ ਸ਼ਹੀਦੀ ਸਮਾਗਮ ਕਰਵਾਏ ਗਏ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਰਤਨ ਅਤੇ ਇਤਿਹਾਸਿਕ ਵਿਚਾਰਾਂ ਹੋਈਆਂ, ਜਿਸ ਦੌਰਾਨ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਬਬਰ ਅਕਾਲੀ ਯੋਧਿਆਂ ਨੂੰ ਯਾਦ ਕੀਤਾ। ਇਸ ਮੌਕੇ 'ਤੇ ਬੁਲਾਰੇ ਡਾ. ਗੁਰਵਿੰਦਰ ਸਿੰਘ ਨੇ ਬਬਰ ਅਕਾਲੀ ਲਹਿਰ ਤੇ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਅਤੇ ਉਹਨਾਂ ਦੇ ਸਾਥੀਆਂ ਦੇ ਸੰਘਰਸ਼ ਬਾਰੇ ਇਤਿਹਾਸਕ ਪੰਨਿਆਂ 'ਚੋਂ ਵਿਚਾਰਾ ਸਾਂਝੀਆਂ ਕੀਤੀਆਂ।

ਨਗਰ ਦੌਲਤਪੁਰ ਵਾਸੀਆਂ ਵੱਲੋਂ ਇਸ ਮੌਕੇ 'ਤੇ ਡਾ. ਗੁਰਵਿੰਦਰ ਸਿੰਘ ਨੂੰ ਹਰ ਵਰ੍ਹੇ ਬਬਰ ਅਕਾਲੀ ਲਹਿਰ ਅਤੇ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਬਾਰੇ ਵਿਚਾਰਾਂ ਸਾਂਝੀਆਂ ਕਰਨ ਲਈ ਸਨਮਾਨਿਤ ਕੀਤਾ ਗਿਆ। ਉਹਨਾਂ ਦੱਸਿਆ ਕਿ ਐਬਸਫੋਰਡ ਸ਼ਹਿਰ 'ਚ ਸਾਊਥ ਫਰੇਜ਼ਰ ਵੇਅ ਤੇ ਭਾਈ ਕਰਮ ਸਿੰਘ, ਉਹਨਾਂ ਦੇ ਭਰਾ ਭਾਈ ਸਿੰਘ ਥਾਂਦੀ ਤੇ ਪੇਂਡੂ ਭਾਈ ਸੁੰਦਰ ਸਿੰਘ ਥਾਂਦੀ ਦੀ ਪੌਣੇ ਕੁ ਚਾਰ ਏਕੜ ਦੇ ਕਰੀਬ ਸਾਂਝੀ ਜ਼ਮੀਨ ਸੀ। ਸਿੱਖ ਕੌਮ ਅਤੇ ਗੁਰਦੁਆਰਾ ਸਾਹਿਬ ਲਈ ਭੇਟ ਕਰਦਿਆਂ ਸਮੂਹ ਭਾਈਆਂ ਨੂੰ ਕਿਹਾ ਕਿ ਜੇਕਰ ਉਹ ਵਤਨ ਜਾ ਕੇ ਸ਼ਹੀਦੀ ਪਾ ਗਏ, ਤਾਂ ਉਨ੍ਹਾਂ ਦੀ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਉਸਾਰ ਦਿੱਤਾ ਜਾਵੇ। ਭਾਈ ਕਰਮ ਸਿੰਘ ਬਬਰ ਨੇ ਪੰਜਾਬ ਜਾ ਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਸੰਘਰਸ਼ ਕਰਦਿਆਂ ਪੁਲਿਸ ਮੁਕਾਬਲਾ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਆਪ ਦੀ ਇੱਛਾ ਅਨੁਸਾਰ, ਆਪ ਦੀ ਅਤੇ ਥਾਂਦੀ ਭਰਾਵਾਂ ਦੀ ਜ਼ਮੀਨ 'ਤੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਸੰਨ 1982 ਵਿੱਚ ਉਸਾਰਿਆ ਗਿਆ ਹੈ। ਬਬਰ ਅਕਾਲੀ ਲਹਿਰ ਦੇ ਨਾਇਕ ਭਾਈ ਕਰਮ ਸਿੰਘ ਬਬਰ ਅੰਗਰੇਜ਼ ਹਕੂਮਤ ਖ਼ਿਲਾਫ਼ ਇਨਕਲਾਬੀ ਸੰਘਰਸ਼ ਕਰਦਿਆਂ, 1 ਸਤੰਬਰ 1923 ਨੂੰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਬੇਲੀ ਵਿਖੇ, ਪੁਲਿਸ ਮੁਕਾਬਲਾ ਵਿਚ ਸ਼ਹੀਦ ਹੋਏ। ਇਸ ਮੌਕੇ ਆਪ ਦੇ ਨਾਲ ਭਾਈ ਮਹਿੰਦਰ ਸਿੰਘ ਪੰਡੋਰੀ, ਭਾਈ ਗੰਗਾ ਸਿੰਘ, ਭਾਈ ਉਦੇ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਭਾਈ ਬਿਸ਼ਨ ਸਿੰਘ ਮਾਂਗਟਾਂ ਨੇ ਵੀ ਸ਼ਹੀਦੀਆਂ ਪਾਈਆਂ। ਸੱਤਵੇਂ ਪਾਤਸ਼ਾਹ ਗੁਰੂ ਹਰਰਾਏ ਸਾਹਿਬ ਜੀ ਦਾ ਅਸਥਾਨ ਗੁਰਦੁਆਰਾ ਚੌਂਤਾਂ ਸਾਹਿਬ, ਇਹਨਾਂ ਬਬਰ ਅਕਾਲੀ ਯੋਧਿਆਂ ਦਾ ਸ਼ਹੀਦੀ ਅਸਥਾਨ ਹੈ। ਬਬਰ ਅਕਾਲੀ ਯੋਧਿਆਂ ਦੀਆਂ ਸ਼ਹਾਦਤਾਂ ਬਾਰੇ ਲੋਕ ਮਨਾਂ ਵਿੱਚ ਇਹ ਸ਼ਬਦ ਪ੍ਰਚਲਤ ਹੋ ਚੁੱਕੇ ਸਨ ;

"ਲਾੜੀ ਮੌਤ ਨੂੰ ਕਰਨ ਪ੍ਰਣਾਮ ਚੱਲੇ, ਸੇਹਰੇ ਲਟਕਦੇ ਬਬਰ ਅਕਾਲੀਆਂ ਦੇ"



ਬਬਰ ਅਕਾਲੀ ਭਾਈ ਕਰਮ ਸਿੰਘ ਦੀ ਯਾਦ ਵਿੱਚ ਸਰੀ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ 'ਚ ਬੁਲਾਰੇ ਡਾ. ਗੁਰਵਿੰਦਰ ਸਿੰਘ ਨੂੰ ਦੌਲਤਪੁਰ ਨਗਰ ਵਾਸੀਆਂ ਵੱਲੋਂ ਸਨਮਾਨ।

## ਮਹਾਰਾਜਾ ਰਣਜੀਤ ਸਿੰਘ ਦੇ ਖ਼ਜ਼ਾਨਿਆਂ ਬਾਰੇ ਖੋਜ ਕੀਤੀ ਜਾਵੇ: ਤਰਲੋਚਨ ਸਿੰਘ

ਲੰਡਨ/ਏ.ਟੀ.ਨਿਊਜ਼: ਰਾਜ ਸਭਾ ਦੇ ਸਾਬਕਾ ਮੈਂਬਰ ਤਰਲੋਚਨ ਸਿੰਘ (92) ਨੇ ਬਰਤਾਨਵੀ ਸਿੱਖ ਸੰਸਦ ਮੈਂਬਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਖਿੰਡੇ ਹੋਏ ਖਜ਼ਾਨਿਆਂ ਬਾਰੇ ਪ੍ਰਮਾਣਿਕ ਖੋਜ ਕਰਵਾਉਣ ਲਈ ਪ੍ਰੇਰਿਆ ਤਾਂ ਜੋ ਖਜ਼ਾਨੇ ਨੂੰ ਸਹੀ ਢੰਗ ਨਾਲ ਸੂਚੀਬੱਧ ਕਰਕੇ ਭਵਿੱਖ ਦੀਆਂ ਪੀੜ੍ਹੀਆਂ ਲਈ ਕਿਸੇ ਅਜਾਇਬ-ਘਰ ਵਿੱਚ ਸੰਭਾਲਿਆ ਜਾ ਸਕੇ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਪਿਛਲੇ ਦਿਨੀਂ ਲੰਡਨ ਦੇ ਹਾਊਸ ਆਫ਼ ਲਾਰਡਜ਼ ਕੰਪਲੈਕਸ ਵਿੱਚ ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।



ਤਰਲੋਚਨ ਸਿੰਘ ਨੇ ਉਨ੍ਹਾਂ ਮੀਡੀਆ ਰਿਪੋਰਟਾਂ ਵੱਲ ਇਸ਼ਾਰਾ ਕੀਤਾ ਜਿਨ੍ਹਾਂ ਵਿੱਚ ਬਸਤੀਵਾਦੀ ਦੌਰ ਦੀ ਫਾਈਲ ਦਾ ਖ਼ੁਲਾਸਾ ਸ਼ਾਮਲ ਹੈ ਜਿਸ ਵਿੱਚ ਸਿੱਖ ਸਾਮਰਾਜ ਦੇ 19ਵੀਂ ਸਦੀ ਦੇ ਸ਼ਾਸਕ ਦੇ ਕਈ ਖਜ਼ਾਨੇ ਹੋਣ ਦਾ ਹਵਾਲਾ ਹੈ।

ਉਨ੍ਹਾਂ ਕਿਹਾ, "ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ਾਖਾਨੇ (ਖਜ਼ਾਨੇ) ਤੋਂ ਖਜ਼ਾਨਿਆਂ ਦੀ ਸੂਚੀ ਜਾਰੀ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਸਾਡੇ ਬੱਚੇ ਆਪਣੀ ਸਿੱਖ ਵਿਰਾਸਤ 'ਤੇ ਮਾਣ ਕਰ ਸਕਣ। ਇਤਿਹਾਸਕ ਰਿਕਾਰਡਾਂ ਵਿੱਚ ਜ਼ਿਕਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਤੋਸ਼ਾਖਾਨੇ ਵਿੱਚ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਉਸ ਨੂੰ ਰੋਜ਼ਾਨਾ ਦੇਖਦੇ ਸਨ।

ਮਹਾਰਾਜਾ ਦੀ ਸੋਨੇ ਦੀ ਕੁਰਸੀ ਹੁਣ ਲੰਡਨ ਦੇ ਵਿਕਟੋਰੀਆ ਐਂਡ ਐਲਬਰਟ ਅਜਾਇਬ-ਘਰ ਵਿੱਚ ਪ੍ਰਦਰਸ਼ਿਤ ਹੈ ਪਰ ਕਈ ਵਸਤਾਂ ਹਾਲੇ ਵੀ ਗੁਦਾਮਾਂ ਵਿੱਚ ਪਈਆਂ ਹਨ, ਜਿਨ੍ਹਾਂ ਨੂੰ ਇੱਕੋ ਛੱਤ ਹੇਠ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ।"

(ਬਾਕੀ ਸਫ਼ਾ 27 'ਤੇ)



# ਮਾਮਲਾ ਅਪਰਾਧੀ ਪਰਵਾਸੀ ਮਜ਼ਦੂਰ ਵੱਲੋਂ ਪੰਜਾਬੀ ਬੱਚਾ ਅਗਵਾ ਕਰਕੇ ਕੀਤੀ ਬਦਫੈਲੀ ਅਤੇ ਕਤਲ ਦਾ

## ਹੁਸ਼ਿਆਰਪੁਰ ਵਿੱਚ ਪਰਵਾਸੀ ਮਜ਼ਦੂਰਾਂ ਬਾਰੇ ਸਰਪੰਚਾਂ ਨੇ ਬਾਈਕਾਟ ਦਾ ਕੀਤਾ ਫੈਸਲਾ



## ਪੂਰੇ ਪੰਜਾਬ ਵਿੱਚ ਫੈਲਿਆ ਸਖ਼ਤ ਰੋਸ ਤੇ ਗੁੱਸਾ

ਪਿਛਲੇ ਦਿਨੀ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵਾਪਰੀ ਵਹਿਸ਼ੀ ਘਟਨਾ ਨੇ ਸਾਰੇ ਪੰਜਾਬ ਨੂੰ ਹਿਲਾ ਕੇ ਰੱਖ ਦਿਤਾ ਤੇ ਨਾਲ ਹੀ ਇਸ ਦਰਿੰਦਗੀ ਭਰੀ ਘਟਨਾ ਕਰਕੇ ਪੰਜਾਬੀਆਂ ਵਿੱਚ ਯੂ.ਪੀ. ਤੇ ਬਿਹਾਰ ਤੋਂ ਆਏ ਪਰਵਾਸੀ ਮਜ਼ਦੂਰਾਂ ਪ੍ਰਤੀ ਨਫਰਤ ਅਤੇ ਗੁੱਸਾ ਵੀ ਵੱਧ ਗਿਆ। ਹੁਸ਼ਿਆਰਪੁਰ ਦੇ ਨਿਊ ਦੀਪ ਨਗਰ ਇਲਾਕੇ ਵਿੱਚ ਰਹਿਣ ਵਾਲੇ ਮਾਸੂਮ ਬੱਚੇ ਦਾ ਯੂ.ਪੀ. ਦੇ ਵਿਅਕਤੀ ਵੱਲੋਂ ਕਿਡਨੇਪ ਤੇ ਬਦਫੈਲੀ ਤੋਂ ਬਾਅਦ ਕਤਲ ਕਰ ਦਿਤਾ ਗਿਆ। ਬੱਚੇ ਦਾ ਨਾਮ ਹਰਬੀਰ ਬਿੱਲਾ ਉਮਰ ਪੰਜ ਸਾਲ ਸੀ, ਜਿਸਦਾ ਪਰਿਵਾਰ ਦੋ ਮਹੀਨੇ ਪਹਿਲਾ ਫਗਵਾੜੇ ਤੋਂ ਹੁਸ਼ਿਆਰਪੁਰ ਆਇਆ ਸੀ ਜੋਂ ਨਿਊ ਦੀਪ ਨਗਰ ਰਹਿਣ ਲੱਗ ਪਏ ਸਨ। ਹਰਬੀਰ ਜਦੋਂ ਸ਼ਾਮ ਨੂੰ ਘਰੋਂ ਖੇਡਣ ਗਿਆ ਤਾਂ ਯੂ ਪੀ ਦੇ ਰਹਿਣ ਵਾਲੇ ਮਨਕੇ ਯਾਦਵ ਨਾਮ ਦੇ ਪਰਵਾਸੀ ਮਜ਼ਦੂਰ ਵੱਲੋਂ ਕਿਡਨੈਪ ਤੇ ਬਦਫੈਲੀ ਕਰਨ ਤੋਂ ਬਾਅਦ ਕਤਲ ਕਰ ਦਿਤਾ ਗਿਆ। ਮਨਕੇ ਯਾਦਵ ਨੂੰ ਪੁਲਿਸ ਵਲੋਂ ਜਦੋਂ ਅਰੈਸਟ ਕੀਤਾ ਗਿਆ ਤਾਂ ਉਹ ਸ਼ਰਾਬ ਦੇ ਨਸ਼ੇ ਵਿੱਚ ਸੀ ਤੇ ਬੱਚੇ ਦੀ ਬਾਡੀ ਨੂੰ ਸ਼ਮਸ਼ਾਨ ਘਾਟ ਤੋਂ ਬਰਾਮਦ ਕੀਤਾ ਗਿਆ ਤਾਂ ਬੱਚੇ ਦੇ ਸਰੀਰ ਅਤੇ ਮੂੰਹ ਉਪਰ ਬਹੁਤ ਜਿਆਦਾ ਨਿਸ਼ਾਨ ਸਨ, ਜਿਸ ਤੋਂ ਸਾਫ ਪਤਾ ਚਲਦਾ ਸੀ ਕਿ ਬੱਚੇ ਨੂੰ ਬੁਰੀ ਤਰ੍ਹਾਂ ਟਾਰਚਰ ਕਰਨ ਤੋਂ ਬਾਅਦ ਕਤਲ ਕੀਤਾ ਗਿਆ। ਸਰੀਰ ਤੇ ਅਤੇ ਅੰਗਾਂ ਉਪਰ ਪਏ ਨਿਸ਼ਾਨ ਤੋਂ ਇਹ ਵੀ ਸ਼ੱਕ ਹੈ ਕੇ ਬੱਚੇ ਨਾਲ ਬਦਫੈਲੀ ਵੀ ਹੋਈ ਹੈ। ਕਾਤਲ ਪਰਵਾਸੀ ਮਜਦੂਰ ਪੰਜਾਬ ਵਿੱਚ ਆਉਣ ਤੋਂ ਪਹਿਲਾਂ ਕਈ ਅਪਰਾਧ ਕਰ ਚੁੱਕਾ ਸੀ।

ਬੱਚੇ ਦੇ ਮਾਪਿਆਂ ਅਤੇ ਬੱਚੇ ਦੀ ਮਾਸੂਮ ਭੈਣ ਦੇ ਰੋਂਦੇ-ਵਿਲਾਪ ਵਾਲੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਏ, ਜਿਸ ਨਾਲ ਖੇਤਰ ਵਿੱਚ ਗੁੱਸਾ ਹੋਰ ਵਧ ਗਿਆ। ਬੱਚੇ ਦੇ ਅੰਤਿਮ ਸਸਕਾਰ ਤੋਂ ਬਾਅਦ 11 ਸਤੰਬਰ ਨੂੰ ਹੁਸ਼ਿਆਰਪੁਰ ਸ਼ਹਿਰ ਵਿੱਚ ਵੱਡਾ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਸੀ, ਜਿਸ ਵਿੱਚ ਸੜਕਾਂ ਬਲਾਕ ਕਰਕੇ ਨਿਆਂ ਦੀ ਮੰਗ ਕੀਤੀ ਗਈ ਸੀ। ਸ਼ਹਿਰ ਦੋ ਦਿਨ ਬੰਦ ਰਿਹਾ ਸੀ। ਹੁਸ਼ਿਆਰਪੁਰ ਦੇ ਨਾਲ ਲਗਦੇ ਪਿੰਡਾਂ ਵਿੱਚ ਪਰਵਾਸੀ ਮਜਦੂਰਾਂ ਖ਼ਿਲਾਫ਼ ਮਤੇ ਪੈਣੇ ਸ਼ੁਰੂ ਹੋ ਗਏ ਸ਼ਹਿਰ ਦੀਆਂ ਕਈ ਮਾਰਕੀਟਾਂ ਵਿੱਚ ਪਰਵਾਸੀ ਮਜਦੂਰਾਂ ਦੇ ਬਾਈਕਾਟ ਕਰਨ ਦਾ ਐਲਾਨ ਹੋ ਗਿਆ। ਪਰਵਾਸੀ ਮਜਦੂਰਾਂ ਦੇ ਖੋਖੇ, ਦੁਕਾਨਾਂ ,ਰੇੜੀਆਂ ਖਾਲੀ ਕਰਾ ਦਿੱਤੀਆਂ ਗਈਆਂ ਹਨ। ਸ਼ਹਿਰ ਦੇ ਕਈ ਏਰੀਏ ਵਿੱਚ ਕਿਰਾਏਦਾਰ ਪਰਵਾਸੀ ਮਜਦੂਰ ਨਾ ਰੱਖਣ ਦੇ ਐਲਾਨ ਵੀ ਕੀਤੇ ਗਏ ਹਨ।

**ਪਿੰਡਾਂ ਦੇ ਸਰਪੰਚਾਂ ਦਾ ਫੈਸਲਾ**

ਇਸ ਵਹਿਸ਼ੀ ਘਟਨਾ ਤੋਂ ਬਾਅਦ ਲਗਭਗ 20 ਪਿੰਡਾਂ ਦੇ ਸਰਪੰਚਾਂ ਨੇ ਇੱਕ ਗੰਭੀਰ ਫੈਸਲਾ ਲਿਆ ਹੈ ਕਿ ਉਹ ਪਰਵਾਸੀ ਮਜਦੂਰਾਂ (ਮਾਈਗ੍ਰੇਂਟ ਵਰਕਰਾਂ) ਨੂੰ ਰੈਜ਼ੀਡੈਂਸ ਸਰਟੀਫਿਕੇਟ (ਨਿਵਾਸ ਪ੍ਰਮਾਣ ਪੱਤਰ) ਨਹੀਂ ਜਾਰੀ ਕਰਨਗੇ ਅਤੇ ਬਿਨਾਂ ਪੰਜਾਬ ਸਰਕਾਰ ਵੱਲੋਂ ਜਾਰੀ ਅਧਿਕਾਰਕ ਦਸਤਾਵੇਜ਼ਾਂ ਵਾਲੇ ਕਿਸੇ ਵੀ ਪਰਵਾਸੀ ਮਜਦੂਰ ਨੂੰ ਪਿੰਡ ਵਿੱਚ ਰਹਿਣ ਨਹੀਂ ਦਿੱਤਾ ਜਾਵੇਗਾ। ਸਰਪੰਚਾਂ ਨੇ ਕਿਹਾ ਕਿ ਇਹ ਫੈਸਲਾ ਨਾ ਸਿਰਫ਼ ਹੁਸ਼ਿਆਰਪੁਰ ਦੇ ਇਸ ਕਤਲ ਕਾਰਨ ਲਿਆ ਗਿਆ ਹੈ, ਸਗੋਂ ਪੰਜਾਬ ਵਿੱਚ ਪਰਵਾਸੀ ਮਜਦੂਰਾਂ ਵੱਲੋਂ ਹੋ ਰਹੇ ਹੋਰ ਅਪਰਾਧਾਂ ਨੂੰ ਵੀ ਧਿਆਨ ਵਿੱਚ ਰੱਖ ਕੇ ਲਿਆ ਗਿਆ ਹੈ। ਉਹਨਾਂ ਨੇ ਹੁਸ਼ਿਆਰਪੁਰ ਡਿਪਟੀ ਕਮਿਸ਼ਨਰ ਨੂੰ ਸਹਿਯੋਗ ਦੀ ਅਪੀਲ ਵੀ ਕੀਤੀ।

ਬਜਵਾੜਾ ਪਿੰਡ ਦੇ ਸਰਪੰਚ ਰਾਜੇਸ਼ ਕੁਮਾਰ ਬੌਬੀ ਮਹੇ ਨੇ ਕਿਹਾ, 'ਇਹ ਗੱਲ ਪਹਿਲਾਂ ਹੀ ਆਪਣੀ ਪੰਚਾਇਤ ਵਿੱਚ ਚੱਲ ਰਹੀ ਸੀ। ਆਪਣੇ ਪਿੰਡ ਵਿੱਚ ਪਰਵਾਸੀ ਮਜਦੂਰ ਪਰਿਵਾਰ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰ ਰਹੇ ਹਨ ਅਤੇ ਅਸੀਂ ਉਹਨਾਂ ਨੂੰ ਖਾਲੀ ਕਰਵਾਂਵਾਗੇ। ਹੁਸ਼ਿਆਰਪੁਰ ਵਿੱਚ ਵਾਪਰੀ ਇਹ ਭਿਆਨਕ ਘਟਨਾ ਨੇ ਸਾਨੂੰ ਹਿਲਾ ਦਿੱਤਾ ਹੈ। ਹੁਣ ਤੋਂ ਅਸੀਂ ਪਰਵਾਸੀ ਮਜਦੂਰਾਂ ਨੂੰ ਨਿਵਾਸ ਪੱਤਰ ਨਹੀਂ ਜਾਰੀ ਕਰਾਂਗੇ ਅਤੇ ਬਿਨਾਂ ਪੰਜਾਬ ਸਰਕਾਰੀ ਦਸਤਾਵੇਜ਼ ਵਾਲੇ ਨੂੰ ਪਿੰਡ ਵਿੱਚ ਰਹਿਣ ਨਹੀਂ ਦਿੱਤਾ ਜਾਵੇਗਾ। ਆਪਣੀ ਪੰਚਾਇਤ ਨੇ 10 ਸਤੰਬਰ ਨੂੰ ਇਹ ਰੈਜ਼ੋਲੂਸ਼ਨ ਪਾਸ ਕਰ ਲਿਆ ਹੈ ਅਤੇ ਜ਼ਿਆਦਾਤਰ ਪੰਚਾਇਤਾਂ ਵੀ ਅਜਿਹਾ ਹੀ ਕਰਨਗੀਆਂ।

ਕਿਲਾ ਬਾਰੂੰ ਪਿੰਡ ਦੇ ਸਰਪੰਚ ਕੁਲਦੀਪ ਕੁਮਾਰ ਨੇ ਦੱਸਿਆ, 'ਜ਼ਿਆਦਾਤਰ ਪੰਚਾਇਤਾਂ ਨੇ ਪਿਛਲੇ ਦਿਨੀਂ ਇਹ ਰੈਜ਼ੋਲੂਸ਼ਨ ਪਾਸ ਕਰ ਲਏ ਹਨ। ਪੰਜਾਬ ਵਿੱਚ ਮਜਦੂਰਾਂ ਦੀ ਆਬਾਦੀ ਵਧ ਰਹੀ ਹੈ ਅਤੇ ਉਹਨਾਂ ਵੱਲੋਂ ਅਪਰਾਧਾਂ ਵਿੱਚ ਵਧਦੀ ਸ਼ਮੂਲੀਅਤ ਚਿੰਤਾ ਦਾ ਵਿਸ਼ਾ ਹੈ। ਵੱਡੀ ਗਿਣਤੀ ਪਰਵਾਸੀ ਮਜਦੂਰਾਂ ਨੇ ਪੰਜਾਬ ਵਿੱਚ ਆਧਾਰ ਕਾਰਡ ਬਣਾ ਲਏ ਹਨ ਅਤੇ ਵੋਟਰ ਲਿਸਟ ਵਿੱਚ ਵੀ ਨਾਮ ਲਿਖਵਾ ਲਏ ਹਨ, ਪਰ ਹੁਣ ਅਸੀਂ ਨਵੇਂ ਨਿਵਾਸ ਪੱਤਰ ਜਾਰੀ ਕਰਨ ਤੇ ਪਾਬੰਦੀ ਲਗਾ ਰਹੇ ਹਾਂ। ਇਹ ਫੈਸਲਾ ਇਸ ਲਈ ਹੈ ਕਿ ਹੁਸ਼ਿਆਰਪੁਰ ਵਰਗੀ ਘਟਨਾ ਕਿਸੇ ਨਾਲ ਵੀ ਨਾ ਵਾਪਰੇ।

**ਪਰਵਾਸੀ ਮਜਦੂਰਾਂ ਵਿਰੁੱਧ ਕਿਉਂ ਫੈਲ ਰਹੀ ਰੋਸ ਲਹਿਰ**

6 ਸਤੰਬਰ ਨੂੰ ਨਵਾਂਸ਼ਹਿਰ ਜ਼ਿਲ੍ਹੇ ਦੇ ਰੇਲ ਮਜਰਾ ਵਿੱਚ ਪਰਵਾਸੀ ਮਜਦੂਰਾਂ ਵੱਲੋਂ ਪੰਜਾਬੀਆਂ ਅਤੇ ਸਿੱਖਾਂ ਨਾਲ ਗਲਤ ਵਿਵਹਾਰ ਕਰਨ ਕਾਰਨ ਰੈਜ਼ੀਡੈਂਟਸ ਨੇ ਫਗਵਾੜਾ-ਚੰਡੀਗੜ੍ਹ ਨੈਸ਼ਨਲ ਹਾਈਵੇ ਨੂੰ ਦੋ ਘੰਟੇ ਬਲਾਕ ਕਰ ਦਿੱਤਾ ਸੀ। ਪੁਲਿਸ ਨੇ ਇਸ ਕਾਰਨ ਪ੍ਰੇਮ ਨਗਰ ਪਿੰਡ ਦੇ ਸਰਪੰਚ ਮੋਹਨ ਗੁਪਤਾ ਅਤੇ ਉਸ ਦੇ ਪੁੱਤਰ ਸੁਜੀਤ ਕੁਮਾਰ ਸਮੇਤ ਛੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ। (ਬਾਕੀ ਸਫ਼ਾ 26 'ਤੇ)

### ਕੀ ਕਹਿੰਦੇ ਹਨ ਡੀ ਐਸ ਪੀ

ਮੌਕੇ 'ਤੇ ਮੌਜੂਦ ਡੀਐੱਸਪੀ ਦੇਵ ਦੱਤ ਸ਼ਰਮਾ ਨੇ ਕਿਹਾ ਕਿ ਉਹ ਇਸ ਕੇਸ ਦਾ ਦਸ ਦਿਨ੍ਹਾਂ ਅੰਦਰ ਚਲਾਨ ਪੇਸ਼ ਕਰਕੇ ਇਸ ਕੇਸ ਨੂੰ ਫਾਸਟ ਟਰੈਕ ਅਦਾਲਤ ਵਿੱਚ ਭੇਜਿਆ ਜਾਵੇਗਾ ਤਾਂ ਜੋ ਦੋਸ਼ੀ ਨੂੰ ਜਲਦ ਹੀ ਸਜ਼ਾ ਦਿਲਾਈ ਜਾ ਸਕੇ

### 'ਪਾਪਾ ਨਾ ਰੋਵੋ, ਅੱਖਾਂ ਸਾਫ਼ ਕਰ ਲਓ'



ਬੱਚੇ ਦੇ ਪੋਸਟਮਾਰਟਮ ਦੌਰਾਨ ਮਾਹੌਲ ਉਸ ਸਮੇਂ ਪੂਰੀ ਤਰਾਂ ਨਾਲ ਗਮਗੀਨ ਹੋ ਗਿਆ ਜਦੋਂ ਪੋਸਟਮਾਰਟਮ ਦੇ ਖ਼ਤਮ ਹੋਣ ਦਾ ਇੰਤਜ਼ਾਰ ਰਹੇ ਲੋਕਾਂ ਅਤੇ ਪਰਿਵਾਰਕ ਮੈਂਬਰਾਂ ਦੌਰਾਨ ਬੱਚੇ ਦਾ ਪਿਤਾ, ਮਾਤਾ ਅਤੇ ਹੋਰ ਲੋਕ ਫ਼ੁੱਟ ਫ਼ੁੱਟ ਕੇ ਰੋ ਰਹੇ ਸਨ। ਹਰ ਅੱਖ ਉਸ ਵੇਲੇ ਨਮ ਹੋ ਗਈ ਜਦੋਂ ਮ੍ਰਿਤਕ ਹਰਵੀਰ ਦੀ ਵੱਡੀ ਸੱਤ ਸਾਲਾ ਮਸੂਮ ਭੈਣ ਜੈਸਮੀਨ ਨੇ ਆਪਣੇ ਰੋਂਦੇ ਹੋਏ ਪਿਤਾ ਦੀਆਂ ਅੱਖਾਂ ਪੂੰਝਦੇ ਹੋਏ ਕਿਹਾ ਕਿ ਕਿ ਪਾਪਾ ਨਾ ਰੋਵੋ, ਅੱਖਾਂ ਸਾਫ਼ ਕਰ ਲਓ। ਮ੍ਰਿਤਕ ਦੀ ਮਾਂ ਕੁਲਵਿੰਦਰ ਕੌਰ ਨੇ ਪੁਲਿਸ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਕਿ ਇੱਕ ਵਾਰ ਦੋਸ਼ੀ ਨੂੰ ਉਸ ਦੇ ਸਾਹਮਣੇ ਲੈ ਆਉਣ। ਉਹ ਸਿਰਫ਼ ਆਪਣੇ ਬੱਚੇ ਦਾ ਕਸੂਰ ਪੁੱਛਣਾ ਚਾਹੁੰਦੀ ਹੈ। ਉਸ ਨੇ ਕਿਹਾ ਕਿ ਆਪਣੇ ਅਤੇ ਆਪਣੇ ਬੱਚੇ ਦੇ ਚੰਗੇ ਭਵਿੱਖ ਲਈ ਉਹ ਸ਼ਹਿਰ ਬਦਲ ਕੇ ਇੱਥੇ ਆਏ ਸਨ ਪਰੰਤੂ ਹੁਣ ਉਹ ਇੱਥੇ ਨਹੀਂ ਰਹਿਣਾ ਚਾਹੁੰਦੇ।

### ਨਿਹੰਗ ਅੰਮ੍ਰਿਤਪਾਲ ਸਿੰਘ ਮਹਿਰੋਂ ਵੱਲੋਂ ਮ੍ਰਿਤਕ ਬੱਚੇ ਦੇ ਪਰਿਵਾਰ ਨਾਲ ਵੀਡੀਓ ਕਾਲ 'ਤੇ ਕੀਤੀ ਗੱਲ

ਨਿਹੰਗ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਪੀੜਤ ਪਰਿਵਾਰ ਨਾਲ ਵੀਡੀਓ ਕਾਲ ਉੱਤੇ ਗੱਲਬਾਤ ਕੀਤੀ ਹੈ। ਮਹਿਰੋਂ ਨੇ ਪਰਿਵਾਰ ਨੂੰ ਭਰੋਸਾ ਦਿੱਤਾ ਹੈ ਕਿ ਉਹ ਇਨਸਾਫ਼ ਜ਼ਰੂਰ ਦਿਵਾ ਕੇ ਰਹੇਗਾ। ਉਨ੍ਹਾਂ ਨੇ ਵੀਡੀਓ ਕਾਲ ਉੱਤੇ ਕਿਹਾ ਹੈ ਕਿ ਜੇਕਰ ਤੁਹਾਨੂੰ ਇਨਸਾਫ਼ ਨਹੀਂ ਮਿਲਿਆ ਤਾਂ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਕਿਹਾ ਹੈ ਕਿ ਪੁਲਿਸ ਦੀ ਕਾਰਵਾਈ ਉੱਤੇ ਭਰੋਸਾ ਰੱਖੋ ਜੇ ਠੋਸ ਕਾਰਵਾਈ ਨਾ ਹੋਈ ਤਾਂ ਅਸੀਂ ਆਪਣੇ ਹਿਸਾਬ ਨਾਲ ਇਨਸਾਫ਼ ਦੇਵਾਂਗੇ। ਉਨ੍ਹਾਂ ਨੇ ਕਿਹਾ ਹੈ ਕਿ ਪੁਲਿਸ ਇਮਾਨਦਾਰੀ ਮੁਲਜ਼ਮ ਉੱਤੇ ਬਣਦੀ ਕਾਰਵਾਈ ਕਰੇ ਨਹੀਂ ਤਾਂ ਅਸੀਂ ਆਪ ਹੀ ਦੋਸ਼ੀ ਨੂੰ ਦੇਖ ਲਵਾਂਗੇ।

# ਪਟਿਆਲਾ ਜੇਲ੍ਹ 'ਚ ਸਿੱਖ ਨੌਜਵਾਨ ਸੰਦੀਪ ਸਿੰਘ ਸੰਨੀ 'ਤੇ ਭਿਆਨਕ ਤਸ਼ੱਦਦ

## ਅਦਾਲਤ ਵਿੱਚ ਖੜ੍ਹੇ ਲੋਕ ਰੋ ਪਏ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਲਿਆ ਨੋਟਿਸ

ਪਟਿਆਲਾ/ਏ.ਟੀ.ਨਿਊਜ਼: ਪੰਜਾਬ ਦੇ ਪਟਿਆਲਾ ਜੇਲ੍ਹ ਵਿੱਚ ਬੰਦ ਸਿੱਖ ਨੌਜਵਾਨ ਭਾਈ ਸੰਦੀਪ ਸਿੰਘ ਸੰਨੀ (ਅੰਮ੍ਰਿਤਸਰ ਵਾਲੇ) ਉੱਤੇ ਪੁਲਿਸ ਅਤੇ ਜੇਲ੍ਹ ਅਧਿਕਾਰੀਆਂ ਵੱਲੋਂ ਕੀਤੇ ਗਏ ਭਿਆਨਕ ਤਸ਼ੱਦਦ ਨੇ ਪਟਿਆਲਾ ਜ਼ਿਲ੍ਹਾ ਅਦਾਲਤ ਵਿੱਚ ਇੱਕ ਭਾਵੁਕ ਮਾਹੌਲ ਪੈਦਾ ਕਰ ਦਿੱਤਾ। ਅਦਾਲਤੀ ਪੇਸ਼ੀ ਦੌਰਾਨ ਜਦੋਂ ਜੱਜ ਸਾਹਿਬ ਨੇ ਸੰਦੀਪ ਨੂੰ ਆਪਣੇ ਸਰੀਰ 'ਤੇ ਹੋਏ ਨੁਕਸਾਨ ਨੂੰ ਵਿਖਾਉਣ ਲਈ ਕੱਪੜੇ ਉਤਾਰਨ ਲਈ ਕਿਹਾ, ਤਾਂ ਅਦਾਲਤ ਵਿੱਚ ਖੜ੍ਹੇ ਸਾਰੇ ਲੋਕ ਰੋਣ ਲੱਗ ਪਏ। ਉਨ੍ਹਾਂ ਦੇ ਲੱਕ ਤੋਂ ਹੇਠਾਂ ਸਾਰਾ ਸਰੀਰ ਬੁਰੀ ਤਰ੍ਹਾਂ ਫਿੱਸਿਆ ਪਿਆ ਸੀ ਅਤੇ ਤਿੰਨ ਕਛਹਿਰੇ ਖ਼ੂਨ ਨਾਲ ਭਿੱਜੇ ਹੋਏ ਸਨ। ਇਹ ਨਜ਼ਾਰਾ ਵੇਖ ਕੇ ਵਕੀਲ ਘੁੰਮਣ ਭਰਾ ਭਾਵੁਕ ਹੋ ਗਏ ਅਤੇ ਨੇ ਕਿਹਾ ਕਿ ਉਹ ਇਸ ਕੇਸ ਵਿੱਚ ਆਪਣੀ ਜਾਨ ਵੀ ਲਗਾ ਦੇਣਗੇ। ਇਹ ਮਾਮਲਾ ਹੁਣ ਪੰਜਾਬ ਸਰਕਾਰ ਅਤੇ ਜੇਲ੍ਹ ਪ੍ਰਸ਼ਾਸਨ ਲਈ ਚੁਣੌਤੀ ਬਣ ਗਿਆ ਹੈ, ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵੀ ਸਖ਼ਤ ਨੋਟਿਸ ਲਿਆ ਹੈ ਅਤੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਪਰਿਵਾਰ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਪੰਥਕ ਮੁੱਦੇ ਵਿੱਚ ਇੱਕ ਜੁਟ ਹੋ ਹੋਣ।

**ਘਟਨਾ ਦਾ ਵੇਰਵਾ: ਜੇਲ੍ਹ ਵਿੱਚ ਹਮਲਾ ਅਤੇ ਬਾਅਦ ਵਿੱਚ ਤਸ਼ੱਦਦ**

ਭਾਈ ਸੰਦੀਪ ਸਿੰਘ ਸੰਨੀ 2016 ਵਿੱਚ





ਸ਼ਿਵ ਸੈਨਾ ਆਗੂ ਸੁਧੀਰ ਸੂਰੀ ਗੋਲੀਕਾਂਡ ਮਾਮਲੇ ਵਿੱਚ ਨਜ਼ਰਬੰਦ ਹਨ ਅਤੇ ਪਟਿਆਲਾ ਜੇਲ੍ਹ ਵਿੱਚ ਬੰਦ ਹਨ। ਬੀਤੇ ਕੁਝ ਦਿਨਾਂ ਪਹਿਲਾਂ ਜੇਲ੍ਹ ਵਿੱਚ ਇੱਕ ਭਿਆਨਕ ਘਟਨਾ ਵਾਪਰੀ, ਜਿੱਥੇ ਸੰਦੀਪ ਨੇ ਉਸੇ ਜੇਲ੍ਹ ਵਿੱਚ ਬੰਦ ਤਿੰਨ ਸਾਬਕਾ ਪੁਲਿਸ ਅਧਿਕਾਰੀਆਂ - ਡੀ.ਐੱਸ.ਪੀ. ਗੁਰਬਚਨ ਸਿੰਘ, ਇੰਸਪੈਕਟਰ ਸੂਬਾ ਸਿੰਘ (ਜਿਸ ਨੂੰ 'ਸੂਬਾ ਸਰਹੰਦ' ਵੀ ਕਿਹਾ ਜਾਂਦਾ ਹੈ) ਅਤੇ ਡਰੱਗ ਤਸਕਰੀ ਮਾਮਲੇ ਵਿੱਚ ਬੰਦ ਇੰਸਪੈਕਟਰ ਇੰਦਰਜੀਤ ਸਿੰਘ - ਉੱਤੇ ਹਮਲਾ ਕੀਤਾ। ਇਹ ਅਧਿਕਾਰੀ 1984 ਅਤੇ ਬਾਅਦ ਵਾਲੇ ਸਮੇਂ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਪੰਜਾਬ ਨੌਜਵਾਨਾਂ ਨੂੰ ਮਾਰਨ ਵਾਲੇ ਦੋਸ਼ੀ ਮੰਨੇ ਜਾਂਦੇ ਹਨ। ਹਮਲੇ ਵਿੱਚ ਤਿੰਨੇ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਪਟਿਆਲਾ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

ਪਰਿਵਾਰ ਅਤੇ ਵਕੀਲ ਅਨੁਸਾਰ, ਇਹ ਪੂਰੀ ਘਟਨਾ ਭਾਈ ਸੰਦੀਪ ਵਿਰੁੱਧ ਇੱਕ ਗਹਿਰੀ ਸਾਜ਼ਿਸ਼ ਸੀ। ਇਹ ਅਧਿਕਾਰੀ ਜਾਣ ਬੁੱਝ ਕੇ ਸੰਦੀਪ ਨਾਲ ਉਲਝੇ, ਜਿਸ ਨਾਲ ਉਹ ਆਪਣੇ ਬਚਾਅ ਵਿੱਚ ਹਮਲਾ ਕਰਨ ਲਈ ਮਜਬੂਰ ਹੋ ਗਏ। ਹਮਲੇ ਤੋਂ ਬਾਅਦ ਪੁਲਿਸ ਅਤੇ ਜੇਲ੍ਹ ਅਧਿਕਾਰੀਆਂ ਨੇ ਸੰਦੀਪ ਉੱਤੇ ਅਣਮਨੁੱਖੀ ਤਸ਼ੱਦਦ ਕੀਤਾ - ਉਨ੍ਹਾਂ ਏ ਤਿੰਨ ਵਾਰ ਕਛਹਿਰੇ ਬਦਲੇ, ਗਿੱਟੇ ਤੋੜੇ, ਦੋਵੇਂ ਅੱਖਾਂ ਨੂੰ ਨੁਕਸਾਨ ਪਹੁੰਚਾਇਆ, ਦਾੜ੍ਹੀ-ਕੇਸਾਂ ਦੀ ਬੇਅਦਬੀ ਕੀਤੀ ਅਤੇ ਅਧਮੋਇਆ ਕਰ ਦਿੱਤਾ। ਉਨ੍ਹਾਂ ਨੂੰ ਇਕੱਲੇ ਕੋਠੜੀ ਵਿੱਚ ਬੰਦ ਕਰਕੇ ਰੱਖਿਆ ਗਿਆ, ਜਿੱਥੇ ਚੱਕਰ ਆਉਣ ਅਤੇ ਸਰੀਰ ਵਿੱਚ ਭਿਆਨਕ ਦਰਦ ਹੋਣ ਤੇ ਵੀ ਮੈਡੀਕਲ ਨਹੀਂ ਦਿੱਤਾ। ਫੋਨ ਰਾਹੀਂ ਪਰਿਵਾਰ ਨਾਲ ਗੱਲ ਕਰਕੇ ਸੰਦੀਪ ਨੇ ਆਪਣੀ ਹਾਲਤ ਦੀ ਪੁਸ਼ਟੀ ਕੀਤੀ, ਜਿਸ ਦੀ ਰਿਕਾਰਡਿੰਗ ਵੀ ਅਦਾਲਤ ਵਿੱਚ ਪੇਸ਼ ਕੀਤੀ ਗਈ। ਪਰਿਵਾਰ ਨੇ ਦੱਸਿਆ ਕਿ ਅਦਾਲਤ ਨੇ 15 ਸਤੰਬਰ ਨੂੰ ਮੈਡੀਕਲ ਜਾਂਚ ਦੇ ਹੁਕਮ ਦਿੱਤੇ ਸਨ, ਪਰ ਪੁਲਿਸ ਨੇ ਇਹ ਨਹੀਂ ਕਰਵਾਏ ਅਤੇ ਸੰਦੀਪ ਨੂੰ ਪਟਿਆਲਾ ਤੋਂ ਸੰਗਰੂਰ ਜੇਲ੍ਹ ਵਿੱਚ ਤਬਾਦਲਾ ਕਰ ਦਿੱਤਾ, ਜੋ ਤਸ਼ੱਦਦ ਨੂੰ ਲੁਕਾਉਣ ਦੀ ਕੋਸ਼ਿਸ਼ ਵਜੋਂ ਵੇਖਿਆ ਜਾ ਰਿਹਾ ਹੈ। ਪਰਿਵਾਰ ਨੇ ਜੇਲ੍ਹ ਸਾਹਮਣੇ ਲਗਾਤਾਰ ਧਰਨਾ ਲਗਾਇਆ ਹੈ, ਪਰ ਸਿੱਖ ਕੌਮ ਅਤੇ ਜਥੇਬੰਦੀਆਂ ਵੱਲੋਂ ਪੂਰਾ ਸਮਰਥਨ ਨਾ ਮਿਲਣ ਉੱਤੇ ਗਹਿਰਾ ਰੋਸ ਜ਼ਾਹਰ ਕੀਤਾ ਹੈ। ਭਰਾ ਅਮਰਜੀਤ ਸਿੰਘ ਨੇ ਕਿਹਾ, 'ਪਿਛਲੇ ਕਈ ਦਿਨਾਂ ਤੋਂ ਧਰਨੇ ਵਿੱਚ ਸੰਗਤ ਦੀ ਹਾਜ਼ਰੀ ਘੱਟ ਹੈ ਅਤੇ ਜਥੇਬੰਦੀਆਂ ਆਪਣਾ ਫਰਜ਼ ਨਹੀਂ ਨਿਭਾ ਰਹੀਆਂ।' ਇਸ ਮੌਕੇ ਸੰਦੀਪ ਦੇ ਭਰਾ ਭਾਈ ਅਮਰਜੀਤ ਸਿੰਘ ਬਡਗੁਜਰਾਂ ਤੇ ਵਕੀਲ ਘੁੰਮਣ ਨੇ ਚਿਤਾਵਨੀ ਦਿੱਤੀ ਕਿ ਜੇ ਕਾਰਵਾਈ ਨਾ ਹੋਈ ਤਾਂ ਸਿੱਖ ਜਥੇਬੰਦੀਆਂ ਨੂੰ ਸੰਘਰਸ਼ ਦਾ ਰਾਹ ਅਪਨਾਉਣਾ ਪਵੇਗਾ।

(ਬਾਕੀ ਸਫ਼ਾ 26 'ਤੇ)

# ਸਿੱਖ ਸੇਵਕ ਸੁਸਾਇਟੀ ਵੱਲੋਂ ਹੜ੍ਹਾਂ ਕਾਰਨ ਟਾਪੂ ਬਣੇ ਪਿੰਡ ਮੁੰਡੀ ਕਾਲੂ ਨੂੰ ਰਾਹਤ ਲਈ ਕਿਸ਼ਤੀ ਭੇਟ

## ਸਿੱਖ ਸੇਵਕ ਸੁਸਾਇਟੀ ਦਿੱਲੀ ਵਿੰਗ ਨੇ ਰਾਹਤ ਸਮੱਗਰੀ ਤੇ ਮੈਡੀਕਲ ਵਾਹਨ ਦਾ ਇੰਤਜ਼ਾਮ ਕੀਤਾ

## ਸੁਸਾਇਟੀ ਵੱਲੋਂ ਵੱਖ-ਵੱਖ ਹੜ੍ਹ ਪੀੜਤ ਪਿੰਡਾਂ ਦਾ ਸਰਵੇਖਣ







**ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ**

ਪੰਜਾਬ ਦੇ ਕਪੂਰਥਲਾ, ਜਲੰਧਰ ਅਤੇ ਸੁਲਤਾਨਪੁਰ ਲੋਧੀ ਦੇ ਪਿੰਡਾਂ ਤੇ ਮੰਡ ਇਲਾਕਿਆਂ ਵਿੱਚ ਹੜ੍ਹ ਦੇ ਪਾਣੀ ਨੇ ਕਈ ਪਿੰਡਾਂ ਦਾ ਖਤਰਨਾਕ ਉਜਾੜਾ ਕਰ ਦਿਤਾ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਪੂਰਥਲਾ ਦੇ ਪਿੰਡਾਂ—ਅਸੀਕਲਾਂ, ਆਲੀਖੁਰਦ, ਚਕ ਪਤੀ, ਪਿੰਡ ਸਾਂਗਰਾ ਬਾਊਪੁਰ, ਬਾਊਪੁਰ, ਬਾਊਪੁਰ ਕਦੀਮ, ਬਾਊਪੁਰ ਜਦੀਦ, ਸੇਖ ਮਾਗਾ ਵਿੱਚ ਵੀ ਰਾਹਤ ਸਮੱਗਰੀ ਵੰਡੀ। ਇਸ ਵਿੱਚ ਪਸ਼ੂਆਂ ਲਈ ਫੀਡ ਅਤੇ ਚਾਰਾ ਵੀ ਸ਼ਾਮਲ ਸੀ। ਇਸ ਔਖੀ ਘੜੀ ਵਿਚ ਸਿੱਖ ਸੇਵਕ ਸੁਸਾਇਟੀ ਨੇ ਦਿੱਲੀ ਦੀ ਸੰਗਤ ਦੇ ਸਹਿਯੋਗ ਨਾਲ ਜਿਥੇ ਰਾਹਤ ਸਮੱਗਰੀ ਵੰਡੀ, ਉਥੇ ਮੈਡੀਕਲ ਮੋਬਾਈਲ ਵੈਨ ,ਜਿਸ ਵਿੱਚ ਡਾਕਟਰ ਸ਼ਾਮਲ ਸਨ, ਰਾਹੀਂ ਮਰੀਜ਼ਾਂ ਨੂੰ ਜਰੂਰੀ ਦਵਾਈਆਂ ਵੀ ਮੁਹੱਈਆ ਕਰਵਾਈਆਂ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਨੇ ਦੱਸਿਆ ਕਿ ਸਿੱਖ ਸੇਵਕ ਸੁਸਾਇਟੀ ਨੇ ਸੁਲਤਾਨਪੁਰ ਲੋਧੀ ਦੇ ਕੁਝ ਪਿੰਡਾਂ ਦਾ ਸਰਵੇਖਣ ਕੀਤਾ ਹੈ। ਸਰਵੇਖਣ ਅਨੁਸਾਰ ਖੇਤਾਂ ਵਿੱਚ ਰੇਤ ਦੀਆਂ ਸਿਲਟਾਂ ਬਝ ਗਈਆਂ ਨੇ, ਅਗਲੇ 4-5 ਮਹੀਨੇ ਫਸਲ ਦੀ ਆਸ ਵੀ ਨਹੀਂ। ਸਿੱਖ ਸੇਵਕ ਸੁਸਾਇਟੀ ਦੇ ਸਰਵੇਖਣ ਅਨੁਸਾਰ ਖੇਤਾਂ ਵਿੱਚ ਰੇਤ ਅਤੇ ਮਿੱਟੀ ਦੀ ਚਾਰ ਤੋਂ ਪੰਜ ਫੁੱਟ ਮੋਟੀ ਪਰਤ ਜਮ੍ਹਾਂ ਹੋ ਗਈ ਹੈ ਜਿਸ ਵਿੱਚ ਪਾਣੀ ਅਜੇ ਵੀ ਰਿਸ ਰਿਹਾ ਹੈ। ਮਿੱਟੀ ਅਤੇ ਰੇਤ ਦੀ ਮੋਟੀ ਪਰਤ ਨੂੰ ਹਟਾਉਣਾ ਕੋਈ ਸੌਖਾ ਨਹੀਂ ਹੈ। ਖਾਲਸਾ ਨੇ ਕਿਹਾ ਕਿ ਕਿਸਾਨਾਂ ਕੋਲ ਨਾ ਤਾਂ ਅਜਿਹੀ ਮਸ਼ੀਨਰੀ ਹੈ ਜਿਸ ਰਾਹੀਂ ਮਿੱਟੀ ਦੀ ਪਰਤ ਨੂੰ ਹਟਾਇਆ ਜਾ ਸਕੇ ਅਤੇ ਨਾ ਹੀ ਵਿੱਤੀ ਵਸੀਲੇ। ਉਹਨਾਂ ਕਿਹਾ ਕਿ ਖੇਤਾਂ ਵਿੱਚ ਮਿੱਟੀ ਅਤੇ ਰੇਤ ਦੇ ਮਿਸ਼ਰਨ ਦੀ ਪਰਤ ਜਮ੍ਹਾਂ ਹੈ, ਉਸ ਨੂੰ ਰੇਤ ਨਹੀਂ ਆਖਿਆ ਜਾ ਸਕਦਾ ਹੈ ਅਤੇ ਨਾ ਹੀ ਇਸ ਦਾ ਕੋਈ ਖ਼ਰੀਦਦਾਰ ਹੈ। ਸਰਕਾਰ ਵਾਹੀ ਯੋਗ ਜ਼ਮੀਨਾਂ ਨੂੰ ਠੀਕ ਕਰਨ ਲਈ ਵਿਆਪਕ ਪੱਧਰ ਉੱਤੇ ਮੁਹਿੰਮ ਸ਼ੁਰੂ ਕਰੇ ਅਤੇ ਇਸੇ ਮਿੱਟੀ ਨਾਲ ਧੁੱਸੀ ਬੰਨ੍ਹ, ਬਾਊਪੁਰ ਬੰਨ੍ਹ ਤੇ ਹੋਰ ਬੰਨ੍ਹ ਮਜ਼ਬੂਤ ਕਰਨੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਹੜ੍ਹ ਦੀ ਮਾਰ ਤੋਂ ਜ਼ਮੀਨਾਂ ਨੂੰ ਬਚਾਇਆ ਜਾ ਸਕੇ। ਉਹਨਾਂ ਦਸਿਆ ਕਿ ਸਥਿਤੀ ਇੰਨੀ ਜ਼ਿਆਦਾ ਖ਼ਰਾਬ ਹੈ ਕਿ ਹੜ੍ਹ ਕਾਰਨ ਕਿਸਾਨ ਆਰਥਿਕ ਤੌਰ ਉੱਤੇ ਦਸ ਸਾਲ ਪਿੱਛੇ ਚਲੇ ਗਏ ਹਨ, ਕਿਉਂਕਿ ਇੱਕ ਸਾਲ ਕੋਈ ਵੀ ਫ਼ਸਲ ਇਨ੍ਹਾਂ ਖੇਤਾਂ




ਵਿੱਚ ਨਹੀਂ ਹੋਣੀ। ਇਸ ਕਾਰਨ ਖੇਤ ਮਜਦੂਰਾਂ ਦੀ ਆਰਥਿਕਤਾ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ।

**ਪਿੰਡ ਮੁੰਡੀ ਕਾਲੂ ਨੂੰ ਭੇਟ ਕੀਤੀ ਕਿਸ਼ਤੀ**

ਖਾਲਸਾ ਨੇ ਦਸਿਆ ਕਿ ਹੜ੍ਹ ਕਾਰਨ ਜਲੰਧਰ ਦੇ ਪਿੰਡ ਮੁੰਡੀ ਕਾਲੂ ਦੇ ਆਲੇ ਦੁਆਲੇ ਪਾਣੀ ਚਾਰੇ ਪਾਸੇ ਫੈਲਿਆ ਹੋਇਆ ਹੈ। ਇਹ ਪਿੰਡ ਪੂਰੀ ਤਰ੍ਹਾਂ ਟਾਪੂ ਬਣ ਚੁਕਾ ਹੈ। ਉਥੇ



ਕਿਸ਼ਤੀਆਂ ਰਾਹੀਂ ਪਹੁੰਚ ਹੁੰਦਾ ਹੈ। ਅਜਿਹੇ ਵਿੱਚ ਸਿੱਖ ਸੇਵਕ ਸੁਸਾਇਟੀ ਨੇ ਕਿਸ਼ਤੀ (ਬੋਟ) ਦੀ ਸਹਾਇਤਾ ਨਾਲ ਨਾ ਸਿਰਫ਼ ਪਿੰਡ ਵਾਸੀਆਂ ਨੂੰ ਰਾਹਤ ਸਮੱਗਰੀ ਪਹੁੰਚਾਈ, ਸਗੋਂ ਇਸ ਕਿਸ਼ਤੀ ਨੂੰ ਪਿੰਡ ਵਾਸੀਆਂ ਨੂੰ ਸਮਰਪਿਤ ਕਰ ਦਿੱਤਾ ਤਾਂ ਜੋ ਹੋਰ ਹੜ੍ਹ ਪੀੜਤ ਖੇਤਰਾਂ ਵਿੱਚ ਮਦਦ ਕਰ ਸਕਣ।

ਦਿੱਲੀ ਦੀ ਸੰਗਤ ਦੀ ਅਗਵਾਈ ਵਿੱਚ ਭਾਈ ਚਰਨਜੀਤ ਸਿੰਘ ਖਾਲਸਾ, ਜਥੇਦਾਰ ਜਤਿੰਦਰ ਪਾਲ ਸਿੰਘ ਗੋਲਡੀ, ਸਰਬਜੀਤ ਸਿੰਘ ਖਾਲਸਾ, ਪ੍ਰਿਤਪਾਲ ਸਿੰਘ, ਭਾਈ ਮਨਜੀਤ ਸਿੰਘ ਅਤੇ ਹਰਪ੍ਰੀਤ ਸਿੰਘ ਗਲੋਬਲ ਆਦਿ ਨੇ ਦਿਨ-ਰਾਤ ਇੱਕ ਕਰਕੇ ਪੀੜਤਾਂ ਦੀ ਸੇਵਾ ਕੀਤੀ। ਉਹਨਾਂ ਕਿਹਾ ਕਿ ਅਸੀਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਸਮੇਂ ਸਿਰ ਬੰਨ੍ਹਾਂ ਦੀ ਮੁਰੰਮਤ, ਸੜਕਾਂ ਦੀ ਮੁੜ ਸੁਰਜੀਤੀ ਅਤੇ ਸਿਹਤ ਸੰਭਾਲ ਦੇ ਪ੍ਰਬੰਧ ਕੀਤੇ ਜਾਣ। ਨਹੀਂ ਤਾਂ ਇਹ ਖਤਰਾ ਹੋਰ ਵੱਧ ਸਕਦਾ ਹੈ।

**ਪਸ਼ੂਆਂ ਦੇ ਚਾਰੇ ਦੀ ਲੋੜ**

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸਕਤਰ ਜਨਰਲ ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ ਨੇ ਦਸਿਆ ਕਿ ਪਸ਼ੂਆਂ ਲਈ ਚਾਰੇ ਦੀ ਘਾਟ ਨੇ ਕਿਸਾਨਾਂ ਦੀ ਕਮਰ ਤੋੜ ਦਿੱਤੀ ਹੈ। ਸਿੱਖ ਸੇਵਕ ਸੁਸਾਇਟੀ ਕੁਝ ਹੜ੍ਹ ਪੀੜਤ ਪਿੰਡਾਂ ਵਿੱਚ ਪਸ਼ੂਆਂ ਦੇ ਚਾਰੇ ਦਾ ਪ੍ਰਬੰਧ ਕਰ ਰਹੇ ਹਾਂ। ਇਸ ਦੀ ਬਹੁਤ ਘਾਟ ਹੈ। ਉਨ੍ਹਾਂ ਦਸਿਆ ਕਿ ਸਭ ਤੋਂ ਭਿਆਨਕ—ਗੰਦਲੇ ਪਾਣੀ ਵਿੱਚ ਵਹਿ ਕੇ ਆਈਆਂ ਮਨੁੱਖੀ ਲਾਸ਼ਾਂ ਅਤੇ ਮਰੇ ਹੋਏ ਪਸ਼ੂ ਹਨ। ਇਸ ਗੰਦਲੇ ਪਾਣੀ ਨੇ ਹੁਣ ਬਦਬੂ ਦਾ ਅਜਿਹਾ ਆਲਮ ਪੈਦਾ ਕਰ ਦਿੱਤਾ ਹੈ ਕਿ ਸਾਹ ਲੈਣਾ ਵੀ ਔਖਾ ਹੋ ਗਿਆ ਤੇ ਭਿਆਨਕ ਬਿਮਾਰੀਆਂ ਦਾ ਖਤਰਾ ਵੀ ਪੈਦਾ ਹੋ ਗਿਆ ਹ ਉਹਨਾਂ ਦਸਿਆ ਕਿ ਸਰਕਾਰ ਨੂੰ ਹੁਣ ਅੱਗੇ ਆ ਕੇ ਬੰਨ੍ਹਾਂ ਦੀ ਮੁਰੰਮਤ, ਸੜਕਾਂ ਦੀ ਮੁੜ ਸੁਰਜੀਤੀ ਅਤੇ ਸਿਹਤ ਸੰਭਾਲ ਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣਾ ਹੋਵੇਗਾ। ਮੰਡ ਇਲਾਕੇ ਵਿੱਚ ਬਾਊਪੁਰ ਬਰਿਜ ਦੇ ਆਲੇ-ਦੁਆਲੇ ਦੇ ਪਿੰਡ ਬਿਆਸ ਦੇ ਪਾਣੀ ਨਾਲ ਡੁੱਬੇ ਹੋਏ ਹਨ। ਸਿੱਖ ਸੇਵਕ ਸੁਸਾਇਟੀ ਜਿਹੜੇ ਹੜ੍ਹ ਪੀੜਤ ਪਿੰਡਾਂ ਵਿੱਚ ਜਾ ਰਹੀ ਹੈ, ਮੈਡੀਕਲ ਸੇਵਾਵਾਂ ਦੇ ਰਹੀ ਹੈ। ਫੋਗਿੰਗ ਕੀਤੀ ਜਾ ਰਹੀ ਹੈ। ਇਸ ਮੌਕੇ ਸਾਹਿਬ ਸਿੰਘ ਆਰਟਿਸਟ, ਸੰਦੀਪ ਸਿੰਘ ਬੰਨੀ ਚਾਵਲਾ, ਬਲਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ, ਹਰਦੇਵ ਸਿੰਘ ਠੇਕੇਦਾਰ, ਭਾਈ ਮਨਜੀਤ ਸਿੰਘ ਗਤਕਾ ਮਾਸਟਰ ਅੰਮ੍ਰਿਤਸਰ , ਹਰਦੇਵ ਸਿੰਘ ਗਰਚਾ ਗੁਰਪ੍ਰੀਤ ਸਿੰਘ ਰਾਜੂ ,ਸੁਖਵਿੰਦਰ ਸਿੰਘ ਦਿਲੀ ਪੇਂਟ, ਕਮਲਜੀਤ ਸਿੰਘ ਜਮਸ਼ੇਰ ਵੀ ਇਸ ਹੜ੍ਹ ਪੀੜਤ ਕਾਰ ਸੇਵਾ ਵਿੱਚ ਸ਼ਾਮਲ ਹੋਏ।

# ਕੀ ਸਿੱਖ ਜਾਤੀਵਾਦੀ ਹਨ ? ਸਾਡੇ ਵਿਰੁੱਧ ਨਫ਼ਰਤੀ ਪ੍ਰਚਾਰ ਕਰਨ ਵਾਲੇ ਜੁਆਬ ਦੇਣ

## ਹੜ੍ਹਪੀੜਤ ਪਿੰਡ ਦਾ ਦ੍ਰਿਸ਼ ਦੇਖੋ, ਅਸੀਂ ਸਿੱਖ ਜਾਤੀ ਵਿਤਕਰਾ ਕਦੋਂ ਕਰਦੇ ਹਾਂ ?

ਇਹ ਪਿੰਡ ਸ਼ੇਖ ਮਾਗਾ ਸੁਲਤਾਨਪੁਰ ਲੋਧੀ ਹੜ੍ਹ ਪੀੜਤ ਪਿੰਡ ਹੈ ਜਿਥੇ ਜੱਟ ਸਿੱਖਾਂ ਦੀ ਘੱਟ ਗਿਣਤੀ ਹੈ ਮਜ਼੍ਹਬੀ ਸਿੱਖਾਂ ਦੀ ਜ਼ਿਆਦਾ ਹੈ। ਇਥੇ ਸਾਡੇ ਜਥੇ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਮੈਡੀਕਲ ਸੇਵਾ ਕੀਤੀ। ਹੋਰ ਜ਼ਰੂਰੀ ਸਮਗਰੀ ਵੰਡੀ। ਜਿਸ ਵਿੱਚ ਕੱਪੜੇ,ਖਾਣ ਪੀਣ ਦੀ ਸਮੱਗਰੀ, ਆਡੋਮਾਸ, ਸਾਬਨ ਪੇਸਟ ,ਪਸ਼ੂਆਂ ਦੀ ਫੀਡ ਆਦਿ ਸ਼ਾਮਲ ਸਨ।

ਹੁਣ ਆਹ ਫੋਟੋ ਸਬੂਤ ਹੈ ਕਿ ਗੁਰਦੁਆਰੇ ਵਿੱਚ ਪਹਿਲ ਦੇ ਆਧਾਰ ਉਪਰ ਦਲਿਤਾਂ ਨੂੰ ਰਾਹਤ ਸਮੱਗਰੀ ਦਿੱਤੀ ਜਾ ਰਹੀ ਹੈ। ਉਥੋਂ ਦਾ ਇੱਕ ਮਜ਼੍ਹਬੀ ਸਿੱਖ ਦੋ ਵੱਡੀਆਂ ਬੋਤਲਾਂ ਕੋਲਡ ਡਰਿੰਕਾਂ ਦੀ ਚੁੱਕ ਲਿਆਇਆ ਕਿ ਮੈਂ ਆਪਣੇ ਸਿੱਖ ਵੀਰਾਂ ਨੂੰ ਪਿਆਉਣੀਆਂ ਹਨ ਜੋ ਸਾਡੇ ਲਈ ਰਾਹਤ ਸਮੱਗਰੀ ਲੈ ਕੇ ਆਏ ਹਨ। ਜਿੰਨਾ ਚਿਰ ਉਸਨੇ ਸਾਨੂੰ ਬੋਤਲ ਗਿਲਾਸਾਂ ਵਿੱਚ ਪਾ ਕੇ ਨਾ ਪਿਆਈ, ਉਸ ਨੂੰ ਸਾਹ ਨਹੀਂ ਆਇਆ।

ਇਹ ਦੱਬੇ ਕੁਚਲੇ ਵੀਰ ਭਾਵੇਂ ਹੜ੍ਹ ਪੀੜਤ ਹਨ ਸਾਡਾ ਇੰਨਾ ਮਾਣ ਕਰਦੇ ਹਨ ਸਾਡਾ ਦਿਲ ਖੁਸ਼ ਹੋ ਜਾਂਦਾ ਹੈ। ਜੱਟ ਵੀਰ ਸਾਨੂੰ ਸਹਿਯੋਗ ਦਿੰਦੇ ਪਹਿਲ ਦੇ ਆਧਾਰ ਉੱਪਰ ਇਹਨਾਂ ਦੱਬੇ ਕੁਚਲਿਆਂ ਦਾ ਖਿਆਲ ਰੱਖਦੇ ਹਨ ਕਿ ਮਜ਼੍ਹਬੀ ਸਿੱਖਾਂ ਤੇ ਖੇਤ ਮਜ਼ਦੂਰਾਂ ਨੂੰ ਪਹਿਲਾਂ ਰਾਹਤ ਸਮੱਗਰੀ ਮਿਲੇ। ਜੋ ਬਚੇ ਤਾਂ ਸਾਨੂੰ ਦੇ ਦੇਣਾ। ਸਾਡੇ ਸਿੱਖਾਂ ਵਿੱਚ ਸਤਿਗੁਰੂ ਬਾਬੇ ਨਾਨਕ ਦਾ ਵਾਸਾ ਹੈ, ਉਹ ਸਾਨੂੰ ਕਿਸੇ ਨਾਲ ਕਿਥੇ ਵਿਤਕਰਾ ਕਰਨ ਦਿੰਦਾ ਹੈ ਕਿ ਉਹ ਜੱਟ ਹੈ, ਉਹ ਦਲਿਤ ਹੈ, ਬ੍ਰਾਹਮਣ ਹੈ ,ਹਿੰਦੂ ਹੈ, ਮੁਸਲਮਾਨ ਹੈ ਜਾਂ ਇਸਾਈ ਹੈ ਜਾਂ ਬਾਲਮੀਕੀ। ਸਾਡੇ ਲਈ ਸਭ ਭਾਈ ਬੰਧੂ ਹਨ। ਪਰ ਪੰਜਾਬ ਵਿੱਚ ਕੁਝ ਕੁ ਉੱਜੜ ਕਿਸਮ ਦੇ ਲੋਕ ਹਨ ਜਿਨ੍ਹਾਂ ਨੂੰ ਸਿੱਖ ਪੰਥ ਦੀ ਸੇਵਾ ਚੰਗੀ ਨਹੀਂ ਲਗਦੀ। ਉਹ ਨਹੀਂ ਸਹਿਣ ਕਰ ਸਕਦੇ ਕਿ ਸਿੱਖ ਪੰਥ ਦਾ ਨਾਮ ਵਿਸ਼ਵ ਵਿੱਚ ਰੋਸ਼ਨ ਹੋਵੇ।

ਕਦੇ ਉਹ ਪੰਥ ਵਿਰੋਧੀ ਸਿਆਸਤ ਦੇ ਟੂਲ ਬਣਦੇ ਹਨ ਕਦੇ ਨਕਲੀ ਪਾਸਟਰਾਂ ਦੀਆਂ ਕਠਪੁਤਲੀਆਂ। ਇਹੀ ਧਰਮਹੀਣ ਤੇ ਨੈਤਿਕਤਾ ਤੋਂ ਡਿੱਗੇ ਲੋਕ ਹਨ ਜੋ ਨਕਲੀ ਪਾਸਟਰਾਂ ਦੇ ਕਹਿਣ ਉੱਪਰ ਗੁਰਦੁਆਰੇ ਦਾ ਪ੍ਰਸ਼ਾਦ ਨਹੀਂ ਲੈਂਦੇ ਪਰ ਸੁੱਕੇ ਖੇਤਰਾਂ ਵਿੱਚ ਖੜ ਕੇ ਰਾਹਤ ਸਮੱਗਰੀ ਦੀਆਂ ਗੱਡੀਆਂ, ਕਾਫਲੇ ਘੇਰਦੇ ਰਾਹਤ ਸਮੱਗਰੀ ਸਿੱਖਾਂ ਕੋਲੋਂ ਮੰਗਦੇ ਹਨ ਪਰ ਅਸੀਂ ਕਿਉਂ ਇਹਨਾਂ ਨੂੰ ਰਾਹਤ ਸਮੱਗਰੀ ਵੰਡ ਕੇ ਪੰਜਾਬ ਦੇ ਲੋਕਾਂ ਨੂੰ ਭਿਖਾਰੀ ਬਣਾਈਏ। ਇਹੀ ਉੱਜੜ ਲੋਕ ਸਿੱਖਾਂ ਵਿਰੁੱਧ ਜਾਤੀਵਾਦੀ ਪ੍ਰਚਾਰ ਕਰਦੇ ਹਨ। ਸਿੱਖਾਂ ਦੀਆਂ ਸੇਵਾਵਾਂ ਹੁਣ ਤਕ ਜੰਗੀ ਪੱਧਰ ਉਪਰ ਚਲ ਰਹੀਆਂ ਹਨ। ਸਿੱਖ ਜਿਥੇ ਜਿਥੇ ਵਸਦਾ ਹੈ ਪੰਜਾਬ ਨੂੰ ਬਚਾਉਣ ਲਈ ਦਸਵੰਧ ਭੇਂਟ ਕਰ ਰਿਹਾ ਹੈ। ਸਿੱਖਾਂ ਦੀ ਸੇਵਾ ਜਾਰੀ ਹੈ। ਸਿੱਖ ਮਨੁੱਖਤਾ ਦੇ ਰਾਖੇ ਹਨ।

# ਪੰਜਾਬ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਕੈਨੇਡਾ 'ਚ 'ਖ਼ਾਲਸਾ ਏਡ' ਨੇ ਢਾਈ ਲੱਖ ਡਾਲਰ ਦੀ ਰਾਸ਼ੀ ਇਕੱਤਰ ਕੀਤੀ

ਵਿਨੀਪੈਗ/ ਏ.ਟੀ. ਨਿਊਜ਼ : ਵਿਸ਼ਵ ਭਰ ਵਿੱਚ ਮਨੁੱਖਤਾ ਦੀ ਸੇਵਾ ਕਰ ਰਹੀ ਸੰਸਥਾ 'ਖ਼ਾਲਸਾ ਏਡ' ਨੇ ਕੈਨੇਡਾ ਦੇ ਸੂਬੇ ਮੈਨੀਟੋਬਾ ਦੇ ਵਿਨੀਪੈਗ ਸ਼ਹਿਰ ਵਿੱਚ ਪੰਜਾਬ ਹੜ੍ਹ ਪੀੜਤਾਂ ਲਈ ਢਾਈ ਲੱਖ ਡਾਲਰ ਇਕੱਤਰ ਕੀਤੇ ਹਨ। ਇਸ ਵਿੱਚ ਮੈਨੀਟੋਬਾ ਸਰਕਾਰ ਵੱਲੋਂ ਜਾਰੀ ਕੀਤੀ ਗਈ ਇੱਕ ਲੱਖ ਡਾਲਰ ਦੀ ਸਹਾਇਤਾ ਰਾਸ਼ੀ ਵੀ ਸ਼ਾਮਲ ਹੈ। ਮੈਨੀਟੋਬਾ ਸੂਬੇ ਦੀਆਂ ਸਿੱਖ ਸੰਗਤਾਂ ਵੱਲੋਂ ਵੱਖਰੇ ਤੌਰ 'ਤੇ ਡੇਢ ਲੱਖ ਦੀ ਰਾਸ਼ੀ ਇਕੱਠੀ ਕਰਕੇ




ਖ਼ਾਲਸਾ ਏਡ ਨੂੰ ਦਿੱਤੀ ਗਈ ਹੈ।

ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਖ਼ਾਲਸਾ ਏਡ ਦੇ ਮੁਖੀ ਰਵੀ ਸਿੰਘ ਨੂੰ ਸੂਬੇ ਦੇ ਮੁੱਖ ਮੰਤਰੀ ਵੈੱਬ ਕਿਨਊ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਵੱਲੋਂ ਇੱਕ ਲੱਖ ਡਾਲਰ ਦਾ ਚੈੱਕ ਸੌਂਪਿਆ ਗਿਆ। ਮੁੱਖ ਮੰਤਰੀ ਵੈੱਬ ਕਿਨਊ ਨੇ ਖ਼ਾਲਸਾ ਏਡ ਵੱਲੋਂ ਪੂਰੀ ਦੁਨੀਆ ਵਿੱਚ ਮਾਨਵਤਾ ਦੀ ਭਲਾਈ ਲਈ ਵੱਖ-ਵੱਖ ਸਮਿਆਂ 'ਤੇ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਕੁਦਰਤੀ ਆਫ਼ਤਾਂ ਜਾਂ ਹੋਰ ਮੁਸੀਬਤਾਂ ਵਿੱਚ ਕੀਤੇ ਜਾਂਦੇ ਯਤਨਾਂ ਨੇ ਪੂਰੀ ਦੁਨੀਆ ਵਾਸਤੇ ਇੱਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਇਸ ਸਹਾਇਤਾ ਰਾਸ਼ੀ ਨਾਲ ਭਾਰਤ ਅਤੇ ਪਾਕਿਸਤਾਨ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਤਾਲਮੇਲ ਵਾਲੇ ਐਮਰਜੈਂਸੀ ਰਾਹਤ ਯਤਨਾਂ ਵਿੱਚ ਸਹਾਇਤਾ ਮਿਲੇਗੀ।

# ਨੇਪਾਲ ’ਚ ਜੈਨ-ਜ਼ੀ ਅੰਦੋਲਨ ਕਾਰਨ ਤਖ਼ਤਾ ਪਲਟਿਆ

- ਸੰਸਦ ਤੋਂ ਸੁਪਰੀਮ ਕੋਰਟ ਤੱਕ, ਨੇਪਾਲ ਵਿੱਚ ਉਥਲ-ਪੁਥਲ ਹੋਈ
- ਸੁਸ਼ੀਲਾ ਕਾਰਕੀ ਦੀ ਅੰਤਰਿਮ ਸਰਕਾਰ ਬਣੀ: ਨੇਪਾਲ ਵਿੱਚ ਸ਼ਾਂਤੀ ਅਤੇ ਸਥਿਰਤਾ ਦੀ ਉਮੀਦ
- ਕੀ ਨੇਪਾਲੀ ਅੰਦੋਲਨ ਦਾ ਭਾਰਤ ’ਤੇ ਪ੍ਰਭਾਵ ਪਵੇਗਾ ?





ਨੇਪਾਲੀ ਅੰਦੋਲਨ 8 ਸਤੰਬਰ ਨੂੰ ਕਾਠਮੰਡੂ ਵਿੱਚ ਸ਼ੁਰੂ ਹੋਇਆ ਸੀ, ਜਿੱਥੇ ਹਜ਼ਾਰਾਂ ਵਿਦਿਆਰਥੀਆਂ ਨੇ ਸੰਸਦ ਭਵਨ ਵੱਲ ਮਾਰਚ ਕੀਤਾ ਸੀ। ਪੁਲਿਸ ਨੇ ਟੀਅਰ ਗੈਸ, ਰਬੜ ਗੋਲੀਆਂ ਅਤੇ ਅਸਲ ਗੋਲੀਆਂ ਨਾਲ ਜਵਾਬ ਦਿੱਤਾ, ਜਿਸ ਨਾਲ ਪਹਿਲੇ ਹੀ ਦਿਨ 19 ਲੋਕ ਮਾਰੇ ਗਏ ਸਨ ਅਤੇ 100 ਤੋਂ ਵੱਧ ਜ਼ਖ਼ਮੀ ਹੋਏ ਸਨ। ਅੰਦੋਲਨ ਤੇਜ਼ੀ ਨਾਲ ਪੂਰੇ ਨੇਪਾਲ ਵਿੱਚ ਫੈਲ ਗਿਆ ਸੀ, ਜਿੱਥੇ ਨੌਜਵਾਨਾਂ ਨੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਅਸਮਾਨਤਾ ਵਿਰੁੱਧ ਨਾਅਰੇ ਲਗਾਏ। 9 ਸਤੰਬਰ ਨੂੰ ਹਿੰਸਾ ਫੈਲ ਗਈ, ਜਦੋਂ ਪ੍ਰਦਰਸ਼ਕਾਰੀਆਂ ਨੇ ਸੰਸਦ ਭਵਨ, ਸੁਪਰੀਮ ਕੋਰਟ, ਸਿੰਘ ਦੁਰਬਾਰ (ਸਰਕਾਰੀ ਦਫਤਰਾਂ ਦਾ ਕੰਪਲੈਕਸ) ਅਤੇ ਰਾਜਨੀਤਿਕ ਆਗੂਆਂ ਦੇ ਘਰਾਂ ਨੂੰ ਅੱਗ ਲਗਾ ਦਿੱਤੀ। ਨੇਪਾਲੀ ਕਾਂਗਰਸ ਅਤੇ ਯੂ.ਐੱਮ.ਐੱਲ. ਪਾਰਟੀ ਦੇ ਦਫਤਰ ਵੀ ਨਿਸ਼ਾਨਾ ਬਣੇ ਸਨ। ਹੋਟਲ ਹਿਲਟਨ ਅਤੇ ਹੋਰ ਵਪਾਰਕ ਸਥਾਨਾਂ ਨੂੰ ਨੁਕਸਾਨ ਹੋਇਆ, ਜਿਸ ਨਾਲ ਟੂਰਿਜ਼ਮ ਉਦਯੋਗ ਨੂੰ ਭਾਰੀ ਝਟਕਾ ਲੱਗਾ। ਅੰਦੋਲਨ ਦੌਰਾਨ 7 ਰਾਜਾਂ (ਪ੍ਰਦੇਸ਼ਾਂ) ਵਿੱਚ ਕਰਫਿਊ ਲੱਗਾ – ਬਾਗਮਤੀ, ਕੋਸੀ, ਕਰਨਾਲੀ, ਸੁਦੂਰ ਪੱਛਮੀ, ਗੰਡਕੀ ਅਤੇ ਹੋਰ। ਕਾਠਮੰਡੂ ਵੈਲੀ ਵਿੱਚ ਸਖ਼ਤ ਪਾਬੰਦੀਆਂ ਲੱਗੀਆਂ, ਜਿੱਥੇ 5 ਵਿਅਕਤੀਆਂ ਤੋਂ ਵੱਧ ਇਕੱਠੇ ਹੋਣਾ ਮਨ੍ਹਾ ਸੀ। ਇਸ ਹਿੰਸਾ ਨੇ ਨੇਪਾਲ ਨੂੰ ਆਰਥਿਕ ਤੌਰ ਉੱਤੇ ਵੀ ਨੁਕਸਾਨ ਪਹੁੰਚਾਇਆ, ਜਿਵੇਂ ਏਅਰਪੋਰਟ ਬੰਦ ਹੋਣ ਨਾਲ ਅਰਬਾਂ ਰੁਪਏ ਦਾ ਘਾਟਾ ਹੋਇਆ। ਹਿੰਸਾ ਵਿੱਚ ਕੁੱਲ 51 ਲੋਕ ਮਾਰੇ ਗਏ, ਜਿਨ੍ਹਾਂ ਵਿੱਚ 21 ਪ੍ਰਦਰਸ਼ਕਾਰੀ, 9 ਕੈਦੀ, 3 ਪੁਲਿਸ ਅਧਿਕਾਰੀ ਅਤੇ 18 ਹੋਰ ਸ਼ਾਮਲ ਹਨ। 1300 ਤੋਂ ਵੱਧ ਲੋਕ ਜ਼ਖ਼ਮੀ ਹੋਏ। ਸੰਸਦ ਭਵਨ ਅਤੇ ਸੁਪਰੀਮ ਕੋਰਟ ਨੂੰ ਅੱਗ ਲੱਗੀ, ਜਿਸ ਨਾਲ ਲੱਖਾਂ ਡਾਲਰ ਦਾ ਨੁਕਸਾਨ ਹੋਇਆ। ਜੇਲ੍ਹਾਂ ਤੋਂ ਭੱਜੇ ਕੈਦੀਆਂ ਨੇ ਸੁਰੱਖਿਆ ਨੂੰ ਹੋਰ ਖ਼ਤਰਨਾਕ ਬਣਾ ਦਿੱਤਾ। ਉਸ ਸਮੇਂ ਦੇ ਨੇਪਾਲ ਦੇ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੇ ਇਸ ਅੰਦੋਲਨ ਨੂੰ ਭਾਰਤ ਅਤੇ ਅਮਰੀਕੀ ਸੀ.ਆਈ.ਏ. ਦੀ ਸਾਜ਼ਿਸ਼ ਕਿਹਾ ਸੀ, ਪਰ ਇਸ ਦਾ ਕੋਈ ਅਸਰ ਨਹੀਂ ਹੋਇਆ।





ਰਾਜਨੀਤਿਕ ਤੌਰ ਉੱਤੇ ਵੱਡੀ ਘਟਨਾ 10 ਸਤੰਬਰ ਨੂੰ ਵਾਪਰੀ ਜਦੋਂ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੂੰ ਅਸਤੀਫਾ ਦੇਣਾ ਪਿਆ ਅਤੇ ਦੇਸ਼ ਛੱਡ ਗਿਆ। ਅੰਦੋਲਨ ਨੇ ਪੁਰਾਣੀ ਸਰਕਾਰ ਨੂੰ ਡੇਗ ਦਿੱਤਾ ਅਤੇ ਫ਼ੌਜ ਨੂੰ ਸ਼ਹਿਰਾਂ ਵਿੱਚ ਤਾਇਨਾਤ ਕਰਨਾ ਪਿਆ। ਜਦਕਿ ਰਾਸ਼ਟਰਪਤੀ ਰਾਮ ਚੰਦਰ ਪਾਉਡੇਲ ਨੇ ਅੰਤਰਿਮ ਸਰਕਾਰ ਬਣਾਉਣ ਲਈ ਗੱਲਬਾਤ ਸ਼ੁਰੂ ਕੀਤੀ। ਓਲੀ ਵਰਗੇ ਛੇ ਪੁਰਾਣੇ ਪੀ. ਐੱਮ. – ਜਿਵੇਂ ਪੁਸ਼ਪ ਕਮਲ ਦਹਲ ਪ੍ਰਚੰਡ ਅਤੇ ਸ਼ੇਰ ਬਹਾਦੁਰ ਦੇਉਬਾ – ਨੂੰ ਹੁਣ ਰਿਟਾਇਰ ਕਰਨ ਦੀ ਤਿਆਰੀ ਚੱਲ ਰਹੀ ਹੈ, ਕਿਉਂਕਿ ਨੌਜਵਾਨ ਉਨ੍ਹਾਂ ਨੂੰ ਭ੍ਰਿਸ਼ਟ ਮੰਨਦੇ ਹਨ। ਰਾਸ਼ਟਰਪਤੀ ਪਾਉਡੇਲ ਨੇ ਫ਼ੌਜ ਨਾਲ ਮਿਲ ਕੇ ਸਥਿਤੀ ਨੂੰ ਕੰਟਰੋਲ ਕੀਤਾ ਅਤੇ 12 ਸਤੰਬਰ ਨੂੰ ਸੁਸ਼ੀਲਾ ਕਾਰਕੀ ਨੂੰ ਅੰਤਰਿਮ ਪੀਐੱਮ ਨਿਯੁਕਤ ਕੀਤਾ। 73 ਸਾਲ ਦੀ ਕਾਰਕੀ, ਸਾਬਕਾ ਚੀਫ਼ ਜਸਟਿਸ, ਭ੍ਰਿਸ਼ਟਾਚਾਰ ਵਿਰੋਧੀ ਵਜੋਂ ਜਾਣੀ ਜਾਂਦੀ ਹੈ ਅਤੇ ਨੌਜਵਾਨਾਂ ਦੀ ਪਸੰਦ ਸੀ। ਨਵੀਂ ਸਰਕਾਰ ਵਿੱਚ ਬਲਾਨੰਦਾ ਸ਼ਰਮਾ ਪਾਉਡੇਲ (ਹੋਮ ਮੰਤਰੀ) ਅਤੇ ਕੁਲਮਾਨ ਘਿਸਿੰਗ (ਵਾਟਰ ਰਿਸੋਰਸੇਜ਼ ਮੰਤਰੀ) ਸ਼ਾਮਲ ਹਨ। ਚੋਣਾਂ 5 ਮਾਰਚ 2026 ਤੱਕ ਕਰਵਾਉਣ ਦਾ ਵਾਅਦਾ ਕੀਤਾ ਗਿਆ ਹੈ।

ਕਾਰਕੀ ਨੇ ਭ੍ਰਿਸ਼ਟਾਚਾਰ ਦੀ ਜਾਂਚ ਅਤੇ ਮਾਰੇ ਗਏ ਨੌਜਵਾਨਾਂ ਦੇ ਪਰਿਵਾਰਾਂ ਨੂੰ ਨਿਆਂ ਦੇਣ ਦਾ ਵਾਅਦਾ ਕੀਤਾ ਹੈ। ਫ਼ੌਜ ਅਤੇ ਪੁਲਿਸ ਨਿਗਰਾਨੀ ਕਰ ਰਹੇ ਹਨ ਤਾਂ ਜੋ ਨਵੀਂ ਹਿੰਸਾ ਨਾ ਹੋਵੇ। ਹੁਣ ਨੇਪਾਲ ਦੀ ਸਥਿਤੀ ਬਿਹਤਰ ਹੋ ਰਹੀ ਹੈ ਅਤੇ ਡਰ ਅਤੇ ਅਨਿਸ਼ਚਿਤਤਾ ਘੱਟ ਰਹੀ ਹੈ।

### ਨੇਪਾਲੀ ਅੰਦੋਲਨ ਦਾ ਭਾਰਤ ਉੱਤੇ ਕੀ ਪ੍ਰਭਾਵ ਪਵੇਗਾ ?

ਨੇਪਾਲ ਅੰਦੋਲਨ ਨੇ ਭਾਰਤ ਵਿੱਚ ਵੀ ਗੂੰਜ ਪਾਈ ਹੈ। ਭਾਰਤ ਵਿੱਚ ਨੌਜਵਾਨ ਬੇਰੁਜ਼ਗਾਰੀ (20–24 ਸਾਲਾਂ ਵਿੱਚ 40 ਫੀਸਦੀ ਤੋਂ ਵੱਧ) ਅਤੇ ਅਸਮਾਨਤਾ ਨਾਲ ਜੂਝ ਰਹੇ ਹਨ, ਜੋ ਨੇਪਾਲ ਵਰਗੀ ਹੈ। ਇਹ ਅੰਦੋਲਨ ਭਾਰਤ ਵਿੱਚ ਵੀ ਨੌਜਵਾਨੀ ਅੰਦੋਲਨਾਂ ਨੂੰ ਭੜਕਾ ਸਕਦਾ ਹੈ, ਕਿਉਂਕਿ 140 ਕਰੋੜ ਆਬਾਦੀ ਅਤੇ ਵਿਭਿੰਨਤਾ ਕਾਰਨ ਹਾਲਾਤ ਭਿਆਨਕ ਹੋ ਸਕਦੇ ਹਨ। ਭਾਰਤੀ ਰਾਜਨੀਤਕ ਲੋਕਾਂ ਨੇ ਚਿਤਾਵਨੀ ਦਿੱਤੀ ਕਿ ਨੌਜਵਾਨਾਂ ਦਾ ਗੁੱਸਾ ਵਧ ਰਿਹਾ ਹੈ। ਭਾਰਤ ਸਰਕਾਰ ਨੇ ਨੇਪਾਲੀ ਅੰਦੋਲਨ ਉੱਤੇ ਤਿੱਖੀ ਨਜ਼ਰ ਰੱਖੀ ਅਤੇ ਭਾਰਤੀ ਨਾਗਰਿਕਾਂ ਨੂੰ ਨੇਪਾਲ ਨਾ ਜਾਣ ਦੀ ਸਲਾਹ ਦਿੱਤੀ ਸੀ। ਐੱਮਈਏ ਨੇ ਯੂਪੀ, ਬਿਹਾਰ ਅਤੇ ਉੱਤਰਾਖੰਡ ਵਿੱਚ ਸਰਹੱਦਾਂ ਉੱਤੇ ਸੁਰੱਖਿਆ ਵਧਾਈ ਹੈ। ਪੀਐੱਮ ਨਰਿੰਦਰ ਮੋਦੀ ਨੇ ਨਵੀਂ ਸਰਕਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਭਾਰਤ ਨੇਪਾਲ ਦੀ ਸ਼ਾਂਤੀ ਲਈ ਵਚਨਬੱਧ ਹੈ। ਇਹ ਅੰਦੋਲਨ ਦੱਸਦਾ ਹੈ ਕਿ ਡਿਜੀਟਲ ਯੁੱਗ ਵਿੱਚ ਨੌਜਵਾਨ ਤੇਜ਼ ਬਦਲਾਅ ਚਾਹੁੰਦੇ ਹਨ ਅਤੇ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਸੁਣੇ।


## ਅਮਰੀਕਾ-ਭਾਰਤ ਟੈਰਿਫ ਵਿਵਾਦ

# ਬਾਬਾ ਰਾਮਦੇਵ ਦੀ ਸਵਦੇਸ਼ੀ ਮੁਹਿੰਮ ਦਾ ਕੀ ਲੋਕਾਂ ਨੂੰ ਲਾਭ ਹੋਵੇਗਾ ?

## ਕੀ ਪਤੰਜਲੀ ਦੀ ਮਾਰਕੀਟਿੰਗ ਵਪਾਰਕ ਹਥਕੰਡਾ ਹੈ ?

ਅਮਰੀਕਾ ਅਤੇ ਭਾਰਤ ਵਿਚਕਾਰ ਚੱਲ ਰਿਹਾ ਟੈਰਿਫ ਵਿਵਾਦ ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਲਈ ਵਰਦਾਨ ਸਾਬਤ ਹੋ ਰਿਹਾ ਹੈ। ਇਸ ਵਿਵਾਦ ਨੇ ਸਵਦੇਸ਼ੀ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਦਾ ਮਾਹੌਲ ਪੈਦਾ ਕੀਤਾ ਹੈ, ਜਿਸ ਦਾ ਸਿੱਧਾ ਫਾਇਦਾ ਰਾਮਦੇਵ ਦੀ ਕੰਪਨੀ ਨੂੰ ਮਿਲ ਰਿਹਾ ਹੈ। 27 ਅਗਸਤ 2025 ਨੂੰ ਅਮਰੀਕਾ ਵੱਲੋਂ ਭਾਰਤੀ ਉਤਪਾਦਾਂ ’ਤੇ 25 ਫੀਸਦੀ ਵਾਧੂ ਟੈਰਿਫ ਲਾਗੂ ਕਰਨ ਦੇ ਐਲਾਨ ਤੋਂ ਬਾਅਦ, ਰਾਮਦੇਵ ਨੇ ਸਵਦੇਸ਼ੀ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ। ਉਸ ਨੇ ਪਤੰਜਲੀ ਦੇ ਉਤਪਾਦਾਂ ਨੂੰ ਭਾਰਤੀ ਸਵੈਮਾਣ ਅਤੇ ਸਵਦੇਸ਼ੀ ਅੰਦੋਲਨ ਨਾਲ ਜੋੜ ਕੇ ਲੋਕਾਂ ਨੂੰ ਆਕਰਸ਼ਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਵਦੇਸ਼ੀ ਅਪਣਾਉਣ ਦੀ ਅਪੀਲ ਨੇ ਵੀ ਰਾਮਦੇਵ ਦੀ ਇਸ ਮੁਹਿੰਮ ਨੂੰ ਹੋਰ ਬਲ ਦਿੱਤਾ।

ਪਰ ਸਵਾਲ ਇਹ ਹੈ ਕਿ ਕੀ ਪਤੰਜਲੀ ਦੇ ਉਤਪਾਦਾਂ ਦੀ ਗੁਣਵੱਤਾ ਅਤੇ ਲੋਕਾਂ ਦਾ ਵਿਸ਼ਵਾਸ ਇਸ ਮੁਹਿੰਮ ਨੂੰ ਸਫਲ ਬਣਾ ਸਕਦਾ ਹੈ, ਖਾਸਕਰ ਜਦੋਂ ਕੰਪਨੀ ਨੂੰ ਅਦਾਲਤਾਂ ਤੋਂ ਕਈ ਵਾਰ ਚਿਤਾਵਨੀਆਂ ਮਿਲ ਚੁੱਕੀਆਂ ਹਨ?



ਸਵਦੇਸ਼ੀ ਦੀ ਆੜ ਵਿੱਚ ਪਤੰਜਲੀ ਦੀ ਚਮਕ

ਬਾਬਾ ਰਾਮਦੇਵ ਪਿਛਲੇ ਕਈ ਸਾਲਾਂ ਤੋਂ ਪਤੰਜਲੀ ਨੂੰ ਸਵਦੇਸ਼ੀ ਬ੍ਰਾਂਡ ਦੇ ਰੂਪ ਵਿੱਚ ਪ੍ਰਚਾਰਦਾ ਰਿਹਾ ਹੈ। ਉਸ ਦਾ ਦਾਅਵਾ ਹੈ ਕਿ ਪਤੰਜਲੀ ਦੇ ਉਤਪਾਦ ਭਾਰਤੀ ਸੰਸਕ੍ਰਿਤੀ ਅਤੇ ਆਯੁਰਵੇਦ ਦੀ ਦੇਣ ਹਨ, ਜੋ ਵਿਦੇਸ਼ੀ ਕੰਪਨੀਆਂ ਦੇ ਮੁਕਾਬਲੇ ਵਧੇਰੇ ਸ਼ੁੱਧ ਅਤੇ ਕਿਫਾਇਤੀ ਹਨ। ਅਮਰੀਕਾ-ਭਾਰਤ ਟੈਰਿਫ ਵਿਵਾਦ ਨੇ ਉਸ ਨੂੰ ਇੱਕ ਸੁਨਹਿਰੀ ਮੌਕਾ ਦਿੱਤਾ ਹੈ। ਜਦੋਂ ਅਮਰੀਕਾ ਨੇ ਭਾਰਤੀ ਸਟੀਲ, ਅਲਮੀਨੀਅਮ ਅਤੇ ਹੋਰ ਉਤਪਾਦਾਂ ’ਤੇ ਵਾਧੂ ਟੈਰਿਫ ਲਗਾਇਆ, ਤਾਂ ਭਾਰਤ ਨੇ ਵੀ ਜਵਾਬੀ ਕਾਰਵਾਈ ਵਜੋਂ ਅਮਰੀਕੀ ਉਤਪਾਦਾਂ, ਜਿਵੇਂ ਕਿ ਸੇਬ, ਬਦਾਮ ਅਤੇ ਹੋਰ ਖੇਤੀਬਾੜੀ ਵਸਤਾਂ ’ਤੇ ਟੈਰਿਫ ਵਧਾ ਦਿੱਤੇ। ਇਸ ਨਾਲ ਵਿਦੇਸ਼ੀ ਉਤਪਾਦ ਮਹਿੰਗੇ ਹੋ ਗਏ, ਅਤੇ ਰਾਮਦੇਵ ਨੇ ਇਸ ਮੌਕੇ ਦਾ ਫਾਇਦਾ ਉਠਾਉਂਦਿਆਂ ਪਤੰਜਲੀ ਦੇ ਸਵਦੇਸ਼ੀ ਉਤਪਾਦਾਂ ਨੂੰ ਪ੍ਰਮੋਟ ਕਰਨਾ ਸ਼ੁਰੂ ਕਰ ਦਿੱਤਾ।

ਰਾਮਦੇਵ ਅਤੇ ਉਸ ਦੀ ਟੀਮ ਨੇ ਟੈਲੀਵਿਜ਼ਨ ਚੈਨਲਾਂ, ਸੋਸ਼ਲ ਮੀਡੀਆ ਅਤੇ ਜਨਤਕ ਸਮਾਗਮਾਂ ਰਾਹੀਂ ਪਤੰਜਲੀ ਦੇ ਉਤਪਾਦਾਂ ਨੂੰ ‘ਭਾਰਤੀ ਸਵੈਮਾਣ’ ਦਾ ਪ੍ਰਤੀਕ ਦੱਸਿਆ। ਦਿੱਲੀ ਅਤੇ ਨੋਇਡਾ ਦੇ ਮੀਡੀਆ ਹਾਊਸਾਂ ਵਿੱਚ ਉਸ ਦੀਆਂ ਇੰਟਰਵਿਊਆਂ ਵਿੱਚ ਇਹ ਸੁਨੇਹਾ ਸਪੱਸ਼ਟ ਸੀ ਕਿ ਭਾਰਤੀ ਬਾਜ਼ਾਰ ਨੂੰ ਵਿਦੇਸ਼ੀ ਕੰਪਨੀਆਂ ਤੋਂ ਬਚਾਉਣ ਲਈ ਸਵਦੇਸ਼ੀ ਅਪਣਾਉਣਾ ਜ਼ਰੂਰੀ ਹੈ। ਉਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਤੰਜਲੀ ਦੇ ਉਤਪਾਦ, ਜਿਵੇਂ ਕਿ ਸਾਬਣ, ਤੇਲ, ਦੰਦ ਮੰਜਣ ਅਤੇ ਖਾਣ-ਪੀਣ ਦੀਆਂ ਵਸਤਾਂ, ਖਰੀਦਣ ਤਾਂ ਜੋ ਵਿਦੇਸ਼ੀ ਮਹਿੰਗੇ ਸਾਮਾਨ ’ਤੇ ਨਿਰਭਰਤਾ ਘਟ ਸਕੇ। ਪ੍ਰਧਾਨ ਮੰਤਰੀ ਮੋਦੀ ਦੀ ‘ਆਤਮਨਿਰਭਰ ਭਾਰਤ’ ਅਤੇ ‘ਵੋਕਲ ਫਾਰ ਲੋਕਲ’ ਮੁਹਿੰਮ ਨੇ ਵੀ ਰਾਮਦੇਵ ਦੀਆਂ ਕੋਸ਼ਿਸ਼ਾਂ ਨੂੰ ਹੁਲਾਰਾ ਦਿੱਤਾ।

### ਗੁਣਵੱਤਾ ’ਤੇ ਸਵਾਲ ਅਤੇ ਅਦਾਲਤੀ ਝਾੜ

ਹਾਲਾਂਕਿ ਰਾਮਦੇਵ ਦੀ ਸਵਦੇਸ਼ੀ ਮੁਹਿੰਮ ਨੇ ਬਹੁਤ ਸਾਰੇ ਲੋਕਾਂ ਨੂੰ ਆਕਰਸ਼ਿਤ ਕੀਤਾ ਹੈ, ਪਰ ਪਤੰਜਲੀ ਦੇ ਉਤਪਾਦਾਂ ਦੀ ਗੁਣਵੱਤਾ ’ਤੇ ਸਵਾਲ ਵੀ ਉੱਠਦੇ ਰਹੇ ਹਨ। ਕਈ ਵਾਰ ਅਦਾਲਤਾਂ ਨੇ ਪਤੰਜਲੀ ਨੂੰ ਉਸ ਦੇ ਗੁੰਮਰਾਹਕੁੰਨ ਇਸ਼ਤਿਹਾਰਾਂ ਅਤੇ ਝੂਠੇ ਦਾਅਵਿਆਂ ਲਈ ਝਾੜ ਪਾਈ ਹੈ। ਉਦਾਹਰਣ ਵਜੋਂ, ਪਤੰਜਲੀ ਦੇ ਕੁਝ ਉਤਪਾਦਾਂ, ਜਿਵੇਂ ਕਿ ਕੋਰੋਨਿਲ, ਨੂੰ ਕੋਵਿਡ-19 ਦੇ ਇਲਾਜ ਦੇ ਤੌਰ ’ਤੇ ਪ੍ਰਚਾਰਿਆ ਗਿਆ ਸੀ, ਪਰ ਸਿਹਤ ਅਧਿਕਾਰੀਆਂ ਅਤੇ ਅਦਾਲਤਾਂ ਨੇ ਇਸ ਦੇ ਵਿਰੁੱਧ ਸਖਤ ਕਾਰਵਾਈ ਕੀਤੀ। ਇਸੇ ਤਰ੍ਹਾਂ, ਪਤੰਜਲੀ ਦੇ ਕਈ ਉਤਪਾਦਾਂ ਦੀ ਗੁਣਵੱਤਾ ਅਤੇ ਸ਼ੁੱਧਤਾ ’ਤੇ ਸਵਾਲ ਉੱਠੇ ਸਨ, ਜਿਸ ਕਾਰਨ ਖਪਤਕਾਰਾਂ ਦਾ ਇੱਕ ਵਰਗ ਉਸ ਦੇ ਉਤਪਾਦਾਂ ’ਤੇ ਸ਼ੱਕ ਕਰਦਾ ਹੈ।

ਇਸ ਦੇ ਬਾਵਜੂਦ, ਰਾਮਦੇਵ ਦੀ ਮਾਰਕੀਟਿੰਗ ਰਣਨੀਤੀ ਨੇ ਪਤੰਜਲੀ ਨੂੰ ਇੱਕ ਵੱਡਾ ਬ੍ਰਾਂਡ ਬਣਾਇਆ ਹੈ। ਪਰ ਸਵਾਲ ਇਹ ਹੈ ਕਿ ਕੀ ਸਵਦੇਸ਼ੀ ਦੀ ਆੜ ਵਿੱਚ ਵਿਕਣ ਵਾਲੇ ਇਹ ਉਤਪਾਦ ਸੱਚਮੁੱਚ ਉਸ ਗੁਣਵੱਤਾ ਨੂੰ ਪੂਰਾ ਕਰਦੇ ਹਨ, ਜਿਸ ਦੀ ਲੋਕ ਉਮੀਦ ਕਰਦੇ ਹਨ? ਕਈ ਮਾਹਿਰਾਂ ਦਾ ਮੰਨਣਾ ਹੈ ਕਿ ਪਤੰਜਲੀ ਦੇ ਕੁਝ ਉਤਪਾਦਾਂ ਵਿੱਚ ਵਿਦੇਸ਼ੀ ਸਮੱਗਰੀ ਦੀ ਵਰਤੋਂ ਵੀ ਹੁੰਦੀ ਹੈ, ਜੋ ਰਾਮਦੇਵ ਦੇ ਸਵਦੇਸ਼ੀ ਦਾਅਵੇ ਨੂੰ ਕਮਜ਼ੋਰ ਕਰਦੀ ਹੈ। ਇਸ ਤੋਂ ਇਲਾਵਾ, ਅਦਾਲਤੀ (ਬਾਕੀ ਸਫ਼ਾ 27 ’ਤੇ)

ਦਰਪਣ ਝੂਠ ਨਹੀਂ ਬੋਲਦਾ

# ਕੇਂਦਰ ਸਰਕਾਰ ਦਾ ਅਜੀਬ ਫ਼ੈਸਲਾ, ਪਾਕਿਸਤਾਨ ਗੁਰੂ ਘਰਾਂ ਵਿੱਚ ਜਾਣ ਲਈ ਸਿੱਖ ਸ਼ਰਧਾਲੂਆਂ ’ਤੇ ਪਾਬੰਦੀ

## ਭਾਰਤ-ਪਾਕਿਸਤਾਨ ਤਣਾਅ ਨੂੰ ਬਣਾਇਆ ਬਹਾਨਾ, ਸੁਰੱਖਿਆ ਦੇ ਨਾਂ ’ਤੇ ਰੋਕ ਲਗਾਈ

### ਕ੍ਰਿਕਟ ਮੈਚ ਹੋ ਸਕਦੇ, ਤਾਂ ਸਿੱਖ ਸ਼ਰਧਾਲੂ ਕਿਉਂ ਨਹੀਂ ਜਾ ਸਕਦੇ ਪਾਕਿਸਤਾਨ ?

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਹਰ ਸਾਲ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਇਸ ਵਾਰ ਰੋਕ ਦਿੱਤਾ ਗਿਆ ਹੈ। ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਭਾਰਤ-ਪਾਕਿਸਤਾਨ ਦਰਮਿਆਨ ਚੱਲ ਰਹੇ ਤਣਾਅ ਅਤੇ ਸੁਰੱਖਿਆ ਮੁੱਦਿਆਂ ਦਾ ਹਵਾਲਾ ਦਿੰਦਿਆਂ ਇਹ ਫੈਸਲਾ ਲਿਆ ਹੈ। ਇਸ ਸਬੰਧੀ ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ, ਦਿੱਲੀ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੀਆਂ ਸਰਕਾਰਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਜਾਰੀ ਕਰਕੇ ਸੂਚਿਤ ਕੀਤਾ ਗਿਆ ਹੈ ਕਿ ਨਵੰਬਰ 2025 ਵਿੱਚ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਨਹੀਂ ਭੇਜਿਆ ਜਾ ਸਕੇਗਾ।

ਗ੍ਰਹਿ ਮੰਤਰਾਲੇ ਦੇ ਅੰਡਰ - ਸੈਕਟਰੀ ਵੱਲੋਂ ਜਾਰੀ ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਮੌਜੂਦਾ ਸਮੇਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਅਤੇ ਸੁਰੱਖਿਆ ਸਬੰਧੀ ਚਿੰਤਾਵਾਂ ਦੇ ਮੱਦੇ-ਨਜ਼ਰ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਭੇਜਣਾ ਸੰਭਵ ਨਹੀਂ ਹੈ। ਪੱਤਰ ਵਿੱਚ ਸਾਰੇ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ-ਆਪਣੇ ਸੂਬਿਆਂ ਵਿੱਚ ਸਿੱਖ ਸੰਗਠਨਾਂ ਨੂੰ ਇਸ ਫੈਸਲੇ ਬਾਰੇ ਜਾਣਕਾਰੀ ਦੇਣ ਅਤੇ ਸ਼ਰਧਾਲੂਆਂ ਦੀਆਂ ਅਰਜ਼ੀਆਂ ਜਾਂ ਪਾਸਪੋਰਟ ਭੇਜਣ ਦੀ ਪ੍ਰਕਿਰਿਆ ਸ਼ੁਰੂ ਨਾ ਕਰਨ। ਇਸ ਫੈਸਲੇ ਨੇ ਸਿੱਖ ਸੰਗਤ ਵਿੱਚ



ਰੋਸ ਦੀ ਲਹਿਰ ਪੈਦਾ ਕਰ ਦਿੱਤੀ ਹੈ, ਜਿਹੜੀ ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਪਵਿੱਤਰ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਦੀ ਉਡੀਕ ਕਰਦੀ ਹੈ।

ਪਿਛਲੇ ਸਮੇਂ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਬੰਧਾਂ ਵਿੱਚ ਕਾਫ਼ੀ ਤਣਾਅ ਵੇਖਣ ਨੂੰ ਮਿਲਿਆ ਸੀ। ਖ਼ਾਸਕਰ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨਾਲ ਕੂਟਨੀਤਕ ਅਤੇ ਵਪਾਰਕ ਸਬੰਧ ਤੋੜ ਲਏ ਸਨ। ਇਸ ਦੇ ਨਾਲ ਹੀ ਅਟਾਰੀ ਸਰਹੱਦ ਨੂੰ ਦੁਵੱਲੇ ਵਪਾਰ ਅਤੇ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਸੀ। ਦੋਵਾਂ ਦੇਸ਼ਾਂ ਵਿਚਾਲੇ ਜੰਗੀ ਹਾਲਾਤ ਵੀ ਬਣੇ ਸਨ, ਜਿਸ ਨੇ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ ਸੀ। ਇਸ ਸਾਰੇ ਮਾਹੌਲ ਦਾ ਅਸਰ ਸਿੱਖ ਸ਼ਰਧਾਲੂਆਂ ਦੀ ਯਾਤਰਾ ’ਤੇ ਵੀ ਪਿਆ ਹੈ, ਜਿਹੜੇ ਗੁਰਪੁਰਬ ਮੌਕੇ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦੀ ਇੱਛਾ ਰੱਖਦੇ ਹਨ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਇਸ ਸਬੰਧੀ ਦੱਸਿਆ ਕਿ ਅਜੇ ਤੱਕ ਸਿੱਖ ਸੰਸਥਾ ਨੂੰ ਕੇਂਦਰ ਸਰਕਾਰ ਵੱਲੋਂ ਸਿੱਧੇ ਤੌਰ ’ਤੇ ਕੋਈ ਪੱਤਰ ਨਹੀਂ ਮਿਲਿਆ। ਉਨ੍ਹਾਂ ਅਨੁਸਾਰ, ਇਹ ਪੱਤਰ ਸੂਬਾ ਸਰਕਾਰਾਂ ਨੂੰ ਭੇਜਿਆ ਗਿਆ ਹੈ ਅਤੇ ਸੂਬਾ ਸਰਕਾਰ ਹੀ ਇਸ ਬਾਰੇ ਅਧਿਕਾਰਤ ਤੌਰ ’ਤੇ ਸੂਚਿਤ ਕਰੇਗੀ। ਬੁਲਾਰੇ ਨੇ ਕਿਹਾ ਕਿ ਅਧਿਕਾਰਤ ਜਾਣਕਾਰੀ ਮਿਲਣ ਤੋਂ ਬਾਅਦ ਹੀ ਇਸ ਮੁੱਦੇ ’ਤੇ ਕੋਈ ਟਿੱਪਣੀ ਕੀਤੀ ਜਾ ਸਕਦੀ ਹੈ। ਹਾਲਾਂ ਕਿ, ਉਨ੍ਹਾਂ ਨੇ ਸਵਾਲ ਵੀ ਉਠਾਇਆ ਕਿ ਜੇਕਰ ਭਾਰਤ ਅਤੇ ਪਾਕਿਸਤਾਨ ਦੀਆਂ ਕ੍ਰਿਕਟ ਟੀਮਾਂ ਵਿਚਾਲੇ

(ਬਾਕੀ ਸਫ਼ਾ 26 ’ਤੇ)

# ਸੰਸਦੀ ਕਮੇਟੀ ਨੇ ਫਰਜ਼ੀ ਖ਼ਬਰਾਂ ਨੂੰ ਲੋਕਤੰਤਰ ਅਤੇ ਜਨਤਕ ਵਿਵਸਥਾ ਲਈ ਵੱਡਾ ਖ਼ਤਰਾ ਕਿਉਂ ਕਰਾਰ ਦਿੱਤਾ ?

### ਰਿਪੋਰਟ ਵਿੱਚ ਮੀਡੀਆ ਸੰਸਥਾਨਾਂ ਲਈ ਸਖ਼ਤ ਹਦਾਇਤਾਂ ਦੀ ਕੀਤੀ ਸਿਫਾਰਸ਼

ਸੰਸਦ ਦੀ ਇੱਕ ਸਥਾਈ ਕਮੇਟੀ ਨੇ ਫਰਜ਼ੀ ਖ਼ਬਰਾਂ ਨੂੰ ਲੋਕਤੰਤਰ ਅਤੇ ਜਨਤਕ ਵਿਵਸਥਾ ਲਈ ਵੱਡਾ ਖਤਰਾ ਕਰਾਰ ਦਿੱਤਾ ਹੈ। ਕਮੇਟੀ ਨੇ ਆਪਣੀ ਮਸੌਦਾ ਰਿਪੋਰਟ ਵਿੱਚ ਸਿਫਾਰਸ਼ ਕੀਤੀ ਹੈ ਕਿ ਫੇਕ ਨਿਊਜ਼ ਨਾਲ ਨਜਿੱਠਣ ਲਈ ਸਖ਼ਤ ਕਾਨੂੰਨੀ ਕਦਮ ਚੁੱਕੇ ਜਾਣ। ਇਸ ਰਿਪੋਰਟ ਨੂੰ ਸਰਬਸੰਮਤੀ ਨਾਲ ਮਨਜ਼ੂਰ ਕਰ ਲਿਆ ਗਿਆ ਹੈ ਅਤੇ ਸੰਸਦ ਦੇ ਸਰਦੀਆਂ ਦੇ ਸੈਸ਼ਨ 2025 ਵਿੱਚ ਇਸ ਨੂੰ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਕਮੇਟੀ ਦੀ ਅਗਵਾਈ ਭਾਜਪਾ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਕੀਤੀ, ਜਿਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਵੀ ਇਸ ਮੁੱਦੇ ਨੂੰ ਉਠਾਇਆ ਅਤੇ ਗਲਤ ਸੂਚਨਾਵਾਂ ਨੂੰ ਰੋਕਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਸਮਿਤੀ ਦਾ ਮੰਨਣਾ ਹੈ ਕਿ ਫਰਜ਼ੀ ਖ਼ਬਰਾਂ ਨਾ ਸਿਰਫ਼ ਜਨਤਾ ਨੂੰ ਗੁਮਰਾਹ ਕਰਦੀਆਂ ਹਨ, ਸਗੋਂ ਰਾਸ਼ਟਰੀ ਸੁਰੱਖਿਆ ਅਤੇ ਸਮਾਜਿਕ ਸਦਭਾਵਨਾ ਨੂੰ ਵੀ ਖ਼ਤਰੇ ਵਿੱਚ ਪਾਉਂਦੀਆਂ ਹਨ।

ਸੰਸਦੀ ਕਮੇਟੀ ਨੇ ਸਾਰੇ ਪ੍ਰਿੰਟ, ਡਿਜੀਟਲ ਅਤੇ ਇਲੈਕਟ੍ਰੋਨਿਕ ਮੀਡੀਆ ਸੰਸਥਾਨਾਂ ਵਿੱਚ ਫੈਕਟ-ਚੈਕਿੰਗ ਸਿਸਟਮ ਅਤੇ ਅੰਦਰੂਨੀ ਲੋਕਪਾਲ ਦੀ ਨਿਯੁਕਤੀ ਨੂੰ ਲਾਜ਼ਮੀ ਕਰਨ ਦੀ ਸਿਫਾਰਸ਼ ਕੀਤੀ ਹੈ। ਇਸ ਦੇ ਨਾਲ ਹੀ, ਸੰਪਾਦਕਾਂ ਅਤੇ ਕੰਟੈਂਟ ਮੁਖੀਆਂ ਅਤੇ ਮਾਲਕਾਂ ਤੇ ਪ੍ਰਕਾਸ਼ਕਾਂ ਨੂੰ ਸੰਸਥਾਗਤ ਨਾਕਾਮੀਆਂ ਲਈ ਜਵਾਬਦੇਹ ਠਹਿਰਾਉਣ ਦੀ ਮੰਗ ਕੀਤੀ ਗਈ ਹੈ। ਕਮੇਟੀ ਨੇ ਸੁਝਾਅ ਦਿੱਤਾ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਵੀ ਫਰਜ਼ੀ ਖ਼ਬਰਾਂ ਦੇ ਪ੍ਰਸਾਰ ਲਈ ਜ਼ਿੰਮੇਵਾਰ ਮੰਨਿਆ ਜਾਵੇ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਮੀਡੀਆ ਸੰਸਥਾਨ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ। ਕਮੇਟੀ ਨੇ ਇਹ ਵੀ ਕਿਹਾ ਕਿ ਮੌਜੂਦਾ ਕਾਨੂੰਨਾਂ ਵਿੱਚ ਸੋਧ ਕਰਕੇ ਜੁਰਮਾਨਿਆਂ ਦੀ ਰਕਮ ਵਧਾਈ ਜਾਵੇ ਤਾਂ




ਜੋ ਫਰਜ਼ੀ ਖ਼ਬਰਾਂ ਨੂੰ ਕੰਟਰੋਲ ਕੀਤਾ ਜਾ ਸਕੇ।

ਕਮੇਟੀ ਨੇ ਫੇਕ ਨਿਊਜ਼ ਨਾਲ ਨਜਿੱਠਣ ਲਈ ਫਰਾਂਸ ਦੇ ਚੋਣ ਸੰਬੰਧੀ ਗਲਤ ਸੂਚਨਾਵਾਂ ਨਾਲ ਨਜਿੱਠਣ ਵਾਲੇ ਕਾਨੂੰਨ ਦੀ ਮਿਸਾਲ ਦਿੱਤੀ ਅਤੇ ਸੁਝਾਅ ਦਿੱਤਾ ਕਿ ਸਰਕਾਰ ਇੱਕ ਵਰਕਫੋਰਸ ਬਣਾਵੇ, ਜਿਸ ਵਿੱਚ ਕਾਨੂੰਨੀ ਮਾਹਿਰਾਂ ਤੋਂ ਇਲਾਵਾ ਸੂਚਨਾ ਅਤੇ ਪ੍ਰਸਾਰਣ, ਵਿਦੇਸ਼ ਮੰਤਰਾਲੇ ਅਤੇ ਇਲੈਕਟ੍ਰੋਨਿਕਸ ਮੰਤਰਾਲੇ ਦੇ ਨੁਮਾਇੰਦੇ ਸ਼ਾਮਲ ਹੋਣ। ਸਮਿਤੀ ਨੇ ਇਹ ਵੀ ਕਿਹਾ ਕਿ ਸੰਵਿਧਾਨ ਵਿੱਚ ਦਿੱਤੀ ਗਈ ਬੋਲਣ ਦੀ ਆਜ਼ਾਦੀ ਅਤੇ ਵਿਅਕਤੀਗਤ ਅਧਿਕਾਰਾਂ ਦੀ ਸੁਰੱਖਿਆ ਦਾ ਵੀ ਖਿਆਲ ਰੱਖਿਆ ਜਾਵੇ।

ਸੰਸਦੀ ਕਮੇਟੀ ਅਨੁਸਾਰ ਫੇਕ ਨਿਊਜ਼ ਸਮਾਜ ਅਤੇ ਲੋਕਤੰਤਰ ਲਈ ਬਹੁਤ ਹੀ ਨੁਕਸਾਨਦੇਹ ਸਾਬਤ ਹੋ ਸਕਦੀਆਂ ਹਨ। ਇਹ ਜਨਤਾ ਨੂੰ ਗੁੰਮਰਾਹ ਕਰਕੇ ਸਮਾਜਿਕ ਤਣਾਅ ਪੈਦਾ ਕਰਦੀਆਂ ਹਨ ਅਤੇ ਰਾਸ਼ਟਰੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਂਦੀਆਂ ਹਨ। ਸਮਿਤੀ ਨੇ ਸਰਹੱਦੋਂ ਪਾਰ ਫਰਜ਼ੀ ਖ਼ਬਰਾਂ ਦੀ ਸਮੱਸਿਆ ਨੂੰ ਵੀ ਉਜਾਗਰ ਕੀਤਾ, ਜੋ ਅਕਸਰ ਵਿਦੇਸ਼ੀ ਤਾਕਤਾਂ ਜਾਂ ਰਾਸ਼ਟਰ ਵਿਰੋਧੀ ਅਨਸਰਾਂ ਦੁਆਰਾ ਫੈਲਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ, ਔਰਤਾਂ ਅਤੇ ਬੱਚਿਆਂ ਬਾਰੇ ਗਲਤ ਸਮੱਗਰੀ ਤਿਆਰ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਦੁਰਵਰਤੋਂ ਵੀ ਇੱਕ ਵੱਡੀ ਚੁਣੌਤੀ ਹੈ। ਕਮੇਟੀ ਦਾ ਮੰਨਣਾ ਹੈ ਕਿ ਅਜਿਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਸਖ਼ਤ ਕਦਮ ਅਤੇ ਜੁਰਮਾਨਿਆਂ ਦੀ ਜ਼ਰੂਰਤ ਹੈ, ਤਾਂ ਜੋ ਫਰਜ਼ੀ ਖ਼ਬਰਾਂ ਦੇ ਸਿਰਜਣਹਾਰ ਅਤੇ ਪ੍ਰਕਾਸ਼ਕ ਇਸ ਤੋਂ ਬਚਣ।

ਸਮੁੱਚੇ ਤੌਰ ’ਤੇ, ਸੰਸਦੀ ਕਮੇਟੀ ਦੀ ਇਹ ਰਿਪੋਰਟ ਫੇਕ ਨਿਊਜ਼ ਦੀ ਸਮੱਸਿਆ ਨਾਲ ਨਜਿੱਠਣ ਲਈ ਇੱਕ ਵਿਆਪਕ ਰਣਨੀਤੀ ਦੀ ਮੰਗ ਕਰਦੀ ਹੈ, ਜਿਸ ਵਿੱਚ ਸਖ਼ਤ ਕਾਨੂੰਨ, ਸਹਿਯੋਗੀ ਤੰਤਰ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਸਹਿਯੋਗ ਸ਼ਾਮਲ ਹੈ।

# ਵਿਦੇਸ਼ੀ ਸੰਪਤੀਆਂ ਕਾਰਨ ਕੈਪਟਨ ਪਰਿਵਾਰ ’ਤੇ ਲਟਕੀ ਈ.ਡੀ. ਦੀ ਤਲਵਾਰ

### ਕੈਪਟਨ ਦਾ ਬੇਟਾ ਰਣਿੰਦਰ ਸਿੰਘ ਕਿਉਂ ਫਸਿਆ, ਟਰੱਸਟ ਅਤੇ ਬੈਂਕ ਖਾਤਿਆਂ ਦੀ ਹੋ ਸਕਦੀ ਹੈ ਜਾਂਚ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਹਨਾਂ ਦੇ ਪਰਿਵਾਰ ਉੱਤੇ ਈ.ਡੀ. ਦੀ ਤਲਵਾਰ ਲਟਕ ਰਹੀ ਹੈ। ਇਹ ਮਾਮਲਾ ਵਿਦੇਸ਼ੀ ਸੰਪਤੀਆਂ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਫਰਾਂਸ, ਸਵਿਟਜ਼ਰਲੈਂਡ ਅਤੇ ਦੁਬਈ ਵਰਗੀਆਂ ਜਗ੍ਹਾਂ ਤੋਂ ਮਿਲੀ ਜਾਣਕਾਰੀ ਸ਼ਾਮਲ ਹੈ। ਪਿਛਲੇ ਹਫ਼ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੈਪਟਨ ਅਤੇ ਉਹਨਾਂ ਦੇ ਪੁੱਤਰ ਰਣਿੰਦਰ ਸਿੰਘ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ ਨਾਲ ਈ.ਡੀ. ਨੂੰ ਆਮਦਨ ਟੈਕਸ ਵਿਭਾਗ ਦੀਆਂ ਫਾਈਲਾਂ ਵੇਖਣ ਦੀ ਇਜਾਜ਼ਤ ਮਿਲ ਗਈ ਹੈ। ਇਸ ਨਾਲ ਪਰਿਵਾਰ ਦੀਆਂ ਵਿਦੇਸ਼ੀ ਬੈਂਕ ਖਾਤਿਆਂ ਅਤੇ ਸੰਪਤੀਆਂ ਦੀ ਜਾਂਚ ਸ਼ੁਰੂ ਹੋ ਸਕਦੀ ਹੈ। ਇਹ ਵਿਵਾਦ ਪੰਜਾਬ ਸਿਆਸਤ ਵਿੱਚ ਵੀ ਚਰਚਾ ਦਾ ਵਿਸ਼ਾ ਬਣ ਗਿਆ ਹੈ, ਕਿਉਂਕਿ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਕਾਂਗਰਸ ਛੱਡ ਕੇ ਆਪਣੀ ਪਾਰਟੀ ਬਣਾਈ ਸੀ ਅਤੇ ਫਿਰ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਹੁਣ ਕਾਂਗਰਸ ਵਾਪਸੀ ਦੀਆਂ ਅਫਵਾਹਾਂ ਵਿੱਚ ਇਹ ਝਟਕਾ ਲੱਗਾ ਹੈ। ਇਹ ਕੇਸ 2016 ਵਿੱਚ ਆਮਦਨ ਟੈਕਸ ਵਿਭਾਗ ਨੇ ਸ਼ੁਰੂ ਕੀਤਾ ਸੀ, ਜਦੋਂ ਫਰਾਂਸ ਸਰਕਾਰ ਨੇ ਭਾਰਤ ਨਾਲ ਡਬਲ ਟੈਕਸੇਸ਼ਨ ਅਵੌਇਡੈਂਸ ਐਗਰੀਮੈਂਟ (ਡੀਟੀਏਏ) ਅਧੀਨ ਜਾਣਕਾਰੀ ਸਾਂਝੀ ਕੀਤੀ। ਇਸ ਜਾਣਕਾਰੀ ਵਿੱਚ ਕੈਪਟਨ ਅਮਰਿੰਦਰ ਸਿੰਘ ਅਤੇ ਰਣਿੰਦਰ ਨੂੰ ਜੈਕਰਾਂਡਾ ਟਰੱਸਟ ਨਾਮਕ ਟਰੱਸਟ ਨਾਲ ਜੋੜਿਆ ਗਿਆ ਸੀ, ਜੋ ਬ੍ਰਿਟਿਸ਼ ਵਰਜਿਨ ਆਈਲੈਂਡਜ਼ ਵਿੱਚ ਰਜਿਸਟਰਡ ਹੈ। ਇਹ ਟਰੱਸਟ ਚਿੱਲਿੰਘੈਮ ਹੋਲਡਿੰਗਜ਼ ਲਿਮਟਿਡ, ਆਲਵਰਥ ਵੈਂਚਰ ਹੋਲਡਿੰਗਜ਼ ਲਿਮਟਿਡ, ਲਿਮਰਲਾਕ ਇੰਟਰਨੈਸ਼ਨਲ ਲਿਮਟਿਡ ਅਤੇ ਮਲਵਾਲਾ ਹੋਲਡਿੰਗਜ਼ ਲਿਮਟਿਡ ਵਰਗੀਆਂ ਕੰਪਨੀਆਂ ਦਾ ਮਾਲਕ ਹੈ। ਇਹਨਾਂ ਕੰਪਨੀਆਂ ਦੀ ਕੁੱਲ ਸੰਪਤੀ 460 ਕਰੋੜ ਰੁਪਏ ਦੇ ਕਰੀਬ ਮੁੱਲ




ਵਾਲੀ ਸੀ।ਇਨਕਮ ਟੈਕਸ ਵਿਭਾਗ ਨੇ ਦੋਸ਼ ਲਾਇਆ ਕਿ ਕੈਪਟਨ ਇਸ ਟਰੱਸਟ ਦੇ ਲਾਭਪਾਤਰੀ ਸਨ ਅਤੇ ਰਣਿੰਦਰ ਸਿੰਘ ਇਸ ਦੇ ਸਾਈਨੇਟਰੀ (ਸਹੀ ਕਰਨ ਵਾਲੇ) ਸਨ। ਫਰਾਂਸ ਵੱਲੋਂ ਮਿਲੇ ਡਾਕੂਮੈਂਟਸ ਵਿੱਚ ਇੱਕ ਐਚਐਸਬੀਸੀ ਬੈਂਕ ਖਾਤਾ ਜੀਨੇਵਾ, ਸਵਿਟਜ਼ਰਲੈਂਡ ਵਿੱਚ ਅਤੇ ਦੁਬਈ ਵਿੱਚ ਮਰੀਨਾ ਮੈਨਸ਼ਨਜ਼ ਵਿੱਚ ਪੀ-29 ਪ੍ਰਾਪਰਟੀ ਦਾ ਜ਼ਿਕਰ ਹੈ। ਇਹ ਪ੍ਰਾਪਰਟੀ ਜੈਕਰਾਂਡਾ ਟਰੱਸਟ ਦੀ ਕੰਪਨੀ ਨੇ ਕੈਪਟਨ ਦੀ ਬੇਨਤੀ ’ਤੇ ਟਰਾਂਸਫਰ ਕੀਤੀ ਸੀ। ਇਨਕਮ ਟੈਕਸ ਵਿਭਾਗ ਨੇ ਸੈਕਸ਼ਨ 277 ਅਧੀਨ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਸ਼ਿਕਾਇਤ ਦਰਜ ਕੀਤੀ, ਜਿਸ ਵਿੱਚ ਟੈਕਸ ਚੋਰੀ ਅਤੇ ਝੂਠੀ ਜਾਣਕਾਰੀ ਦੇਣ ਦੇ ਦੋਸ਼ ਲੱਗੇ। ਈ.ਡੀ. ਨੂੰ ਇਹ ਜਾਣਕਾਰੀ ਇਨਕਮ ਟੈਕਸ ਵਿਭਾਗ ਵੱਲੋਂ ਮਿਲੀ, ਜਿਸ ਨਾਲ ਫੇਮਾ ਅਧੀਨ ਜਾਂਚ ਸ਼ੁਰੂ ਹੋਈ ਸੀ। ਰਣਿੰਦਰ ਨੂੰ 2016 ਵਿੱਚ ਵੀ ਈਡੀ ਨੇ ਸੱਦਾ ਭੇਜਿਆ ਸੀ, ਜਦੋਂ ਉਹਨਾਂ ਨੂੰ ਸਵਿਟਜ਼ਰਲੈਂਡ ਵਿੱਚ ਫੰਡਾਂ ਦੀ ਤਬਦੀਲੀ ਅਤੇ ਬ੍ਰਿਟਿਸ਼ ਵਰਜਿਨ ਆਈਲੈਂਡਜ਼ ਵਿੱਚ ਟਰੱਸਟ ਬਣਾਉਣ ਬਾਰੇ ਪੁੱਛਿਆ ਗਿਆ ਸੀ। 2020 ਵਿੱਚ ਵੀ ਰਣਿੰਦਰ ਨੂੰ ਤਲਾਸ਼ੀ ਲਈ ਬੁਲਾਇਆ ਗਿਆ ਸੀ, ਪਰ ਉਹ ਸਿਹਤ ਕਾਰਨਾਂ ਕਾਰਨ ਨਹੀਂ ਆਏ। ਇਹ ਸਾਰੇ ਕਾਰਨ ਮਿਲ ਕੇ ਈ.ਡੀ. ਦੇ ਸ਼ੱਕ ਨੂੰ ਮਜਬੂਤ ਕਰਦੇ ਹਨ। ਇਹ ਮਾਮਲੇ ਟੈਕਸ ਚੋਰੀ ਨਾਲ ਜੁੜੇ ਹਨ।

ਕੈਪਟਨ ਦਾ ਪੁੱਤਰ ਰਣਿੰਦਰ ਸਿੰਘ ਇਸ ਮਾਮਲੇ ਵਿੱਚ ਮੁੱਖ ਤੌਰ ’ਤੇ ਫਸਿਆ ਹੈ, ਕਿਉਂਕਿ ਉਹ ਜੈਕਰਾਂਡਾ ਟਰੱਸਟ ਦਾ ਸਿੱਧਾ ਕੰਟਰੋਲਰ ਸੀ। ਇਨਕਮ ਟੈਕਸ ਵਿਭਾਗ ਦੀ ਰਿਪੋਰਟ ਅਨੁਸਾਰ, ਰਣਿੰਦਰ ਨੇ 2005 ਵਿੱਚ ਇਹ ਟਰੱਸਟ ਬਣਾਇਆ ਸੀ ਅਤੇ ਇਸ ਨੂੰ ਕਈ ਆਫਸ਼ੋਰ ਕੰਪਨੀਆਂ ਨਾਲ ਜੋੜਿਆ ਸੀ।

(ਬਾਕੀ ਸਫ਼ਾ 26 ’ਤੇ)

# ਪਾਣੀ ’ਚ ਰੁੜ੍ਹ ਗਈ ਸਾਰੀ ਉਮਰ ਦੀ ਕਮਾਈ

## ਹੜ੍ਹਾਂ ਦਾ ਪਾਣੀ ਘਟਿਆ, ਪਰ ਮੁਸ਼ਕਿਲਾਂ ਨਹੀਂ

## ਫ਼ਸਲਾਂ ਦੇ ਨਾਲ ਵੱਡੀ ਗਿਣਤੀ ਲੋਕਾਂ ਦੇ ਘਰ ਹੋਏ ਤਬਾਹ





ਫਿਰੋਜ਼ਪੁਰ/ਏ.ਟੀ.ਨਿਊਜ਼: ਪਾਣੀ ਦਾ ਪੱਧਰ ਘਟਣ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਮਿਲਣੀ ਸ਼ੁਰੂ ਹੋ ਗਈ ਹੈ ਅਤੇ ਲੋਕ ਆਪਣੇ ਘਰਾਂ ਨੂੰ ਵਾਪਸ ਪਰਤਣੇ ਸ਼ੁਰੂ ਹੋ ਗਏ ਹਨ। ਘਰਾਂ ਨੂੰ ਪਰਤਣ ਵਾਲੇ ਕਿਸਾਨਾਂ ਦਾ ਕਹਿਣਾ ਹੈ ਕਿ ਲਗਾਤਾਰ ਪਾਣੀ ਖੜ੍ਹੇ ਰਹਿਣ ਨਾਲ ਫਸਲਾਂ ਬਿਲਕੁਲ ਤਬਾਹ ਹੋ ਗਈਆਂ ਹਨ ਅਤੇ ਖੇਤਾਂ ਵਿੱਚ ਪਾਣੀ ਖੜ੍ਹਾ ਹੈ ਜਿਸ ਦੀ ਭੜਾਸ ਬਹੁਤ ਜ਼ਿਆਦਾ ਹੋ ਰਹੀ ਹੈ। ਪਿੰਡ ਬੰਡਾਲਾ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਹੜ੍ਹ ਦਾ ਪਾਣੀ ਜ਼ਰੂਰ ਘੱਟਣਾ ਸ਼ੁਰੂ ਹੋ ਗਿਆ ਹੈ, ਪਰ ਮੁਸ਼ਕਿਲਾਂ ਹਾਲੇ ਵੀ ਖਤਮ ਨਹੀਂ ਹੋਈਆਂ। ਕਿਸਾਨ ਇੰਦਰਜੀਤ ਸਿੰਘ ਨੇ ਕਿਹਾ ਕਿ ਜਿਵੇਂ ਘਟ ਸੁੱਕ ਰਿਹਾ ਹੈ, ਉਸੇ ਤਰ੍ਹਾਂ ਬਦਬੂ ਵੀ ਫੈਲਣੀ ਸ਼ੁਰੂ ਹੋ ਗਈ ਹੈ। ਇਸ ਨਾਲ ਲੱਗਦਾ ਹੈ ਕਿ ਬਿਮਾਰੀਆਂ ਹੋਰ ਤੇਜ਼ੀ ਨਾਲ ਫੈਲ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਘਰ-ਘਰ ਜਾ ਕੇ ਲੋਕਾਂ ਦਾ ਮੈਡੀਕਲ ਚੈਕਅਪ ਹੋਣਾ ਚਾਹੀਦਾ ਹੈ। ਖਾਰਸ਼ ਐਲਰਜੀ ਬਹੁਤ ਵੱਧ ਰਹੀ ਹੈ ਅਤੇ ਜਿਵੇਂ ਹੀ ਪਾਣੀ ਦਾ ਰੰਗ ਚਿੱਟੇ ਤੋਂ ਬਦਲ ਕੇ ਕਾਲਾ ਹੋ ਗਿਆ ਹੈ, ਉਸ ਵਿਚੋਂ ਭਾਰੀ ਬਦਬੂ ਆਉਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਮੱਛਰ ਬਹੁਤ ਜ਼ਿਆਦਾ ਹੈ, ਜਿਸ ਨਾਲ ਮਲੇਰੀਆ, ਟਾਈਫਾਈਡ, ਐਲਰਜੀ, ਖਾਂਸੀ, ਜ਼ੁਕਾਮ ਹੋਰ ਬਿਮਾਰੀਆਂ ਫੈਲਣ ਦਾ ਖਤਰਾ ਬਣ ਗਿਆ ਹੈ। ਕਿਸਾਨ ਦਰਸ਼ਨ ਸਿੰਘ ਨੇ ਦੱਸਿਆ ਕਿ ਪਾਣੀ ਘੱਟਣ ਤੋਂ ਬਾਅਦ ਸਭ ਤੋਂ ਵੱਡੀ ਮੁਸ਼ਕਿਲ ਪਸ਼ੂਆਂ ਦੇ ਚਾਰੇ ਦੀ ਆਉਣੀ ਹੈ। ਇਸ ਵੇਲੇ ਤਾਂ ਕਈ ਸੰਸਥਾਵਾਂ ਚਾਰਾ ਲੈ ਕੇ ਪਹੁੰਚ ਰਹੀਆਂ ਹਨ, ਪਰ ਜਿਵੇਂ ਹੀ ਪਾਣੀ ਪੂਰੀ ਤਰ੍ਹਾਂ ਸੁੱਕ ਜਾਵੇਗਾ, ਉਸ ਤੋਂ ਬਾਅਦ ਸਾਡੇ ਲਈ ਹਰੇ ਚਾਰੇ ਦੀ ਕਮੀ ਸਭ ਤੋਂ ਵੱਡੀ ਚੁਣੌਤੀ ਹੋਵੇਗੀ ਕਿਉਂਕਿ ਖੇਤਾਂ ਵਿੱਚ ਦੋ-ਤਿੰਨ ਮਹੀਨੇ ਤੱਕ ਕੋਈ ਵੀ ਫਸਲ ਬੀਜੀ ਨਹੀਂ ਜਾ ਸਕਦੀ। ਇਸ ਦੇ ਨਾਲ ਹੀ ਡੰਗਰਾਂ ਵਿੱਚ ਬਿਮਾਰੀਆਂ ਫੈਲਣ ਦਾ ਖਤਰਾ ਵੀ ਵੱਧ ਰਿਹਾ ਹੈ, ਜਿਸ ਕਰਕੇ ਪਸ਼ੂਆਂ ਦੇ ਡਾਕਟਰਾਂ ਦੀ ਬਹੁਤ ਜ਼ਰੂਰਤ ਹੈ। ਹੜ੍ਹ ਅਤੇ ਲਗਾਤਾਰ ਪਏ ਮੀਂਹ ਕਾਰਨ ਪਿੰਡਾਂ ਵਿੱਚ ਲੋਕਾਂ ਦੇ ਘਰਾਂ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ। ਪਿੰਡ ਬਸਤੀ ਜੱਲੋ ਜਲੋ ਕੀਆਂ ਬਹਿਕਾਂ ਦੇ ਬਲਜੀਤ ਸਿੰਘ ਨੇ ਦੱਸਿਆ ਕਿ ਇਲਾਕੇ ਵਿੱਚ ਕਈਆਂ ਦੇ ਘਰ, ਕੰਧਾਂ ਡਿੱਗ ਪਈਆਂ ਹਨ ਅਤੇ ਕਈ ਘਰਾਂ, ਕੰਧਾਂ ਵਿੱਚ ਵੱਡੀਆਂ ਤਰੇੜਾਂ ਪੈ ਗਈਆਂ ਹਨ। ਬਲਜੀਤ ਸਿੰਘ ਨੇ ਅੱਗੇ ਦੱਸਿਆ ਹੈ ਕਿ ਲਗਾਤਾਰ ਪਾਣੀ ਖੜੇ ਰਹਿਣ ਨਾਲ ਨੀਹਾਂ ਕਮਜ਼ੋਰ ਹੋ ਗਈਆਂ ਹਨ ਅਤੇ ਘਰ ਕਿਸੇ ਵੀ ਸਮੇਂ ਡਿੱਗ ਸਕਦੇ ਹਨ, ਜਿਸ ਕਾਰਨ ਪਰਿਵਾਰ ਦਹਿਸ਼ਤ ਵਿੱਚ ਜੀਵਨ ਬਿਤਾ ਰਹੇ ਹਨ।

ਪਿੰਡ ਦੂਲਾ ਸਿੰਘ ਵਾਲਾ ਦੇ ਕਿਸਾਨ ਗੁਰਭੇਜ ਸਿੰਘ ਅਤੇ ਬਲਕਾਰ ਸਿੰਘ ਨੇ ਆਪਣਾ ਘਰ ਵਿਖਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਾਰੀ ਉਮਰ ਮਿਹਨਤ ਕਰਕੇ ਅਤੇ ਕਰਜ਼ਾ ਲੈ ਕੇ ਬਣਾਇਆ ਘਰ ਅੱਜ ਹੜ੍ਹ ਦੇ ਪਾਣੀ ਬਰਬਾਦੀ ਦੇ ਕੰਢੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਕੰਧਾਂ ਵਿੱਚ ਆਈਆਂ ਡੂੰਘੀਆਂ ਤਰੇੜਾਂ ਕਾਰਨ ਹੁਣ ਥੱਲੇ ਸੌਣ ਤੋਂ ਵੀ ਡਰ ਲੱਗਦਾ ਹੈ। ਘਰ ਦਾ ਸਮਾਨ ਵੀ ਪੂਰੀ ਤਰ੍ਹਾਂ ਖ਼ਰਾਬ ਹੋ ਚੁੱਕਾ ਹੈ। ਹੜ੍ਹ ਪੀੜਤ ਗੁਰਤੇਜ ਸਿੰਘ ਨੇ ਭਰੇ ਮਨ ਨਾਲ ਕਿਹਾ ਕਿ ਸਾਰੀ ਉਮਰ ਦੀ ਮਿਹਨਤ ਦਾ ਨਤੀਜਾ ਸੀ, ਇਹ ਛੋਟਾ ਜਿਹਾ ਘਰ ਜੋ ਸਾਡੇ ਤੋਂ ਖੁਸਣ ਵਾਲਾ ਹੈ। ਸਰਕਾਰ ਸਾਡੀ ਮਦਦ ਕਰੇ ਤਾਂ ਜੋ ਅਸੀਂ ਆਪਣੇ ਘਰਾਂ ਨੂੰ ਮੁੜ ਠੀਕ ਕਰ ਸਕੀਏ। ਪੀੜਤ ਪਰਿਵਾਰਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਤੁਰੰਤ ਸਰਵੇ ਕਰਵਾਇਆ ਜਾਵੇ ਅਤੇ ਜਿਨ੍ਹਾਂ ਦੇ ਘਰਾਂ ਨੂੰ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਆਰਥਿਕ ਮਦਦ ਦਿੱਤੀ ਜਾਵੇ। ਲੋਕਾਂ ਦਾ ਕਹਿਣਾ ਹੈ ਕਿ ਜੇ ਮਦਦ ਛੇਤੀ ਨਾ ਮਿਲੀ ਤਾਂ ਪਿੰਡਾਂ ਦੇ ਕਈ ਪਰਿਵਾਰ ਬੇਘਰ ਹੋ ਜਾਣਗੇ।

# ਸ਼੍ਰੋਮਣੀ ਕਮੇਟੀ ’ਚ ਹੜ੍ਹ ਪੀੜਤਾਂ ਦੀ ਸਹਾਇਤਾ ਨੂੰ ਲੈ ਕੇ ਡੀਜ਼ਲ ਵੰਡ ਵਿਵਾਦ ਪੈਦਾ ਹੋਇਆ

## ਬਾਦਲ ਦਲ ਉੱਪਰ ਨਵੇਂ ਅਕਾਲੀ ਦਲ ਨੇ ਸਿਆਸੀ ਲਾਭ ਲੈਣ ਦੇ ਲਗਾਏ ਦੋਸ਼

ਪੰਜਾਬ ਵਿੱਚ ਹਾਲੀਆ ਹੜ੍ਹਾਂ ਵਿੱਚ ਪੀੜਤਾਂ ਦੀ ਸਹਾਇਤਾ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਪਰ ਨਵੇਂ ਅਕਾਲੀ ਦਲ ਵੱਲੋਂ ਗੰਭੀਰ ਦੋਸ਼ ਲਗਾਏ ਜਾ ਰਹੇ ਹਨ ਕਿ ਬਾਦਲ ਅਕਾਲੀ ਦਲ ਨੂੰ ਰਾਜਸੀ ਲਾਭ ਪਹੁੰਚਾਉਣ ਲਈ ਸ਼੍ਰੋਮਣੀ ਕਮੇਟੀ ਗੋਲਕ ਦੀ ਦੁਰਵਰਤੋਂ ਕਰ ਰਹੀ ਹੈ। ਮਕਰੋੜ ਸਾਹਿਬ ਅਤੇ ਮੂਨਕ ਵਿੱਚ ਵੰਡੇ ਗਏ ਡੀਜ਼ਲ ਨੂੰ ਲੈ ਕੇ ਵੱਡਾ ਵਿਵਾਦ ਹੋ ਗਿਆ ਹੈ, ਜਿੱਥੇ ਬਾਦਲ ਅਕਾਲੀ ਦਲ ਵਿਰੋਧੀ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਗੁਰੂ ਦੀ ਗੋਲਕ ਨੂੰ ਰਾਜਸੀ ਖੇਡ ਦੇ ਹਿੱਤ ਵਿੱਚ ਵਰਤਣਾ ਦੱਸਿਆ ਹੈ। ਇਸ ਕਾਰਨ ਪੰਥਕ ਹਲਕਿਆਂ ਵਿੱਚ ਵਿਵਾਦ ਪੈਦਾ ਹੋ ਗਿਆ ਹੈ, ਜਦਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਝੂਠਾ ਪ੍ਰਚਾਰ ਕਰਾਰ ਦਿੰਦਿਆਂ ਪਾਰਦਰਸ਼ਤਾ ਦਾ ਦਾਅਵਾ ਕੀਤਾ ਹੈ।

ਹੜ੍ਹਾਂ ਦੌਰਾਨ ਸ਼੍ਰੋਮਣੀ ਕਮੇਟੀ ਨੇ ਰਾਹਤ ਕੰਮਾਂ ਲਈ 2 ਕਰੋੜ ਰੁਪਏ ਦਾ ਫੰਡ ਘੋਸ਼ਿਤ ਕੀਤਾ ਸੀ, ਜਿਸ ਵਿੱਚੋਂ ਪਹਿਲੀ ਕਿਸ਼ਤ ਵਜੋਂ 1 ਕਰੋੜ ਰੁਪਏ ਰਿਲੀਜ਼ ਕੀਤੇ ਗਏ ਹਨ। ਲੰਗਰ, ਰਾਸ਼ਨ, ਦਵਾਈਆਂ ਅਤੇ ਬੰਨ੍ਹਾਂ ਮਜ਼ਬੂਤ ਕਰਨ ਲਈ ਡੀਜ਼ਲ ਵੰਡ ਵਰਗੇ ਕੰਮ ਚੱਲ ਰਹੇ ਹਨ। ਪਰ ਇਸੇ ਡੀਜ਼ਲ ਵੰਡ ਨੂੰ ਲੈ ਕੇ ਬਾਦਲ ਦਲ ਵਿਰੋਧੀ ਪੰਥਕ ਧਿਰ ਨੇ ਸ਼੍ਰੋਮਣੀ ਕਮੇਟੀ ਨੂੰ ਨਿਸ਼ਾਨਾ ਬਣਾਇਆ ਹੈ। ਚੰਡੀਗੜ੍ਹ ਵਿਖੇ ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਜੀ.ਪੀ.ਸੀ. ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ, ਜਥੇਦਾਰ ਸਤਵਿੰਦਰ ਸਿੰਘ ਟੌਹੜਾ, ਜਥੇਦਾਰ ਮਲਕੀਤ ਸਿੰਘ ਚੰਗਾਲ ਅਤੇ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਨੇ ਸਾਂਝੇ ਤੌਰ ’ਤੇ ਇਹ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪੈਸਾ ਪੰਥਕ ਹਿਤਾਂ ਲਈ ਹੀ ਵਰਤੋਂ ਹੋਣਾ ਚਾਹੀਦਾ ਹੈ, ਨਾ ਕਿ ਬਾਦਲ ਪਰਿਵਾਰ ਦੇ ਰਾਜਸੀ ਖੇਡਾਂ ਵਿੱਚ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰ ਬਾਦਲ ਅਕਾਲੀ ਦਲ ਨੂੰ ਰਾਜਸੀ ਲਾਭ ਪਹੁੰਚਾਉਣ ਲਈ ਸੁੱਕੇ ਥਾਂ ਰਾਸ਼ਨ ਤੇ ਸਮੱਗਰੀ ਪਹੁੰਚਾ ਰਹੇ ਹਨ, ਜਿਥੇ ਹੜ੍ਹ ਨਹੀਂ ਆਏ।

ਬੀਬੀ ਲਾਂਡਰਾਂ ਨੇ ਖਾਸ ਤੌਰ ’ਤੇ ਮਕਰੋੜ ਸਾਹਿਬ ਅਤੇ ਮੂਨਕ ਵਿੱਚ ਵੰਡੇ ਗਏ ਡੀਜ਼ਲ ਨੂੰ ਲੈ ਕੇ ਸਬੂਤ ਪੇਸ਼ ਕੀਤੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਡੀਜ਼ਲ ਪਾਕਿਸਤਾਨ ਵਿਖੇ ਗੁਰਦੁਆਰਾ ਨਾਨਕਿਆਣਾ ਸਾਹਿਬ ਤੋਂ ਹਾਸਲ ਕੀਤਾ ਗਿਆ ਸੀ ਅਤੇ ਇਸ ਨੂੰ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਰਾਜਸੀ ਪ੍ਰਚਾਰ ਲਈ ਵਰਤਿਆ। ਇਸ ਨਾਲ ਪੰਥਕ ਚਿੰਤਾ ਵਧ ਗਈ ਹੈ ਅਤੇ ਸੰਗਤ ਵਿੱਚ ਗੁੱਸਾ ਪੈਦਾ ਹੋ ਰਿਹਾ ਹੈ। ਪੰਜਾਬ ਵਿੱਚ ਹੜ੍ਹਾਂ ਨੇ 30 ਤੋਂ ਵੱਧ ਪਿੰਡਾਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਐੱਸ.ਜੀ.ਪੀ.ਸੀ. ਨੇ 77 ਲੱਖ ਰੁਪਏ ਤੋਂ ਵੱਧ ਖਰਚ ਕੀਤੇ ਹਨ, ਪਰ ਵੇਰਵੇ ਨਾ ਦੇਣ ਨਾਲ ਸ਼ੱਕ ਵਧ ਰਿਹਾ ਹੈ।

ਸ਼੍ਰੋਮਣੀ ਕਮੇਟੀ ਦੇ ਅੰਤ੍ਰਿਮ ਕਮੇਟੀ ਮੈਂਬਰ ਜਸਵੰਤ ਸਿੰਘ ਪੁੜੈਣ ਨੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਮੰਗ ਕੀਤੀ ਹੈ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੁਣ ਤੱਕ ਕੀਤੇ ਖਰਚੇ ਦੇ ਵੇਰਵੇ ਅਤੇ ਡੀਜ਼ਲ ਵੰਡ ਦੀ ਸੂਚੀ ਸਾਂਝੀ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਬਾਦਲ ਪੱਖੀ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਵਸੀਲੇ ਦਿੱਤੇ ਜਾ ਰਹੇ ਹਨ, ਪਰ ਵਿਰੋਧੀਆਂ ਨੂੰ ਨਹੀਂ। ਉਨ੍ਹਾਂ ਕਿਹਾ ਕਿ ਬਾਦਲ ਪੱਖੀ ਸ਼੍ਰੋਮਣੀ ਕਮੇਟੀ ਮੈਂਬਰ ਹੜ੍ਹ ਪੀੜਤਾਂ ਦੀ ਸਹਾਇਤਾ ਕਰਦੇ ਹੋਏ ਬਾਦਲ ਦਲ ਦਾ ਰਾਜਨੀਤਕ ਪ੍ਰਚਾਰ ਕਰ ਰਹੇ ਹਨ। ਜਦ ਕਿ ਸ਼੍ਰੋਮਣੀ ਕਮੇਟੀ ਪੰਥ ਦੀ ਸਾਂਝੀ ਹੈ, ਪਰ ਇਸ ਨੂੰ ਬਾਦਲ ਪੱਖੀ ਬਣਾ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਰੋਧੀ ਧਿਰ ਨਾਲ ਜੁੜੇ ਮੈਂਬਰਾਂ ਵੱਲੋਂ ਲਗਾਏ ਆਰੋਪਾਂ ਨੂੰ ਝੂਠਾ ਪ੍ਰਚਾਰ ਕਰਾਰ ਦਿੱਤਾ ਹੈ। ਅੰਮ੍ਰਿਤਸਰ ਵਿੱਚ ਪ੍ਰੈੱਸ ਕਾਨਫਰੰਸ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਹੜ੍ਹ ਪੀੜਤਾਂ ਨਾਲ ਖੜ੍ਹਨ ਦੀ ਥਾਂ ਇਹ ਲੋਕ ਸਿਆਸੀ ਬਿਆਨਬਾਜ਼ੀ ਵਿੱਚ ਉਲਝੇ ਹੋਏ ਹਨ। ਧਾਮੀ ਨੇ ਵਿਰੋਧੀਆਂ ਨੂੰ ਠੋਕ ਕੇ ਜਵਾਬ ਦਿੰਦਿਆਂ ਕਿਹਾ ਕਿ ਸੜ ਨਾ ਰੀਸ ਕਰ ਕਹਾਵਤ ਤੁਹਾਡੇ ’ਤੇ ਢੁੱਕਦੀ ਹੈ। ਸ਼੍ਰੋਮਣੀ ਕਮੇਟੀ ਦੀਆਂ ਰਾਹਤ ਸੇਵਾਵਾਂ ਪੂਰੀ ਤਰ੍ਹਾਂ ਪਾਰਦਰਸ਼ੀ ਹਨ ਅਤੇ 10 ਸਤੰਬਰ ਤੱਕ 77 ਲੱਖ ਤੋਂ ਵੱਧ ਰੁਪਏ ਖਰਚ ਕੀਤੇ ਗਏ ਹਨ, ਜਿਸ ਵਿੱਚ ਲੰਗਰ, ਰਸਦਾਂ, ਸਾਮਾਨ ਅਤੇ ਡੀਜ਼ਲ ਸ਼ਾਮਲ ਹੈ।



ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹਰ ਪੈਸੇ ਦਾ ਹਿਸਾਬ ਰੱਖਦੀ ਹੈ ਅਤੇ ਅਗਾਮੀ 20 ਕਰੋੜ ਰੁਪਏ ਖਰਚਣ ਵੇਲੇ ਵੀ ਇੱਕ-ਇੱਕ ਪੈਸੇ ਦਾ ਵੇਰਵਾ ਹੋਵੇਗਾ। ਉਨ੍ਹਾਂ ਨੇ ਜਸਵੰਤ ਸਿੰਘ ਪੁੜੈਣ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਖਰਚੇ ਲਈ ਅੰਤਰਿਮ ਕਮੇਟੀ ਦੀ ਪ੍ਰਵਾਨਗੀ ਜ਼ਰੂਰੀ ਹੁੰਦੀ ਹੈ ਅਤੇ ਸ਼੍ਰੋਮਣੀ ਕਮੇਟੀ ਨਾਲ ਸ਼੍ਰੋਮਣੀ ਅਕਾਲੀ ਦਲ ਵੀ ਰਾਹਤ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਸੇਵਾ ਕਰ ਰਹੇ ਹਨ, ਤਾਂ ਤੁਸੀਂ ਵੀ ਕਰੋ, ਅੜਚਨਾਂ ਪੈਦਾ ਨਾ ਕਰੋ। ਧਾਮੀ ਨੇ ਹੋਰ ਕਿਹਾ ਕਿ ਵਿਰੋਧੀਆਂ ਵੱਲੋਂ ਕੀਤੇ ਜਾ ਰਹੇ ਆਰੋਪ ਹੜ੍ਹ ਪੀੜਤਾਂ ਦੀ ਸੇਵਾ ਵਿੱਚ ਅੜਚਨ ਪੈਦਾ ਕਰਦੇ ਹਨ। ਉਨ੍ਹਾਂ ਨੇ ਸਰਕਾਰ ਨੂੰ ਵੀ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।

ਇਸ ਖਿਚਾਧੂਹੀ ਨੇ ਸ਼੍ਰੋਮਣੀ ਕਮੇਟੀ ਅੰਦਰ ਵੰਡ ਪੈਦਾ ਕਰ ਦਿੱਤੀ ਹੈ, ਜਿੱਥੇ ਵਿਰੋਧੀ ਮੈਂਬਰ ਪੂਰਨ ਤੌਰ ’ਤੇ ਵੇਰਵੇ ਮੰਗ ਰਹੇ ਹਨ ਅਤੇ ਧਾਮੀ ਪਾਰਦਰਸ਼ਤਾ ਦਾ ਦਾਅਵਾ ਕਰ ਰਹੇ ਹਨ। ਇਹ ਵਿਵਾਦ ਹੜ੍ਹ ਰਾਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਦੇ ਕੋਲੋਂ ਬਚਾਉਣਾ ਜ਼ਰੂਰੀ ਹੈ, ਨਹੀਂ ਤਾਂ ਗੁਰੂ ਗੋਲਕ ਦੀ ਲੁੱਟ ਜਾਰੀ ਰਹੇਗੀ। ਉਨ੍ਹਾਂ ਨੇ ਡੀਜ਼ਲ ਵੰਡ ਨੂੰ ਰਾਜਸੀ ਧੱਕੇ ਨਾਲ ਜੋੜਿਆ ਅਤੇ ਪੂਰਨ ਜਾਂਚ ਦੀ ਮੰਗ ਕੀਤੀ।

ਆਮ ਸਿੱਖ ਸ਼੍ਰੋਮਣੀ ਕਮੇਟੀ ਉੱਪਰ ਸੁਆਲ ਉਠਾ ਰਹੇ ਹਨ ਕਿ ਖਾਲਸਾ ਏਡ, ਯੂਨਾਈਟਿਡ ਸਿੱਖਸ, ਗਲੋਬਲ ਸਿੱਖਸ ਅਤੇ ਹੋਰ ਪੰਥਕ ਧਿਰਾਂ ਨਾਲ ਮਿਲ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਨੈਟਵਰਕ ਕਿਉਂ ਨਹੀਂ ਬਣਾਇਆ? ਅਜੇ ਤੱਕ ਵੇਅਰ ਹਾਊਸ ਕਿਉਂ ਨਹੀਂ ਖੋਲ੍ਹੇ ਅਤੇ ਨੈਟਵਰਕ ਕਿਉਂ ਕਮਜ਼ੋਰ ਹੈ? ਪੰਥਕ ਧਿਰਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਨੈਟਵਰਕ ਕਮਜ਼ੋਰ ਹੋਣ ਕਾਰਨ ਰਾਹਤ ਕੰਮਾਂ ਵਿੱਚ ਦੇਰੀ ਹੋ ਰਹੀ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਗਲੋਬਲ ਸਿੱਖ ਅਰਗੇਨਾਈਜ਼ੇਸ਼ਨਾਂ ਨਾਲ ਜੁੜ ਕੇ ਵੱਡਾ ਨੈਟਵਰਕ ਬਣਾਇਆ ਜਾਵੇ, ਜਿਸ ਨਾਲ ਰਾਹਤ ਸਮੱਗਰੀ ਤੇਜ਼ੀ ਨਾਲ ਪਹੁੰਚੇ।

ਸ਼੍ਰੋਮਣੀ ਕਮੇਟੀ ਨੇ ਰਾਸ਼ਨ ਅਤੇ ਡੀਜ਼ਲ ਵੰਡਿਆ ਹੈ, ਪਰ ਵੇਅਰਹਾਊਸ ਨਾ ਖੋਲ੍ਹਣ ਨਾਲ ਸਟੋਰੇਜ ਦੀ ਕਮੀ ਹੈ। ਇਸੇ ਕਾਰਨ ਰਾਹਿਤ ਕਾਰਜਾਂ ਦਾ ਕੰਮ ਠੀਕ ਨਹੀਂ ਚਲ ਰਿਹਾ।

## ਹੜ੍ਹ ਰਾਹਤ ਕਾਰਜ ਰਲ ਮਿਲ ਕੇ ਕੀਤੇ ਜਾਣ: ਜਥੇਦਾਰ ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਾਬ ’ਚ ਹੜ੍ਹ ਪੀੜਤਾਂ ਲਈ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਨੂੰ ਹੋਰ ਵੀ ਸਹੀ ਢੰਗ ਨਾਲ ਚਲਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੀਟਿੰਗ ਕੀਤੀ। ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਹੋਈ ਮੀਟਿੰਗ ਵਿੱਚ ਰਾਹਤ ਕਾਰਜਾਂ ਨੂੰ ਇੱਕ ਝੰਡੇ ਹੇਠ ਚਲਾਉਣ ਲਈ ਵੈੱਬਸਾਈਟ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ।



ਮੀਟਿੰਗ ਮਗਰੋਂ ਜਥੇਦਾਰ ਗੜਗੱਜ ਨੇ ਕਿਹਾ ਕਿ ਜੋ ਸੰਸਥਾਵਾਂ ਇਕੱਠੇ ਹੋ ਕੇ ਕੰਮ ਕਰਨਾ ਚਾਹੁੰਦੀਆਂ ਹਨ, ਉਹ ਆਪਣੀ ਜਾਣਕਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦੇਣ। ਇਸ ਵੈੱਬਸਾਈਟ ਦਾ ਸਮੁੱਚਾ ਪ੍ਰਬੰਧ ਅਕਾਲ ਤਖ਼ਤ ਸਾਹਿਬ ਦੇ ਕੋਲ ਹੋਵੇਗਾ। ਉਨ੍ਹਾਂ ਸਮਾਜ ਸੇਵੀ ਜਥੇਬੰਦੀਆਂ ਨੂੰ ਆਪਣੇ ਦੋ-ਦੋ ਵਾਲੰਟੀਅਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਰਾਬਤਾ ਰੱਖਣ ਲਈ ਕਿਹਾ। ਸਰਕਾਰਾਂ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਵਾਸਤੇ ਐਲਾਨੇ ਗਏ ਮੁਆਵਜ਼ੇ ਨੂੰ ਬਹੁਤ ਘੱਟ ਦੱਸਦਿਆਂ ਜਥੇਦਾਰ ਨੇ ਕਿਹਾ ਕਿ ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੇਵਾ ਕਰਦੇ ਹੋਏ ਜਿਨ੍ਹਾਂ ਸਮਾਜ ਸੇਵੀਆਂ ਦੀ ਜਾਨ ਗਈ ਹੈ ਉਨ੍ਹਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

# ਸ਼੍ਰੋਮਣੀ ਕਮੇਟੀ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ 20 ਕਰੋੜ ਰੁਪਏ ਰਾਖਵੇਂ ਰੱਖੇ:ਧਾਮੀ

## 10 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਕਣਕ ਦਾ ਬੀਜ ਵੀ ਦਿੱਤਾ ਜਾਵੇਗਾ

### ਲੋੜਵੰਦਾਂ ਨੂੰ 8 ਲੱਖ ਲੀਟਰ ਡੀਜ਼ਲ ਦੇਵੇਗੀ ਸ਼੍ਰੋਮਣੀ ਕਮੇਟੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੰਤ੍ਰਿੰਗ ਕਮੇਟੀ ਦੀ ਪਿਛਲੇ ਦਿਨੀਂ ਹੋਈ ਮੀਟਿੰਗ 'ਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮੁੱਢਲੇ ਤੌਰ 'ਤੇ 20 ਕਰੋੜ ਰੁਪਏ ਰਾਖਵੇਂ ਰੱਖਣ ਦਾ ਫੈਸਲਾ ਕੀਤਾ।

ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਅੰਦਰ ਹੜ੍ਹਾਂ ਕਾਰਨ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਹੈ। ਜਿਥੇ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋਈਆਂ ਹਨ, ਉਥੇ ਹੀ ਜ਼ਮੀਨਾਂ ਵਿੱਚ ਆਈ ਰੇਤ ਨੇ ਵੀ ਕਿਸਾਨਾਂ ਲਈ ਵੱਡੀ ਮੁਸੀਬਤ ਖੜ੍ਹੀ ਕੀਤੀ ਹੈ। ਪ੍ਰਭਾਵਿਤ ਪਿੰਡਾਂ ਦੇ ਗੁਰੂ-ਘਰਾਂ ਦਾ ਵੀ ਨੁਕਸਾਨ ਹੋਇਆ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਸਬੰਧੀ ਵਿਚਾਰ ਚਰਚਾ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਮੁੱਢਲੇ ਤੌਰ 'ਤੇ 20 ਕਰੋੜ ਰੁਪਏ ਰਾਖਵੇਂ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਲਈ ਸਭ ਤੋਂ ਵੱਡੀ ਸਮੱਸਿਆ ਖੇਤਾਂ ਨੂੰ ਪੱਧਰਾ ਕਰਕੇ ਬਿਜਾਈ ਯੋਗ ਬਣਾਉਣਾ ਹੈ, ਜਿਸ ਵਾਸਤੇ ਸ਼੍ਰੋਮਣੀ ਕਮੇਟੀ 8 ਲੱਖ ਲੀਟਰ ਡੀਜ਼ਲ ਲੋੜਵੰਦਾਂ ਨੂੰ ਦੇਵੇਗੀ, 10 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਚੰਗੀ ਕੁਆਲਟੀ ਦਾ ਕਣਕ ਦਾ ਬੀਜ ਵੀ ਦਿੱਤਾ ਜਾਵੇਗਾ, ਹੜ੍ਹਾਂ ਨਾਲ ਪ੍ਰਭਾਵਿਤ ਹੋਏ ਗੁਰਦੁਆਰਾ ਸਾਹਿਬਾਨ ਨੂੰ ਵੀ 50-50 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਜਿਨ੍ਹਾਂ ਬੱਚਿਆਂ ਦੀਆਂ ਕਿਤਾਬਾਂ ਖਰਾਬ ਹੋਈਆਂ ਹਨ, ਉਨ੍ਹਾਂ ਜ਼ਰੂਰਤਮੰਦ ਬੱਚਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੁਫ਼ਤ ਕਿਤਾਬਾਂ ਦਿੱਤੀਆਂ ਜਾਣਗੀਆਂ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਤੋਂ ਮੈਡੀਕਲ ਟੀਮਾਂ ਲੋਕਾਂ ਦੀ ਮਦਦ ਕਰ ਰਹੀਆਂ ਹਨ, ਹੁਣ ਪਾਣੀ ਉਤਰਨ ਤੋਂ ਬਾਅਦ ਵਧ ਰਹੀਆਂ ਸਮੱਸਿਆਵਾਂ ਦੇ ਮੱਦੇਨਜ਼ਰ ਗੁਰੂ ਰਾਮਦਾਸ ਮੈਡੀਕਲ ਕਾਲਜ ਤੋਂ 50 ਮੈਡੀਕਲ ਵੈਨਾਂ ਇਨ੍ਹਾਂ ਇਲਾਕਿਆਂ ਵਿੱਚ ਤਾਇਨਾਤ ਕੀਤੀਆਂ ਜਾਣਗੀਆਂ।

ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਅਤੇ ਲੋੜਵੰਦਾਂ ਨੂੰ ਰਾਸ਼ਨ ਦੇਣ ਦਾ ਕਾਰਜ ਪਹਿਲੇ ਦੀ ਤਰ੍ਹਾਂ ਨਿਰੰਤਰ ਜਾਰੀ ਰੱਖਿਆ ਜਾਵੇਗਾ।

ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਡੀਜ਼ਲ ਤੋਂ ਵੈਟ ਖ਼ਤਮ ਕੀਤਾ ਜਾਵੇ, ਤਾਂ ਜੋ ਲੋਕਾਂ ਦੀ ਵੱਧ ਤੋਂ ਵੱਧ ਸਹਾਇਤਾ ਹੋ ਸਕੇ। ਉਨ੍ਹਾਂ ਸੰਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜ ਗੁਰੂ ਕੀ ਗੋਲਕ ਅਤੇ ਸੰਗਤ ਦੇ ਸਹਿਯੋਗ ਨਾਲ ਹੋ ਰਹੇ ਹਨ। ਇਸ ਲਈ ਸੰਗਤ ਖੁੱਲ੍ਹਦਿਲੀ ਨਾਲ ਇਨ੍ਹਾਂ ਕਾਰਜਾਂ ਵਿੱਚ ਯੋਗਦਾਨ ਪਾਵੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁਲਾਜ਼ਮਾਂ ਦੀ ਜਥੇਬੰਦੀ ਵੱਲੋਂ ਹੜ੍ਹ ਪੀੜਤਾਂ ਲਈ 1 ਲੱਖ 1 ਹਜ਼ਾਰ ਰੁਪਏ ਦਾ ਚੈੱਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪਿਆ। ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਹੁਣ ਤੱਕ 77 ਲੱਖ ਤੋਂ ਵੱਧ ਦਾ ਲੋੜੀਂਦਾ ਸਮਾਨ ਭੇਜਿਆ ਜਾ ਚੁੱਕਾ ਹੈ।

# ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਉਪਰਾਲੇ ਕੀਤੇ ਜਾਣਗੇ: ਗਿਆਨੀ ਹਰਪ੍ਰੀਤ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼: ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਐਲਾਨ ਕੀਤਾ ਕਿ ਜਥੇਬੰਦੀ ਵੱਲੋਂ ਹੜ੍ਹ ਪੀੜਤਾਂ ਲਈ ਇਕ ਲੱਖ ਲੀਟਰ ਡੀਜ਼ਲ ਦਿੱਤਾ ਜਾਵੇਗਾ। ਜਥੇਬੰਦੀ ਵੱਲੋਂ ਨੁਕਸਾਨੇ ਗਏ ਘਰਾਂ ਦੀ ਮੁਰੰਮਤ ਲਈ ਵੀ ਸਹਿਯੋਗ ਦਿੱਤਾ ਜਾਵੇਗਾ।

ਗੁਰਦੁਆਰਿਆਂ ਦੀਆਂ ਨੁਕਸਾਨੀਆਂ ਇਮਾਰਤਾਂ ਲਈ ਵੱਖਰੇ ਉਪਰਾਲੇ ਕੀਤਾ ਜਾਣਗੇ। ਹੜ੍ਹ ਪੀੜਤਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਕਾਪੀਆਂ ਅਤੇ ਹੋਰ ਸਾਮਾਨ ਵੀ ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਿੱਤਾ ਜਾਵੇਗਾ।

ਗਿਆਨੀ ਹਰਪ੍ਰੀਤ ਸਿੰਘ ਨੇ ਹੋਰਨਾਂ ਆਗੂਆਂ ਸਣੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਵੀ ਕੀਤਾ। ਉਨ੍ਹਾਂ ਕਿਹਾ ਕਿ ਜਥੇਬੰਦੀ ਦੇ ਆਗੂਆਂ ਨੇ ਵੀ ਹੜ੍ਹ ਪੀੜਤਾਂ ਲਈ ਕਰੋੜਾਂ ਰੁਪਏ ਦਾ ਦਾਨ ਦਿੱਤਾ ਹੈ, ਜਿਨ੍ਹਾਂ ਵਿੱਚੋਂ ਸੁਰਜੀਤ ਸਿੰਘ ਰੱਖੜਾ ਵੱਲੋਂ ਦਸ ਕਰੋੜ ਰੁਪਏ ਦਿੱਤੇ ਗਏ ਹਨ।

ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜਾਰੀ ਕੀਤੇ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਨੂੰ ਮਜ਼ਾਕ ਦੱਸਿਆ।

# ਗੁਰਦੁਆਰੇ 'ਚ ਰਾਹੁਲ ਗਾਂਧੀ ਨੂੰ ਸਿਰੋਪਾ ਦੇਣ ਵਾਲਿਆਂ ਖ਼ਿਲਾਫ਼ ਹੋਵੇਗੀ ਸਖ਼ਤ ਕਾਰਵਾਈ : ਐਡਵੋਕੇਟ ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼: ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਹੜ੍ਹ ਪ੍ਰਭਾਵਿਤ ਖੇਤਰ ਦੇ ਦੌਰੇ ਸਮੇਂ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਸਿਰੋਪਾ ਦੇਣ ਦਾ ਮਾਮਲਾ ਚਰਚਾ ਵਿੱਚ ਆਇਆ ਹੈ ਜਿਸ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦਿੰਦਿਆਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ। ਰਾਹੁਲ ਗਾਂਧੀ ਨੂੰ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਸਿਰੋਪਾ ਦੇਣ ਦੇ ਮਾਮਲੇ ਵਿੱਚ ਪ੍ਰਧਾਨ ਸ੍ਰੀ ਧਾਮੀ ਨੇ ਕਿਹਾ ਕਿ ਬੀਤੇ ਵਿੱਚ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫ਼ੈਸਲੇ ਮੁਤਾਬਕ ਗੁਰਦੁਆਰੇ ਦੇ ਦਰਬਾਰ ਸਾਹਿਬ ਅੰਦਰ ਸਿਆਸੀ ਸ਼ਖ਼ਸੀਅਤਾਂ ਨੂੰ ਸਿਰੋਪਾ ਦੇਣ ਉੱਤੇ ਪਾਬੰਦੀ ਹੈ। ਗੁਰਦਰਬਾਰ ਵਿੱਚ ਕੇਵਲ ਧਾਰਮਿਕ ਸ਼ਖ਼ਸੀਅਤਾਂ, ਰਾਗੀ ਸਿੰਘਾਂ ਤੇ ਸਿੱਖ ਮਹਾਂਪੁਰਖਾਂ ਨੂੰ ਇਹ ਸਨਮਾਨ ਦੇਣ ਤੱਕ ਹੀ ਸੀਮਤ ਕੀਤਾ ਹੋਇਆ ਹੈ। ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ ਦੀ ਘਟਨਾ ਸਬੰਧੀ ਪੜਤਾਲ ਕਰਵਾਈ ਜਾ ਰਹੀ ਹੈ। ਭਲਕੇ ਤੱਕ ਇਸ ਦੀ ਮੁਕੰਮਲ ਰਿਪੋਰਟ ਲਈ ਜਾਵੇਗੀ। ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਕਾਰਵਾਈ ਜ਼ਰੂਰ ਹੋਵੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਨਸਲਕੁਸ਼ੀ ਦੀ ਦੋਸ਼ੀ ਕਾਂਗਰਸ ਦੇ ਆਗੂ ਅਤੇ ਗਾਂਧੀ ਪਰਿਵਾਰ ਦੇ ਮੈਂਬਰ ਰਾਹੁਲ ਗਾਂਧੀ ਨੂੰ ਗੁਰਦੁਆਰੇ ਤੋਂ ਸਿਰੋਪਾ ਦੇਣਾ ਤਾਂ ਕਿਸੇ ਵੀ ਤਰ੍ਹਾਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

**ਐਸ.ਜੀ.ਪੀ.ਸੀ. ਨੇ ਸਿੱਖਾਂ ਦੇ ਜ਼ਖਮਾਂ 'ਤੇ ਨਮਕ ਛਿੜਕਿਆ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਭਾਈ ਮਨਜੀਤ ਸਿੰਘ, ਮਾਸਟਰ ਮਿੱਠੂ ਸਿੰਘ ਕਾਹਨੇਕੇ, ਮਲਕੀਤ ਸਿੰਘ ਚੰਗਾਲ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸ੍ਰੀ ਸਮਾਧ ਬਾਬਾ ਬੁੱਢਾ ਜੀ ਸਾਹਿਬ ਰਮਦਾਸ ਵਿਖੇ ਰਾਹੁਲ ਗਾਂਧੀ ਨੂੰ ਸਿਰਪਾਓ ਦੇ ਕੇ ਸਿੱਖਾਂ ਦੇ ਅੱਲੇ ਜ਼ਖਮਾਂ 'ਤੇ ਨਮਕ ਛਿੜਕਿਆ ਹੈ।

ਉਨ੍ਹਾਂ ਦੋਸ਼ ਲਾਇਆ ਕਿ ਗਾਂਧੀ ਪਰਿਵਾਰ ਨੇ ਆਪਣੇ ਸੱਤਾ ਦੇ ਨਸ਼ੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ ਢੇਰੀ ਕੀਤਾ। ਦਿੱਲੀ ਵਿੱਚ ਸਿੱਖ ਨਸਲਕੁਸ਼ੀ ਦੇ ਜ਼ਿੰਮੇਵਾਰ ਗਾਂਧੀ ਪਰਿਵਾਰ ਦੇ ਫ਼ਰਜ਼ੰਦ ਰਾਹੁਲ ਗਾਂਧੀ ਨੂੰ ਸਿਰਪਾਓ ਦਿੱਤਾ ਗਿਆ ਤੇ ਉਹ ਵੀ ਐਸ.ਜੀ.ਪੀ.ਸੀ. ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸਾਹਿਬ ਵਿੱਚ, ਇਸ ਤੋਂ ਵੱਧ ਸਿੱਖ ਕੌਮ ਲਈ ਸ਼ਰਮਨਾਕ ਗੱਲ ਕੋਈ ਹੋਰ ਹੋ ਹੀ ਨਹੀਂ ਸਕਦੀ। ਲੋਕਾਂ ਵਿੱਚ ਚਰਚਾ ਸੀ ਕਿ ਸਰਨਾਂ ਭਰਾਵਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੂੰ ਨੇੜੇ ਲਿਆਉਣ ਦਾ ਬੀੜਾ ਚੁੱਕਿਆ ਹੈ। ਉਸੇ ਕੜੀ ਤਹਿਤ ਗਾਂਧੀ ਪਰਿਵਾਰ ਨੂੰ ਮੁਆਫ਼ੀ ਦਿਵਾਉਣ ਦੀ ਸਾਜ਼ਿਸ਼ ਸ਼ਾਮਲ ਹੈ ਅਤੇ ਉਸੇ ਕੜੀ ਤਹਿਤ ਸਿੱਖ ਸੰਗਤਾਂ ਦਾ ਗੁੱਸਾ ਜਾਂਚਣ ਲਈ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਗੁਰਦੁਆਰੇ ਵਿੱਚ ਰਾਹੁਲ ਗਾਂਧੀ ਨੂੰ ਸਿਰੋਪਾ ਦਿੱਤਾ ਗਿਆ ਹੈ।

# ਜੇ ਦਸਤਾਰਾਂ ਵਾਲੇ ਸਿੱਖ ਦੇਸ਼ ਲਈ ਨਾ ਲੜਦੇ ਤਾਂ ਅੱਜ ਇਸ ਦੇਸ਼ ਦਾ ਨਕਸ਼ਾ ਕੁਝ ਹੋਰ ਹੋਣਾ ਸੀ: ਜਥੇਦਾਰ ਗੜਗੱਜ

## ਕੋਲਕਾਤਾ ਵਿੱਚ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸਬੰਧੀ ਸਮਾਗਮ ਕਰਵਾਇਆ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਸਿੰਘ ਸਭਾ ਕਲਕੱਤਾ ਤੇ ਪੱਛਮੀ ਬੰਗਾਲ ਦੇ ਸਮੂਹ ਗੁਰੂ ਘਰਾਂ ਦੀ ਸਾਂਝੀ ਸ਼ਤਾਬਦੀ ਕਮੇਟੀ ਵੱਲੋਂ ਕੋਲਕੱਤਾ ਵਿੱਚ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਸਾਂਝੇ ਰੂਪ ਵਿੱਚ ਗੁਰਮਤਿ ਸਮਾਗਮ ਕੀਤਾ ਗਿਆ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖਾਂ ਨੂੰ ਕੌਮੀ ਭਾਵਨਾ ਅਨੁਸਾਰ ਇਕਜੁੱਟ ਹੋਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ, ਕਥਾਵਾਚਕ ਅਤੇ ਕਵੀਸ਼ਰ ਜਥੇ ਨੇ ਗੁਰਬਾਣੀ ਕੀਰਤਨ, ਗੁਰ ਇਤਿਹਾਸ ਤੇ ਕਥਾ ਵਿਚਾਰ ਕੀਤਾ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਪੜਚੋਲ ਦੀ ਲੋੜ ਹੈ ਕਿ ਜਿਸ ਧਰਮ ਦੀ ਅਜ਼ਾਦੀ ਲਈ ਗੁਰੂ ਤੇਗ ਬਹਾਦਰ ਨੇ ਸ਼ਹਾਦਤ ਦਿੱਤੀ, ਹੁਣ ਜਦੋਂ ਉਨ੍ਹਾਂ ਦੇ ਪੈਰੋਕਾਰਾਂ ਕੋਲ ਸ਼ਕਤੀ ਆਈ ਤਾਂ ਉਨ੍ਹਾਂ ਦੇ ਸਿੱਖਾਂ ਦੇ ਕਕਾਰ ਕਿਰਪਾਨ ਤੇ ਕੜੇ ਉਤਰਵਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਹੁਕਮਰਾਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜੇ ਦਸਤਾਰਾਂ ਵਾਲੇ ਸਿੱਖ ਦੇਸ਼ ਲਈ ਨਾ ਲੜਦੇ ਤਾਂ ਅੱਜ ਇਸ ਦੇਸ਼ ਦਾ ਨਕਸ਼ਾ ਕੁਝ ਹੋਰ ਹੋਣਾ ਸੀ। ਉਨ੍ਹਾਂ ਸਮੂਹ ਸਿੱਖਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਰਹਿਣ ਲਈ ਆਖਿਆ, ਕਿਉਂ ਕਿ ਅੱਜ ਬਹੁਤ ਸ਼ਕਤੀਆਂ ਵੱਲੋਂ ਸਿੱਖਾਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਅੱਯਾਵਲੀ ਭਾਈਚਾਰੇ ਨਾਲ ਸਾਡੀਆਂ ਬਹੁਤ ਸਾਰੀਆਂ ਸਮਾਨਤਾਵਾਂ ਹਨ: ਜਥੇਦਾਰ ਗੜਗੱਜ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੇਸ਼ ਦੇ ਦੱਖਣੀ ਹਿੱਸੇ ਵਿੱਚ ਰਹਿਣ ਵਾਲੇ ਅੱਯਾਵਲੀ ਭਾਈਚਾਰੇ ਨਾਲ ਇਕਜੁੱਟਤਾ ਪ੍ਰਗਟ ਕਰਨ ਲਈ ਕੰਨਿਆਕੁਮਾਰੀ ਵਿੱਚ ਅੱਯਾਵਲੀ ਮੁਖੀ ਬਾਲਾ ਪ੍ਰਜਾਪਤੀ ਆਦਿਕਲਾਰ ਨਾਲ ਮੁਲਾਕਾਤ ਕੀਤੀ।

ਇਸ ਮੌਕੇ ਬਾਲਾ ਪ੍ਰਜਾਪਤੀ ਨੇ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਥਾਨਕ ਰਵਾਇਤੀ ਮਾਲਾ ਨਾਲ ਸਨਮਾਨਿਤ ਕੀਤਾ। ਜਥੇਦਾਰ ਨੇ ਆਸ਼ਰਮ ਦਾ ਦੌਰਾ ਕੀਤਾ। ਉਨ੍ਹਾਂ ਇੱਥੇ ਦੱਖਣ ਦਾ ਰਵਾਇਤੀ ਭੋਜਨ ਵੀ ਛਕਿਆ। ਜਥੇਦਾਰ ਗੜਗੱਜ ਨੇ ਕਿਹਾ ਕਿ ਬਾਲਾ ਪ੍ਰਜਾਪਤੀ ਆਪਣੇ ਪੁਰਖਿਆਂ ਦੀ ਛੇਵੀਂ ਪੀੜ੍ਹੀ ਹਨ, ਜਿਨ੍ਹਾਂ ਨੇ ਜਾਤ-ਪਾਤ, ਭੇਦਭਾਵ, ਛੂਤ-ਛਾਤ ਅਤੇ ਹੋਰ ਕੁਰੀਤੀਆਂ ਵਿਰੁੱਧ ਉਦੋਂ ਅਵਾਜ਼ ਬੁਲੰਦ ਕੀਤੀ ਜਦੋਂ ਇੱਥੇ ਸਥਿਤੀ ਬਹੁਤ ਅੱਤਿਆਚਾਰ ਵਾਲੀ ਸੀ। ਜਥੇਦਾਰ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਲਗਪਗ ਪੰਜ ਸਦੀਆਂ ਪਹਿਲਾਂ ਛੂਤ-ਛਾਤ, ਅਣਦੇਖੀ ਅਤੇ ਜਾਤ-ਪਾਤ ਅਧਾਰਤ ਭੇਦਭਾਵ ਵਿਰੁੱਧ ਆਵਾਜ਼ ਉਠਾਈ ਸੀ।

ਉਨ੍ਹਾਂ ਮਹਿਸੂਸ ਕੀਤਾ ਕਿ ਇੱਥੇ ਇਸ ਭਾਈਚਾਰੇ ਨਾਲ ਸਾਡੀਆਂ ਬਹੁਤ ਸਾਰੀਆਂ ਸਮਾਨਤਾਵਾਂ ਹਨ, ਇਹ ਦਸਤਾਰ ਸਜਾਉਂਦੇ ਹਨ ਅਤੇ ਕੇਸ ਕਤਲ ਨਹੀਂ ਕਰਦੇ, ਇਹ ਬਿਨਾਂ ਕਿਸੇ ਭੇਦਭਾਵ ਦੇ ਇੱਕ ਖੂਹ ਦੇ ਜਲ ਨਾਲ ਇਸ਼ਨਾਨ ਕਰਦੇ ਹਨ, ਇਹ ਜਾਤ, ਧਰਮ, ਰੰਗ ਜਾਂ ਵਰਗ ਦੇ ਅਧਾਰ 'ਤੇ ਵਿਤਕਰਾ ਨਹੀਂ ਕਰਦੇ। ਜਥੇਦਾਰ ਨੇ ਬਾਲ ਪ੍ਰਜਾਪਤੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸੱਚਖੰਡ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਤਾਮਿਲਨਾਡੂ, ਕੇਰਲਾ ਅਤੇ ਇਸ ਖੇਤਰ ਵਿੱਚ ਇਸ ਭਾਈਚਾਰੇ ਦੇ ਲਗਪਗ 15 ਲੱਖ ਪੈਰੋਕਾਰ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਸਿੱਖ ਜਥੇ ਨੂੰ ਪਾਕਿ ਜਾਣ ਦੀ ਆਗਿਆ ਦੇਵੇ ਕੇਂਦਰ ਸਰਕਾਰ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਭਾਰਤ ਤੋਂ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਤੋਂ ਕੇਂਦਰ ਸਰਕਾਰ ਵੱਲੋਂ ਨਾਂਹ ਕਰਨ ਨਾਲ ਸਿੱਖ ਭਾਈਚਾਰੇ ਵਿੱਚ ਰੋਸ ਪਾਇਆ ਜਾ ਰਿਹਾ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਸਿੱਖ ਜਥੇ ਨੂੰ ਪਾਕਿਸਤਾਨ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੀ ਨਿਖੇਧੀ ਕਰਦਿਆਂ ਇਸ ਨੂੰ ਕੇਂਦਰ ਦਾ ਸਿੱਖਾਂ ਨਾਲ ਵਿਤਕਰਾ ਕਰਾਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਨਵੰਬਰ ਮਹੀਨੇ ਵਿੱਚ ਸਿੱਖ ਸ਼ਰਧਾਲੂਆਂ ਦਾ ਜਥਾ ਇਸ ਸਾਲ ਭਾਰਤ ਤੋਂ ਪਾਕਿਸਤਾਨ ਨਾ ਭੇਜਣ ਦੇ ਫ਼ੈਸਲੇ ਨੂੰ ਗ਼ਲਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਦੋਵੇਂ ਦੇਸ਼ਾਂ ਵਿਚਕਾਰ ਕ੍ਰਿਕਟ ਖੇਡਿਆ ਜਾ ਸਕਦਾ ਹੈ ਤਾਂ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਕਿਉਂ ਨਹੀਂ ਜਾ ਸਕਦਾ।

ਗਿਆਨੀ ਹਰਪ੍ਰੀਤ ਸਿੰਘ ਸਮੇਤ ਕਈ ਹੋਰ ਸਿੱਖ ਆਗੂਆਂ ਨੇ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੀ ਨਿਖੇਧੀ ਕੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਕਿਸਤਾਨ ਵਿੱਚ ਸਿੱਖ ਜਥਾ ਨਾ ਭੇਜਣ ਦੇ ਕੇਂਦਰ ਦੇ ਫ਼ੈਸਲੇ ਨੂੰ ਸਿੱਖ ਵਿਰੋਧੀ ਦੱਸਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਜਦੋਂ ਭਾਰਤ ਦੀ ਕ੍ਰਿਕਟ ਟੀਮ ਪਾਕਿਸਤਾਨ ਦੀ ਕ੍ਰਿਕਟ ਟੀਮ ਨਾਲ ਮੈਚ ਖੇਡ ਸਕਦੀ ਹੈ ਤਾਂ ਫ਼ਿਰ ਸਿੱਖ ਜਥੇ ਨੂੰ ਪਾਕਿਸਤਾਨ ਭੇਜਣ ਤੋਂ ਕਿਉਂ ਇਨਕਾਰ ਕੀਤਾ ਗਿਆ ਹੈ। ਕੁਝ ਸਿੱਖ ਆਗੂ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਦਾ ਸਿੱਖਾਂ ਨਾਲ ਧੱਕਾ ਕਰਨ ਦਾ ਇਹ ਪਹਿਲਾ ਮੌਕਾ ਨਹੀਂ ਹੈ ਸਗੋਂ ਅਨੇਕਾਂ ਮੌਕਿਆਂ 'ਤੇ ਕੇਂਦਰ ਨੇ ਸਿੱਖਾਂ ਨਾਲ ਧੱਕਾ ਕੀਤਾ ਹੈ। ਇਹਨਾਂ ਆਗੂਆਂ ਅਨੁਸਾਰ ਹੜ੍ਹ ਪ੍ਰਭਾਵਿਤ ਪੰਜਾਬ ਨੂੰ ਕੇਂਦਰੀ ਸਹਾਇਤਾ ਦੇਣ ਸਮੇਂ ਵੀ ਪੰਜਾਬ ਨਾਲ ਵਿਤਕਰਾ ਕੀਤਾ ਗਿਆ ਹੈ। ਕੁਝ ਆਗੂ ਇਹ ਵੀ ਕਹਿੰਦੇ ਹਨ ਕਿ ਪ੍ਰਸਿੱਧ ਗਾਇਕ ਦਿਲਜੀਤ ਦੋਸਾਂਝ ਦੀ ਪੰਜਾਬੀ ਫ਼ਿਲਮ ਭਾਰਤ ਵਿੱਚ ਇਸ ਕਾਰਨ ਰਿਲੀਜ਼ ਨਹੀਂ ਹੋਣ ਦਿੱਤੀ ਗਈ ਕਿਉਂਕਿ ਉਸ ਵਿੱਚ ਪਾਕਿਸਤਾਨੀ ਮਹਿਲਾ ਕਲਾਕਾਰ ਨੇ ਕੰਮ ਕੀਤਾ ਸੀ ਪਰ ਜਦੋਂ ਭਾਰਤ ਦੀ ਟੀਮ ਪਾਕਿਸਤਾਨ ਦੀ ਟੀਮ ਨਾਲ ਕ੍ਰਿਕਟ ਮੈਚ ਖੇਡ ਸਕਦੀ ਹੈ ਤਾਂ ਸਿੱਖ ਜਥਾ ਪਾਕਿਸਤਾਨ ਭੇਜਣ 'ਚ ਆਨਾਕਾਨੀ ਕਿਉਂ ?

ਭਾਰਤ ਅਤੇ ਪਾਕਿਸਤਾਨ ਵਿਚਾਲੇ ਇਸੇ ਸਾਲ ਦੇ ਅਪ੍ਰੈਲ ਮਹੀਨੇ ਦੌਰਾਨ ਉਦੋਂ ਸਬੰਧ ਤਨਾਓ ਪੂਰਨ ਹੋ ਗਏ ਸਨ ਜਦੋਂ ਪਹਿਲਗਾਮ ਦਹਿਸ਼ਤੀ ਹਮਲਾ ਹੋਇਆ ਸੀ। ਉਸ ਤੋਂ ਬਾਅਦ ਭਾਰਤ ਸਰਕਾਰ ਨੇ ਪਾਕਿਸਤਾਨ ਨਾਲ ਕਈ ਪੱਖਾਂ ਵਿੱਚ ਸਬੰਧ ਤੋੜ ਲਏ ਸਨ। ਅਜਿਹਾ ਹੋਣ ਦੇ ਬਾਵਜੂਦ ਦੋਵਾਂ ਦੇਸ਼ਾਂ ਦਰਮਿਆਨ ਸਫ਼ਾਰਤੀ ਸਬੰਧ ਅਜੇ ਵੀ ਬਰਕਰਾਰ ਹਨ। ਦੋਵਾਂ ਦਾ ਆਪਸੀ ਤਾਲਮੇਲ ਘਟਿਆ ਜ਼ਰੂਰ ਹੈ, ਪਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। ਭਾਰਤ ਅਤੇ ਪਾਕਿਸਤਾਨ ਵਿਚਾਲੇ 3323 ਕਿਲੋਮੀਟਰ ਲੰਬੀ ਸਰਹੱਦ ਹੈ। ਇਸ ਕਰਕੇ ਦੋਵੇਂ ਦੇਸ਼ ਇੱਕ ਦੂਜੇ ਨਾਲ ਪੂਰੀ ਤਰ੍ਹਾਂ ਟੁੱਟ ਕੇ ਨਹੀਂ ਰਹਿ ਸਕਦੇ।

ਸਾਲ 1947 ਵਿੱਚ ਜਦੋਂ ਭਾਰਤ ਦੀ ਵੰਡ ਹੋਈ ਸੀ ਤਾਂ ਸ੍ਰੀ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਸਮੇਤ ਦੋ ਦਰਜਨ ਤੋਂ ਵੱਧ ਇਤਿਹਾਸਕ ਗੁਰਧਾਮ ਪਾਕਿਸਤਾਨ ਵਿੱਚ ਰਹਿ ਗਏ ਸਨ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮੇਤ ਚਾਰ ਅਹਿਮ ਪੁਰਬਾਂ ਜਾਂ ਅਵਸਰਾਂ 'ਤੇ ਸਿੱਖ ਜਥੇ, ਨਹਿਰੂ-ਲਿਆਕਤ ਪੈਕਟ, 1950 ਦੇ ਤਹਿਤ ਉਸੇ ਸਾਲ ਤੋਂ ਬਾਕਾਇਦਾ ਪਾਕਿਸਤਾਨ ਜਾਂਦੇ ਆਏ ਹਨ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ ਇਲਾਵਾ ਵਿਸਾਖੀ (ਖ਼ਾਲਸਾ ਸਾਜਨਾ ਦਿਵਸ), ਗੁਰੂ ਅਰਜਨ ਦੇਵ ਸ਼ਹੀਦੀ ਪੁਰਬ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਭਾਰਤ ਤੋਂ ਸਿੱਖ ਜਥੇ ਪਾਕਿਸਤਾਨ ਦੇ ਸਿੱਖ ਗੁਰਧਾਮਾਂ ਦੀ ਯਾਤਰਾ ਕਰਨ ਜਾਂਦੇ ਰਹੇ ਹਨ। ਇਸ ਤੋਂ ਇਲਾਵਾ ਨਵੰਬਰ 2019 ਵਿੱਚ ਕਰਤਾਰਪੁਰ ਲਾਂਘੇ ਦੀ ਸਥਾਪਨਾ ਤੋਂ ਬਾਅਦ ਸਿੱਖਾਂ ਦਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰ ਲਈ ਜਾਣਾ ਨਹਿਰੂ-ਲਿਆਕਤ ਪੈਕਟ ਤੋਂ ਬਾਹਰਲਾ ਫ਼ੈਸਲਾ ਹੈ ਪਰ ਇਸ ਸਮੇਂ ਕਰਤਾਰਪੁਰ ਯਾਤਰਾ ਵੀ ਬੰਦ ਹੈ। ਸਿੱਖ ਭਾਈਚਾਰੇ ਵੱਲੋਂ ਜਿਥੇ ਕਰਤਾਰਪੁਰ ਯਾਤਰਾ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ, ਉਥੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਭਾਰਤ ਤੋਂ ਸਿੱਖ ਜਥੇ ਨੂੰ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਜਾਣ ਦੀ ਆਗਿਆ ਦਿੱਤੀ ਜਾਵੇ।

ਕੇਂਦਰੀ ਮੰਤਰੀ ਮੰਡਲ ਵਿੱਚ ਦੋ ਸਿੱਖ ਮੰਤਰੀ ਹਰਦੀਪ ਸਿੰਘ ਪੁਰੀ ਤੇ ਰਵਨੀਤ ਸਿੰਘ ਬਿੱਟੂ ਸ਼ਾਮਲ ਹਨ। ਇਹ ਦੋਵੇਂ ਸਿੱਖ ਮੰਤਰੀ ਅਤੇ ਭਾਜਪਾ ਵਿੱਚ ਸ਼ਾਮਲ ਹੋਰ ਸਿੱਖ ਆਗੂ ਅਕਸਰ ਦਾਅਵਾ ਕਰਦੇ ਹਨ ਕਿ ਪ੍ਰਧਾਨ ਮੰਤਰੀ ਮੋਦੀ ਸਿੱਖਾਂ ਦੀ ਭਲਾਈ ਲਈ ਬਹੁਤ ਉਪਰਾਲੇ ਕਰ ਰਹੇ ਹਨ ਅਤੇ ਕੇਂਦਰ ਦੀ ਭਾਜਪਾ ਸਰਕਾਰ ਸਿੱਖਾਂ ਦੀ ਸੱਚੀ ਹਮਦਰਦ ਹੈ ਪਰ ਕੇਂਦਰ ਸਰਕਾਰ ਵੱਲੋਂ ਸਿੱਖ ਜਥੇ ਨੂੰ ਪਾਕਿਸਤਾਨ ਯਾਤਰਾ ਦੀ ਆਗਿਆ ਨਾ ਦੇਣਾ ਹੋਰ ਕਹਾਣੀ ਪੇਸ਼ ਕਰ ਰਿਹਾ ਹੈ।

ਕੇਂਦਰ ਸਰਕਾਰ ਵਿੱਚ ਸ਼ਾਮਲ ਦੋਵੇਂ ਸਿੱਖ ਮੰਤਰੀਆਂ ਅਤੇ ਭਾਜਪਾ ਵਿੱਚ ਸ਼ਾਮਲ ਹੋਰ ਸਿੱਖ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਗ੍ਰਹਿ ਮੰਤਰਾਲੇ ਤੱਕ ਪਹੁੰਚਾਉਣ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਭਾਰਤ ਤੋਂ ਸਿੱਖ ਜਥੇ ਨੂੰ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਕਰਨ ਦੀ ਆਗਿਆ ਦਿਵਾਉਣ ਵਿੱਚ ਉਪਰਾਲੇ ਕਰਨ। ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸਿੱਖਾਂ ਨਾਲ ਬੇਲੋੜੇ ਵਿਵਾਦ ਵਿੱਚ ਪੈਣ ਤੋਂ ਗੁਰੇਜ਼ ਕਰੇ ਅਤੇ ਸਿੱਖ ਜਥੇ ਨੂੰ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਕਰਨ ਦੀ ਆਗਿਆ ਦਿੱਤੀ ਜਾਵੇ।

# ਪੰਜਾਬ ਵੱਲ ਪਿੱਠ ਕਰਨ ਦਾ ਨਹੀਂ, ਹਿੱਕ ਨਾਲ ਲਾਉਣ ਦਾ ਵੇਲਾ



ਗੁਰਮੀਤ ਸਿੰਘ ਪਲਾਹੀ



ਕਦੇ ਪੰਜਾਬ ਦੀ ਪ੍ਰਮੁੱਖ ਸਿਆਸੀ ਧਿਰ ਗਿਣਿਆ ਜਾਣ ਵਾਲਾ ਸ਼੍ਰੋਮਣੀ ਅਕਾਲੀ ਦਲ ਅੱਜ ਅੰਦਰੂਨੀ ਕਾਟੋ-ਕਲੇਸ਼ ਕਾਰਨ ਖ਼ਤਰਨਾਕ ਤੌਰ 'ਤੇ ਟੁੱਟ ਚੁੱਕਾ ਹੈ। ਇੱਕ ਧਿਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੱਝੀ ਹੈ। ਦੂਜੇ ਧਿਰ 'ਤੇ ਸੁਖਬੀਰ ਸਿੰਘ ਬਾਦਲ ਦਾ ਕਬਜ਼ਾ ਹੈ ਅਤੇ ਤੀਜੀ ਧਿਰ ਸਿੱਖ ਰਾਜਨੀਤੀ ਦੀ ਤਾਕਤ ਰੂਪ ਵਿੱਚ ਅੱਗੇ ਵੱਧ ਰਹੇ ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ ) ਦੀ ਹੈ। ਇਹ ਸਾਰੀਆਂ ਧਿਰਾਂ ਨਵੀਂ ਦਿੱਲੀ ਦੇ ਵਿਰੋਧ ਵਿੱਚ ਖੜੀਆਂ ਹਨ। ਪਰ ਇਹ ਸਿੱਖ ਵੋਟ ਆਪੋ-ਆਪਣੇ ਫ਼ਾਇਦਿਆਂ, ਮੁੱਦਿਆਂ ਨੂੰ ਲੈ ਕੇ ਵੰਡੀ ਹੋਈ ਨਜ਼ਰ ਆਉਂਦੀ ਹੈ।

ਭਾਜਪਾ ਇੱਕ ਲਗਾਤਾਰ ਚੋਣ ਲੜਨ ਵਾਲੀ ਸੈਨਾ ਦੀ ਤਰ੍ਹਾਂ ਹੈ ਅਤੇ ਪੰਜਾਬ ਵਿੱਚ ਸਰਗਰਮ ਹੈ। ਉਸ ਦੇ ਨੇਤਾ ਸੋਚਦੇ ਹਨ ਕਿ ਜੇਕਰ ਸਿੱਖ ਵੋਟ ਤਿੰਨ ਹਿੱਸਿਆਂ-ਸ਼੍ਰੋਮਣੀ ਅਕਾਲੀ ਦਲ (ਦੋਵੇਂ ਧੜੇ), ਕਾਂਗਰਸ ਅਤੇ ਗਰਮ ਖਿਆਲੀਆਂ ਦਰਮਿਆਨ ਵੰਡੀ ਜਾਏ ਤਾਂ ਉਹ ਇਕੱਲਿਆਂ ਸੱਤਾ ਹਾਸਲ ਕਰ ਸਕਦੀ ਹੈ।

ਹਿੰਦੂ-ਮੁਸਲਿਮ ਧਰੁਵੀਕਰਨ ਦੇ ਜ਼ਰੀਏ ਜਿੱਤਣਾ ਖ਼ਾਸ ਕਰਕੇ ਉੱਥੇ, ਜਿੱਥੇ ਮੁਸਲਮਾਨ ਘੱਟ ਗਿਣਤੀ ਵਿੱਚ ਹਨ, ਭਾਜਪਾ ਦੀ ਰਣਨੀਤੀ ਹੈ ਪਰ ਪੰਜਾਬ 'ਚ ਸਥਿਤੀ ਬਿਲਕੁਲ ਵੱਖਰੀ ਹੈ। ਇੱਥੇ ਸਿੱਖ ਬਹੁਮਤ ਵਿੱਚ ਹਨ।

ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਅਕਾਲੀਆਂ ਦਾ ਪ੍ਰਦਰਸ਼ਨ ਇਸ ਲਈ ਇੰਨਾ ਖਰਾਬ ਰਿਹਾ ਸੀ, ਕਿਉਂਕਿ ਉਨਾਂ ਦਾ ਅੱਧਾ ਵੋਟ, ਲਗਭਗ 13 ਫ਼ੀਸਦੀ ਗਰਮ ਖਿਆਲੀਆਂ ਨੇ ਹਥਿਆ ਲਿਆ। ਚਾਹੇ ਕਿਸੇ ਨੂੰ ਪਸੰਦ ਆਵੇ ਜਾਂ ਨਾ ਆਵੇ ਲੇਕਿਨ ਪੰਜਾਬ ਗਰਮ ਖਿਆਲੀਆਂ ਦੀ ਹਰਮਨ ਪਿਆਰਤਾ ਬਣ ਚੁੱਕਿਆ ਹੈ। ਲੋਕਾਂ ਦਾ ਅਕਾਲੀਆਂ ਤੋਂ ਮੋਹ-ਭੰਗ ਵੱਧ ਰਿਹਾ ਹੈ। ਭਾਜਪਾ ਨੂੰ ਧਰੁਵੀਕਰਨ ਵਾਲੀ ਪਾਰਟੀ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।

ਭਾਜਪਾ ਸਭ ਕੁਝ ਜਿੱਤਣ ਦੀ ਸੋਚ ਰੱਖਦੀ ਹੈ। ਪੰਜਾਬ ਦੀ ਉਸ ਤੋਂ ਦੂਰੀ ਭਾਜਪਾ ਨੂੰ ਪ੍ਰੇਸ਼ਾਨ ਕਰ ਰਹੀ ਹੈ। ਹੁਣ ਤੱਕ ਇੱਕ ਵੇਰ ਹੀ ਉਹ ਸੱਤਾ ਵਿੱਚ ਆਈ ਹੈ, ਉਹ ਵੀ ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝੀਦਾਰ ਬਣਕੇ। ਇਹ ਕਦਮ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ 1990 ਦੇ ਦਹਾਕੇ 'ਚ ਉਠਾਇਆ ਸੀ ਪਰ ਮੌਜੂਦਾ ਹਾਕਮਾਂ ਨੇ ਇਹ ਗੱਠਜੋੜ ਤੋੜ ਕੇ ਇਕੱਲਿਆਂ ਚੋਣ ਲੜਨ ਦਾ ਫ਼ੈਸਲਾ ਲਿਆ। ਇਸ ਨਾਲ ਭਾਜਪਾ ਨੂੰ ਪੰਜਾਬ 'ਚ ਕੋਈ ਫ਼ਾਇਦਾ ਨਹੀਂ ਮਿਲਿਆ। ਲੇਕਿਨ ਪੰਜਾਬ 'ਚ ਉਸਦੀ ਵੋਟ ਪ੍ਰਤੀਸ਼ਤ ਵਧੀ ਹੈ।

2022 'ਚ ਵਿਧਾਨ ਸਭਾ ਵਿੱਚ ਇਹ 6.6 ਫ਼ੀਸਦੀ ਸੀ, ਜੋ 2024 ਲੋਕ ਸਭਾ 'ਚ 18.56 ਫ਼ੀਸਦੀ ਹੋ ਗਈ। ਇਸ ਤਰ੍ਹਾਂ ਉਹ ਆਪਣੇ ਪੁਰਾਣੇ ਸਾਂਝੀਵਾਲ ਸ਼੍ਰੋਮਣੀ ਅਕਾਲੀ ਦਲ ਤੋਂ ਅੱਗੇ ਨਿਕਲ ਗਈ, ਜਿਸ ਨੂੰ 13.2 ਫ਼ੀਸਦੀ ਵੋਟਾਂ ਮਿਲੀਆਂ ਜਦ ਕਿ ਆਮ ਆਦਮੀ ਪਾਰਟੀ 26 ਫ਼ੀਸਦੀ ਅਤੇ ਕਾਂਗਰਸ ਵੀ 26 ਫ਼ੀਸਦੀ ਵੋਟਾਂ ਲੈ ਗਈ।

ਆਮ ਆਦਮੀ ਪਾਰਟੀ ਪੰਜਾਬ 'ਚ ਉਹ ਕੁਝ ਨਹੀਂ ਕਰ ਸਕੀ, ਜਿਸ ਦੀ ਤਵੱਕੋ ਪੰਜਾਬ ਵਾਸੀ ਕਰ ਰਹੇ ਸਨ। ਬਿਨਾਂ ਸ਼ੱਕ ਲੋਕਾਂ ਦੇ ਘਰਾਂ ਦੀ ਬਿਜਲੀ ਮੁਆਫ਼ੀ ਅਤੇ ਕੁਝ ਹੋਰ ਭਲਾਈ ਕੰਮਾਂ ਨੇ ਆਮ ਆਦਮੀ ਪਾਰਟੀ ਨੂੰ ਹਾਲੇ ਤੱਕ ਲੋਕਾਂ ਦੇ ਨੇੜੇ ਰੱਖਿਆ ਹੋਇਆ ਹੈ ਪਰ ਉਹ ਭ੍ਰਿਸ਼ਟਾਚਾਰ ਨੂੰ ਠੱਲ ਨਹੀਂ ਪਾ ਸਕੀ। ਰੇਤ ਮਾਫੀਆ ਉਹਨਾ ਤੋਂ ਕਾਬੂ ਨਹੀਂ ਹੋਇਆ। ਲੋਕਾਂ 'ਚ ਇਹ ਪ੍ਰਚਾਰ ਵਧਦਾ ਜਾ ਰਿਹਾ ਹੈ ਕਿ ਪੰਜਾਬ ਦੀ ਸਰਕਾਰ ਨੂੰ ਲੋਕ ਦਿੱਲੀਓਂ ਚਲਾਉਂਦੇ ਹਨ। ਜਿਸ ਨੂੰ ਆਮ ਪੰਜਾਬੀ ਕਦੇ ਮਾਨਸਿਕ ਤੌਰ 'ਤੇ ਪ੍ਰਵਾਨ ਨਹੀਂ ਕਰਦੇ। ਉੱਪਰੋਂ ਹੜ੍ਹਾਂ ਦੀ ਵਿਆਪਕ ਮਾਰ ਨੇ ਪੰਜਾਬ ਦੀ ਸਰਕਾਰ ਉੱਤੇ ਇੰਨੇ ਕੁ ਸਵਾਲ ਖੜੇ ਕਰ ਦਿੱਤੇ ਹਨ ਕਿ 'ਆਪ ਸੂਬਾ ਸਰਕਾਰ' ਕਟਹਿਰੇ 'ਚ ਖੜੀ ਵਿਖਾਈ ਦੇ ਰਹੀ ਹੈ।

ਆਲ ਇੰਡੀਆ ਕਾਂਗਰਸ ਪਾਰਟੀ ਪੰਜਾਬ 'ਚ ਅੱਗੇ ਤਾਂ ਵੱਧ ਰਹੀ ਹੈ, ਦੇਸ਼ ਦੀਆਂ ਬਦਲ ਰਹੀਆਂ ਹਾਲਤਾਂ ਦੇ ਮੱਦੇ ਨਜ਼ਰ, ਪਰ ਪੰਜਾਬ 'ਚ ਇਸ ਦੀ ਲੀਡਰਸ਼ਿਪ ਖੱਖੜੀਆਂ-ਖੱਖੜੀਆਂ ਹੋਈ ਪਈ ਹੈ, ਲੋਕ ਇਸ ਪਾਰਟੀ ਨੂੰ ਪੰਜਾਬ 'ਚ ਬਦਲ ਦੇ ਰੂਪ 'ਚ ਤਾਂ ਵੇਖਦੇ ਹਨ ਪਰ ਜ਼ਮੀਨੀ ਪੱਧਰ ਉੱਤੇ ਕਾਂਗਰਸ ਦੀ ਕਾਰਗੁਜ਼ਾਰੀ ਵਿਰੋਧੀ ਧਿਰ ਵਜੋਂ ਤਸੱਲੀ ਬਖਸ਼ ਨਹੀਂ ਹੈ। ਪੰਜਾਬ 'ਚ ਜਿੰਨੇ 5-6 ਕੁ ਉਪਰਲੇ ਕਾਂਗਰਸੀ ਹਨ, ਸਾਰੇ ਹੀ ਮੁੱਖ ਮੰਤਰੀ ਬਨਣ ਦੇ ਇਛੁੱਕ ਹਨ।

ਪੰਜਾਬ 'ਚ ਬਾਕੀ ਸਿਆਸੀ ਧਿਰਾਂ ਖੱਬੇ ਪੱਖੀ, ਬਸਪਾ, ਸ਼੍ਰੋਮਣੀ ਅਕਾਲੀ ਦਲ (ਮਾਨ) ਆਪੋ-ਆਪਣੇ ਤੌਰ 'ਤੇ ਪੰਜਾਬ 'ਚ ਆਪਣੀ ਹੋਂਦ ਵਿਖਾਉਣ ਲਈ ਤਤਪਰ ਦਿਸਦੇ ਹਨ, ਪਰ ਉਨਾਂ ਦੀਆਂ ਸਿਆਸੀ ਪ੍ਰਾਪਤੀਆਂ ਵਜੋਂ ਪ੍ਰਸ਼ਨ ਚਿੰਨ੍ਹ ਵੱਧ ਹਨ। ਪੰਜਾਬ 'ਚ ਆਈ ਵੱਡੀ ਆਫਤ ਹੜ੍ਹਾਂ ਨੇ ਸਿਆਸੀ ਧਿਰਾਂ ਅਤੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਪੰਜਾਬ ਦੀ ਸਰਕਾਰ ਸੀਮਤ ਸਾਧਨਾਂ ਨਾਲ ਲੋਕਾਂ ਪੱਲੇ ਉਹ ਕੁਝ ਨਹੀਂ ਪਾ ਸਕੀ ਜਿਸ ਦੀ ਆਸ ਲੋਕਾਂ ਨੂੰ ਸੀ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਪੀੜਤ ਲੋਕਾਂ ਤੱਕ ਪਹੁੰਚ ਦੂਰ ਰਹੀ ਹੈ। ਫੋਟੋ ਖਿਚਵਾਉਣ ਤੱਕ ਦੀ ਮਸ਼ਕ ਨਾਲ ਉਹਨਾ ਦੀ ਲੋਕਾਂ ਨਾਲ ਦੂਰੀ ਵਧ ਗਈ। ਇਹ ਦੂਰੀ ਹੁਣ ਹੋਰ ਵੀ ਵਧ ਰਹੀ ਹੈ, ਜਦੋਂ ਭਾਜਪਾ, ਆਪ, ਕਾਂਗਰਸ, ਅਕਾਲੀ, ਹੜ੍ਹ ਰਾਹਤ ਫੰਡ ਸੰਬੰਧੀ ਬੇਤੁਕੀ ਦੂਸ਼ਣਵਾਜੀ ਕਰ ਰਹੇ ਹਨ। ਆਖ਼ਿਰ ਪੀੜਤਾਂ ਨੂੰ ਇਸ ਦਾ ਕੀ ਲਾਭ ਹੋਏਗਾ ? ਇਹੋ ਜਿਹੀ ਔਖੀ ਘੜੀ ਵੋਟ-ਰਾਜਨੀਤੀ ਨਿੰਦਣਯੋਗ ਹੈ।

ਕੇਂਦਰ ਦੀ ਸਰਕਾਰ ਦੇ ਮੁਖੀ ਨਰਿੰਦਰ ਮੋਦੀ ਨੇ 1600 ਕਰੋੜ ਪੰਜਾਬ ਲਈ ਫੌਰੀ ਰਾਹਤ ਐਲਾਨੀ ਹੈ। ਮੋਦੀ ਜੀ ਦੇ ਦੌਰੇ ਤੋਂ ਵੱਡੀ ਰਾਹਤ ਦੀ ਉਮੀਦ ਸੀ, ਉਹ ਰਤਾ ਭਰ ਵੀ ਪੂਰੀ ਨਹੀਂ ਹੋਈ। ਇਹਨਾ ਐਲਾਨਾਂ ਨਾਲ ਪੰਜਾਬੀ ਇਸ ਦੌਰੇ ਉਪਰੰਤ ਪਰੇਸ਼ਾਨ ਹੋਏ ਹਨ। ਪੰਜਾਬ ਚ ਹੜ੍ਹਾਂ ਨੇ ਭਿਆਨਕ ਤਬਾਹੀ ਮਚਾਈ। ਸੂਬੇ ਦੇ 2185 ਪਿੰਡ ਹੜ੍ਹਾਂ ਦੇ ਪਾਣੀ ਦੀ ਮਾਰ ਹੇਠ ਆਏ। ਪੰਜਾਬ 'ਚ 1.91 ਲੱਖ ਹੈਕਟੇਅਰ ਫ਼ਸਲ ਬਰਬਾਦ ਹੋ ਗਈ। ਸਰਕਾਰ ਵੱਲੋਂ ਤੁਛ ਜਿਹੀ ਰਕਮ 20 ਹਜ਼ਾਰ ਰੁਪਏ ਪ੍ਰਤੀ ਏਕੜ ਫ਼ਸਲ ਮੁਆਵਜ਼ੇ ਦਾ ਐਲਾਨ ਹੋਇਆ ਹੈ।

ਵੱਖੋ ਵੱਖਰੀਆਂ ਸਿਆਸੀ ਧਿਰਾਂ ਕੇਂਦਰੀ ਰਾਹਤ ਨੂੰ ਪੰਜਾਬ ਲਈ ਮਜ਼ਾਕ ਕਹਿ ਰਹੀਆਂ ਹਨ। ਕੇਂਦਰ ਤੇ ਰਾਜ ਸਰਕਾਰ ਦਰਮਿਆਨ 'ਕੌਮੀ ਆਫ਼ਤ ਰਾਹਤ ਫੰਡ' ਨੂੰ ਲੈ ਕੇ ਘਮਸਾਨ ਛਿੜਿਆ ਹੋਇਆ ਹੈ। ਹੜ੍ਹਾਂ ਦੇ ਪਾਣੀ ਤੋਂ ਥੋੜੀ ਰਾਹਤ ਮਿਲਣ ਤੇ ਪਿੰਡਾਂ ਦੇ ਲੋਕ ਆਪਣੇ ਖੇਤਾਂ, ਘਰਾਂ ਦੀ ਸਾਰ ਲੈ ਰਹੇ ਹਨ। ਵਲੰਟੀਅਰ ਸੰਸਥਾਵਾਂ, ਕਿਸਾਨ ਜੱਥੇਬੰਦੀਆਂ ਉਨਾਂ ਨਾਲ ਖੜੀਆਂ ਹਨ। ਕਿਧਰੇ-ਕਿਧਰੇ ਸਿਆਸੀ ਧਿਰਾਂ ਵੀ ਪੁੱਜਦੀਆਂ ਹਨ। ਕਿਸਾਨ, ਖੇਤ ਮਜ਼ਦੂਰ, ਪੇਂਡੂ ਲੋਕ ਹੜ੍ਹਾਂ ਦੀ ਮਾਰ ਨਾਲ ਪੂਰੀ ਤਰ੍ਹਾਂ ਪਿੰਜੇ ਗਏ ਹਨ। ਸਿਆਸੀ ਧਿਰਾਂ ਤੇ ਸਰਕਾਰ ਵੱਲੋਂ ਐਲਾਨ 'ਤੇ ਐਲਾਨ ਹੋ ਰਹੇ ਹਨ। ਪੰਜਾਬ ਦੇ ਹੜ੍ਹ ਪੀੜਤਾਂ ਨੂੰ ਰਾਹਤ ਕੇਵਲ ਐਲਾਨਾਂ ਨਾਲ ਨਹੀਂ ਮਿਲਣੀ।

ਇਸ ਸਭ ਕੁਝ ਦੇ ਦਰਮਿਆਨ ਲੋਕਾਂ ਦੇ ਮਨਾਂ 'ਚ ਇਹ ਗੱਲ ਘਰ ਕਰ ਰਹੀ ਹੈ ਕਿ ਕੇਂਦਰੀ ਹਾਕਮ ਪੰਜਾਬ ਨਾਲ ਨਫ਼ਰਤ ਕਰਦੇ ਹਨ। ਪੰਜਾਬ ਨੂੰ ਤਬਾਹ ਕਰਨਾ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ 1600 ਕਰੋੜ ਦੇ ਐਲਾਨ ਨੇ ਪੰਜਾਬ ਦੇ ਜਜ਼ਬਾਤ ਨੂੰ ਵਲੂੰਦਰਿਆ ਹੈ। 12000 ਕਰੋੜ ਰਾਹਤ ਇੱਕ ਛਲਾਵਾ ਹੈ। ਅਸਲ ਵਿੱਚ ਉਦੋਂ ਜਦੋਂ ਹੁਣ ਪੰਜਾਬ ਨੂੰ ਵਿਸ਼ੇਸ਼ ਰਾਹਤ ਪੈਕਜ ਦੀ ਲੋੜ ਹੈ। ਉਦੋਂ ਜਦੋਂ ਹੁਣ ਪੰਜਾਬ ਨੂੰ ਪਿੰਡਾਂ ਦੀਆਂ ਸੜਕਾਂ, ਬੁਨਿਆਦੀ ਢਾਂਚੇ ਅਤੇ ਲੋਕਾਂ ਦੇ ਘਰਾਂ ਦੇ ਮੁੜ ਉਸਾਰੀ ਦੀ ਲੋੜ ਹੈ, ਪੰਜਾਬ ਵੱਲ ਹਾਕਮ ਪਿੱਠ ਕਰੀ ਬੈਠੇ ਹਨ। ਪੰਜਾਬ ਉਧੜ ਗਿਆ ਹੈ। ਇਸ ਨੂੰ ਮੁੜ ਉਨਣ ਦੀ ਲੋੜ ਹੈ। ਲੋਕ ਮਨੋਵਿਗਿਆਨਿਕ ਤੌਰ 'ਤੇ ਪਰੇਸ਼ਾਨ ਹੋ ਉਠੇ ਹਨ। ਇਹਨਾਂ ਨੂੰ ਸਾਂਭਣ ਦੀ ਲੋੜ ਹੈ ਭਾਵੇਂ ਦੇਸ਼ ਦੇ ਹੋਰ ਸੂਬਿਆਂ ਜੰਮੂ ਕਸ਼ਮੀਰ, ਉੱਤਰਾਖੰਡ, ਹਿਮਾਚਲ 'ਚ ਹੜ੍ਹਾਂ ਨੇ ਜਨਜੀਵਨ ਉਥਲ-ਪੁਥਲ ਕਰ ਦਿੱਤਾ ਹੈ। ਪਰ ਪੰਜਾਬ 'ਚ ਸਥਿਤੀ ਗੰਭੀਰ ਹੈ। ਇਸ ਗੰਭੀਰ ਸਥਿਤੀ ਵਿੱਚੋਂ ਕਿਵੇਂ ਨਿਕਲਿਆ ਜਾਵੇ, ਇਹ ਵੱਡਾ ਸਵਾਲ ਹੈ। ਸਵਾਲ ਇਹ ਵੀ ਹੈ ਕਿ ਪੰਜਾਬ ਉਜੜਦਾ ਹੈ, ਮੁੜ-ਮੁੜ ਉਜੜਦਾ ਹੈ, ਪਰ ਇਸਦੀ ਸਾਂਭ-ਸੰਭਾਲ ਤੇ ਦੇਖ-ਰੇਖ ਦੇਸ਼ 'ਸਕੇ ਪੁੱਤਰ' ਵਾਂਗਰ ਨਹੀਂ ਕਰਦਾ। ਜਿਹੜਾ ਹਰ ਘੜੀ ਦੇਸ਼ ਨਾਲ ਔਖੇ ਵੇਲਿਆਂ 'ਚ ਖੜਦਾ ਹੈ। ਬਾਹਰੀ ਹਮਲਿਆਂ ਵੇਲੇ ਵੀ, ਅੰਨ ਭੰਡਾਰਨ ਵੇਲੇ ਵੀ।

ਲੋਕ ਸਮਝਣ ਲੱਗੇ ਹਨ ਕਿ ਪੰਜਾਬ ਨਾਲ ਵੱਡੇ ਹਾਕਮ ਮਤਰੇਆ ਸਲੂਕ ਕਰ ਰਹੇ ਹਨ। ਪੰਜਾਬ ਨਾਲ ਕੀਤੇ ਮਤਰੇਏ ਸਲੂਕ ਕਾਰਨ ਪੈਦਾ ਹੋਈ ਦੂਰੀ ਹੋਰ ਵੱਧ ਰਹੀ ਹੈ। ਪ੍ਰਧਾਨ ਮੰਤਰੀ ਦੇ ਦੌਰੇ ਤੋਂ ਬਾਅਦ 12 ਹਜ਼ਾਰ ਕਰੋੜ ਦੀ ਆਫ਼ਤ ਪ੍ਰਬੰਧਨ ਰਾਹਤ, 1600 ਕਰੋੜ ਦੀ ਰਾਸ਼ੀ ਵਰਗੇ ਖੋਖਲੇ ਐਲਾਨਾਂ ਨਾਲ ਇਹ ਦੂਰੀ ਹੋਰ ਵਧੀ ਹੈ। ਪੰਜਾਬ ਚ ਹੜ੍ਹਾਂ ਦੀ ਭਿਆਨਕ ਸਥਿਤੀ ਕਾਰਨ ਪ੍ਰਧਾਨ ਮੰਤਰੀ ਦਾ ਕੁਝ ਵੀ ਨਾ ਬੋਲਣਾ, ਲੋਕਾਂ ਨੂੰ ਪਰੇਸ਼ਾਨ ਕਰਦਾ ਰਿਹਾ। ਇਹ ਪਰੇਸ਼ਾਨੀ ਉਦੋਂ ਹੋਰ ਵੀ ਵਧੀ ਜਦੋਂ ਪ੍ਰਧਾਨ ਮੰਤਰੀ ਨੇ ਅਫਗਾਨਿਸਤਾਨ @ਚ ਆਏ ਭੂਚਾਲ ਪ੍ਰਤੀ ਤਾਂ ਤੁਰੰਤ ਬੋਲਿਆ, ਉਹਨਾ ਲਈ ਰਾਹਤ ਦਾ ਐਲਾਨ ਵੀ ਕੀਤਾ ਪਰ ਪੰਜਾਬ ਦੇ ਹੜ੍ਹਾਂ ਸਬੰਧੀ ਕੁਝ ਵੀ ਆਪਣੇ ਮੁਖਾਰਬਿੰਦ ਤੋਂ ਨਹੀਂ ਕਿਹਾ।

ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਪੰਜਾਬੀਆਂ ਦੇ ਮਨਾਂ ਦੀ ਤਰਜ਼ਮਾਨੀ ਕਰਨ ਵਾਲਾ ਹੈ। ਗਿਆਨੀ ਜੀ ਕਹਿੰਦੇ ਹਨ - ਸਤਿਕਾਰਤ ਪ੍ਰਧਾਨ ਮੰਤਰੀ ਜੀ ਅਫਗਾਨਿਸਤਾਨ ਨਾਲ ਦੁੱਖ ਦਾ ਪ੍ਰਗਟਾਵਾ ਚੰਗਾ ਹੈ ਲੇਕਿਨ ਪੰਜਾਬ, ਦੇਸ਼ ਦਾ ਹਿੱਸਾ ਹੈ, ਜਿੱਥੇ 17 ਅਗਸਤ ਨੂੰ ਲਗਭਗ 1500 ਪਿੰਡ ਅਤੇ 3 ਲੱਖ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।

ਅੱਜ ਪੰਜਾਬ ਦੇ ਲੋਕਾਂ ਨੂੰ ਸਾਂਭਣ ਦੀ ਲੋੜ ਹੈ। ਪੰਜਾਬ ਦੇ ਖਰਾਬ ਹੋਏ ਬੁਨਿਆਦੀ ਢਾਂਚੇ ਨੂੰ ਨਵਿਆਉਣ ਦੀ ਲੋੜ ਹੈ। ਮੁਸੀਬਤ ਦੀ ਘੜੀ ਉਹਨਾਂ ਦੀ ਬਾਂਹ ਫੜਨ ਦੀ ਲੋੜ ਹੈ। ਇਸ ਆਫ਼ਤ ਮੌਕੇ ਕੇਂਦਰ ਅਤੇ ਭਾਜਪਾ ਲਈ ਪੰਜਾਬ ਦੇ ਨਾਲ ਖੜੇ ਹੋਣ ਦਾ ਵੱਡਾ ਮੌਕਾ ਹੋ ਸਕਦਾ ਹੈ। ਇਹ ਉਸ ਸੂਬੇ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਮੌਕਾ ਹੋ ਸਕਦਾ ਹੈ, ਜਿਸ ਦੇ ਲੋਕ ਖੇਤੀ ਕਾਨੂੰਨਾਂ ਅਤੇ ਚੰਡੀਗੜ੍ਹ ਦਰਿਆਈ ਪਾਣੀਆਂ ਜਿਹੇ ਵਿਤਕਰੇ ਕਾਰਨ ਦਿੱਲੀ ਤੋਂ ਦੂਰ ਹੋਏ ਹਨ।

ਵਿਰੋਧੀ ਧਿਰਾਂ ਕਾਂਗਰਸ, ਅਕਾਲੀ, ਪੰਜਾਬ ਦੀ ਸਰਕਾਰ ਵੀ ਇਸ ਸਮੇਂ ਇਸ ਮੁੱਦੇ 'ਤੇ ਸਿਆਸਤ ਨਾ ਕਰੇ। ਇੰਝ ਕੀਤਿਆਂ ਪੰਜਾਬੀਆਂ ਦਾ ਨੇਤਾਵਾਂ ਪ੍ਰਤੀ ਬਚਿਆ ਖੁਚਿਆ ਭਰੋਸਾ ਵੀ ਟੁੱਟ ਜਾਏਗਾ। ਹਾਕਮਾਂ ਨਾਲ ਪੰਜਾਬੀਆਂ ਦੀ ਦੂਰੀ ਪਹਿਲੇ ਕਾਂਗਰਸੀ ਹਾਕਮਾਂ ਨਾਲ ਵੀ ਵੱਡੀ ਰਹੀ ਹੈ। ਪਰ ਅੱਜ ਦਿੱਲੀ ਹਾਕਮਾਂ ਵੱਲੋਂ, ਪੰਜਾਬ ਨਾਲ, ਪੰਜਾਬ ਦੇ ਲੋਕਾਂ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਸਮਾਂ ਹੈ। ਭਾਰਤ ਦੀ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਲਈ, ਪੰਜਾਬ ਦੇ ਲੋਕਾਂ ਲਈ ਸਭ ਕੁਝ ਕਰੇ, ਜਿਨਾਂ ਦੇ ਯੋਗਦਾਨ ਬਿਨਾਂ 'ਭਾਰਤੀ ਗਣਰਾਜ' ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਸੀ, ਕਿਉਂਕਿ ਪੰਜਾਬ ਸਰਹੱਦਾਂ ਦਾ ਪਹਿਰੇਦਾਰ ਹੈ। ਪੰਜਾਬ ਦੇਸ਼ ਦਾ ਅੰਨਦਾਤਾ ਹੈ। ਕੀ ਦੇਸ਼ ਪੰਜਾਬ ਪ੍ਰਤੀ ਅੱਖਾਂ ਮੀਟ ਸਕਦਾ ਹੈ ? ਦੇਸ਼ ਦੇ ਹਾਕਮਾਂ ਅਤੇ ਸਿਆਸਤਦਾਨਾਂ ਨੂੰ ਸਮਝਣ ਦੀ ਲੋੜ ਹੈ ਕਿ ਇੱਕ ਰਾਸ਼ਟਰ ਜੋ ਆਪਣੇ ਇਤਿਹਾਸ ਤੋਂ ਨਹੀਂ ਸਿੱਖਦਾ ਉਸਨੂੰ ਕੀਮਤ ਚੁਕਾਉਣੀ ਪੈਂਦੀ ਹੈ। ਪੰਜਾਬ ਜੇ ਦਿੱਲੀ ਤੋਂ ਦੂਰ ਹੁੰਦਾ ਰਿਹਾ ਤਾਂ ਆਖ਼ਿਰ ਇਸਦਾ ਕੀ ਸਿੱਟਾ ਨਿਕਲੇਗਾ। ਮਿਜ਼ੋਰਮ ਉਦਾਹਰਣ ਹੈ।

# ਹੜ੍ਹਾਂ ਦੌਰਾਨ ਪੰਜਾਬੀਆਂ ਦੀ ਭਾਈਚਾਰਕ ਸਾਂਝ ਹੋਈ ਮਜ਼ਬੂਤ

**ਮੁਖਤਾਰ ਗਿੱਲ**

ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਪੀ.ਐੱਮ. ਨਰਿੰਦਰ ਮੋਦੀ ਨੇ 9 ਸਤੰਬਰ ਨੂੰ ਦੌਰਾ ਕੀਤਾ ਤੇ 1600 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅਜਨਾਲਾ (ਅੰਮ੍ਰਿਤਸਰ), ਗੁਰਦਾਸਪੁਰ ਤੇ ਕਪੂਰਥਲਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਸੀ ਤੇ ਦਿੱਲੀ ਜਾ ਕੇ ਕਿਹਾ ਸੀ ਕਿ ਇਸ ਆਫ਼ਤ ਲਈ ਨਾਜਾਇਜ਼ ਮਾਈਨਿੰਗ ਜ਼ਿੰਮੇਵਾਰ ਹੈ। ਇਸ ਕਾਰਨ ਦਰਿਆਵਾਂ ਦੇ ਬੰਨ੍ਹ ਵੀ ਕਮਜ਼ੋਰ ਹੋਏ ਪਰ ਹੁਕਮਰਾਨ ਪਾਰਟੀ 'ਆਪ' ਨੇ ਕਿਹਾ ਕਿ ਚੌਹਾਨ ਦਾ ਬਿਆਨ ਝੂਠਾ ਹੈ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਕੇਂਦਰ ਸੂਬੇ ਦਾ ਜੀ.ਐੱਸ.ਟੀ. ਬਕਾਇਆ 60 ਹਜ਼ਾਰ ਕਰੋੜ ਜਾਰੀ ਕਰੇ। ਹੜ੍ਹ ਦੀ ਮਾਰ ਹੇਠ ਆਏ ਇਲਾਕਿਆਂ ਦੀ ਸਮੀਖਿਆ ਕਰਨ ਵਾਸਤੇ ਦੋ ਕੇਂਦਰੀ ਟੀਮਾਂ ਵੀ ਪੰਜਾਬ ਆਈਆਂ ਸਨ। ਪੰਜਾਬ ਦੇ ਅਧਿਕਾਰੀਆਂ ਨੇ ਕੇਂਦਰੀ ਟੀਮਾਂ ਨੂੰ 13 ਹਜ਼ਾਰ ਕਰੋੜ ਤੋਂ ਵੱਧ ਦੇ ਮੁੱਢਲੇ ਅਨੁਮਾਨ ਦੀ ਰਿਪੋਰਟ ਸੌਂਪੀ ਸੀ। ਪੰਜਾਬ ਵਿੱਚ ਹੜ੍ਹਾਂ ਕਾਰਨ ਹੁਣ ਤੱਕ ਕਈ ਮੌਤਾਂ ਹੋ ਚੁੱਕੀਆਂ ਹਨ ਜਦਕਿ ਹੜ੍ਹ ਦੀ ਲਪੇਟ ਵਿੱਚ ਸੂਬੇ ਦੇ ਤਕਰੀਬਨ 23 ਜ਼ਿਲ੍ਹਿਆਂ ਦੇ 2000 ਪਿੰਡ ਆ ਚੁੱਕੇ ਹਨ। ਚਾਰ ਲੱਖ ਲੋਕ ਪ੍ਰਭਾਵਿਤ ਹੋਏ ਹਨ। ਹੜ੍ਹ ਦੇ ਪਾਣੀ ਵਿੱਚੋਂ ਹੁਣ ਤੱਕ 22 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੂੰ ਕੱਢਿਆ ਜਾ ਚੁੱਕਾ ਹੈ। ਦੋ ਕੁ ਸੌ ਰਾਹਤ ਕੈਂਪਾਂ ਵਿੱਚ 7108 ਲੋਕ ਪੁੱਜੇ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਇਹ ਸਿਰਫ਼ ਕੁਦਰਤੀ ਆਫ਼ਤ ਦਾ ਮਾਮਲਾ ਨਹੀਂ ਸਗੋਂ ਇਕ ਸੰਕਟ ਹੈ ਜੋ ਮਨੁੱਖੀ ਕਾਰਨਾਂ ਕਰਕੇ ਵਧਿਆ। ਹਿਮਾਚਲ ਦੇ ਦਰਿਆਵਾਂ ਵਿੱਚ ਵੱਡੀ ਮਾਤਰਾ ਵਿੱਚ ਰੁੱਖਾਂ ਦੇ ਤਣੇ (ਲੱਕੜ) ਰੁੜ੍ਹਦੇ ਵੇਖੇ ਗਏ। ਸੁਪਰੀਮ ਕੋਰਟ ਨੇ ਗ਼ੈਰ ਕਾਨੂੰਨੀ ਤੌਰ 'ਤੇ ਦਰਖਤਾਂ ਦੀ ਕਟਾਈ ਲਈ ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ-ਕਸ਼ਮੀਰ ਨੂੰ ਨੋਟਿਸ ਜਾਰੀ ਕੀਤਾ ਹੈ।

ਉਸ ਨੇ ਕਿਹਾ ਕਿ ਰੁੱਖਾਂ ਦੀ ਨਾਜਾਇਜ਼ ਕਟਾਈ ਕਾਰਨ ਕੁਦਰਤੀ ਆਫ਼ਤਾਂ ਆਉਂਦੀਆਂ ਹਨ। ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਕਪੂਰਥਲਾ, ਤਰਨਤਾਰਨ, ਫਿਰੋਜ਼ਪੁਰ ਤੇ ਫਾਜ਼ਿਲਕਾ ਨੇ ਹੜ੍ਹ ਦਾ ਕਹਿਰ ਝੱਲਿਆ। ਗੁਰਦਾਸਪੁਰ ਦੇ ਮਕੋੜਾ ਪੱਤਣ ਦੇ ਆਸ-ਪਾਸ ਤੇ ਡੇਰਾ ਬਾਬਾ ਨਾਨਕ ਦੇ 104 ਪਿੰਡ ਤੇ ਅਜਨਾਲਾ (ਅੰਮ੍ਰਿਤਸਰ) ਦੇ 190 ਪਿੰਡ (ਅਜਨਾਲਾ ਖੇਤਰ ਦੇ 127 ਅਤੇ ਲੋਪੋਕੇ ਦੇ 63) ਹੜ੍ਹ ਦੀ ਲਪੇਟ 'ਚ ਆਏ। ਕਿਸਾਨਾਂ ਦੀਆਂ ਝੋਨੇ, ਤਿਲ, ਮਾਂਹ, ਮੱਕੀ, ਕਮਾਦ, ਕਪਾਹ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਨਸ਼ਟ ਹੋ ਗਈਆਂ। ਹੁਣ ਤੱਕ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦੀ ਤਕਰੀਬਨ 4.37 ਲੱਖ ਏਕੜ ਫ਼ਸਲ ਤਬਾਹ ਹੋ ਗਈ। ਪੰਜਾਬ ਵਿਚ ਆਏ ਹੜ੍ਹ ਕੋਈ ਕੁਦਰਤੀ ਵਰਤਾਰਾ ਜਾਂ ਆਫ਼ਤ ਨਹੀਂ, ਇਹ ਮਨੁੱਖ ਦੀ ਆਪ ਸਹੇੜੀ ਤ੍ਰਾਸਦੀ ਹਨ। ਇਸ ਕੁਦਰਤੀ ਆਫ਼ਤ ਦੇ ਫਲਸਰੂਪ ਪੰਜਾਬ ਦੇ ਸੁਪਨੇ, ਆਸਾਂ-ਉਮੀਦਾਂ ਤੇ ਇੱਛਾਵਾਂ ਹੜ੍ਹ ਵਿਚ ਰੁੜ੍ਹ ਗਈਆਂ ਹਨ। ਇਸ ਮਨੁੱਖ ਦੁਆਰਾ ਸਿਰਜੀ ਕੁਦਰਤੀ ਆਫ਼ਤ ਦਾ ਸਾਹਮਣਾ ਕਰਨ ਲਈ ਪੰਜਾਬ ਦੀ ਆਨ ਤੇ ਸ਼ਾਨ ਨੌਜਵਾਨ ਹਿੱਕ ਡਾਹ ਕੇ ਖੜ੍ਹ ਗਏ ਹਨ। ਉਨ੍ਹਾਂ ਨੇ ਆਪਣੇ ਟਰੈਕਟਰ-ਟਰਾਲੀਆਂ ਨੂੰ ਜੀਵਨ ਰੱਖਿਅਕ ਕਿਸ਼ਤੀਆਂ ਵਿਚ ਬਦਲ ਦਿੱਤਾ ਹੈ। ਆਪਣੀ ਜਾਨ ਜੋਖ਼ਮ ਵਿਚ ਪਾ ਕੇ ਹੜ੍ਹ ਪੀੜਤਾਂ ਤੱਕ ਰਾਹਤ ਸਮੱਗਰੀ ਤੇ ਪਸ਼ੂਆਂ ਲਈ ਚਾਰਾ ਆਦਿ ਪਹੁੰਚਾਇਆ ਜਾ ਰਿਹਾ ਹੈ। ਰੇਤ ਤੇ ਮਿੱਟੀ ਦੀਆਂ ਟਰਾਲੀਆਂ ਭਰ ਕੇ ਧੁੱਸੀ ਬੰਨ੍ਹ ਮਜ਼ਬੂਤ ਕੀਤੇ ਜਾ ਰਹੇ ਹਨ। ਹੜ੍ਹ ਦੇ ਪਾਣੀ ਵਿੱਚ ਫਸੇ ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਨੂੰ ਬਚਾਅ ਕੇ ਪੰਜਾਬੀਆਂ ਦੀ ਬੇਮਿਸਾਲ ਇਕਜੁੱਟਤਾ ਤੇ ਪੰਜਾਬੀਅਤ ਦੀ ਮਿਸਾਲ ਪੇਸ਼ ਕੀਤੀ ਹੈ। ਇਸ ਬਿਪਤਾ ਨੇ ਇੱਕ ਵਾਰ ਫਿਰ ਪੰਜਾਬੀਆਂ ਦੀ ਭਾਈਚਾਰਕ ਸਾਂਝ ਦੀ ਭਾਵਨਾ ਨੂੰ ਉਜਾਗਰ ਕੀਤਾ ਹੈ। ਸਮਾਜਿਕ, ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਨਿਸ਼ਚੇ ਅਤੇ ਸਿਦਕ ਵਾਲੇ ਵਲੰਟੀਅਰ ਹੜ੍ਹ ਮਾਰੇ ਇਲਾਕਿਆਂ ਵਿਚ ਰਾਹਤ ਸਮੱਗਰੀ ਲੈ ਕੇ ਪਹੁੰਚ ਗਏ। 'ਖਾਲਸਾ ਏਡ', 'ਯੂਨਾਈਟਿਡ ਸਿੱਖਜ਼', 'ਹੇਮਕੁੰਟ ਫਾਊਂਡੇਸ਼ਨ' ਵਰਗੀਆਂ ਸੰਸਥਾਵਾਂ ਤੇ ਅਨੇਕ ਸਥਾਨਕ ਗੁਰਦੁਆਰਿਆਂ ਨੇ ਭੋਜਨ, ਪੀਣ ਵਾਲਾ ਬੋਤਲਬੰਦ ਪਾਣੀ, ਪਸ਼ੂਆਂ ਲਈ ਚਾਰਾ, ਫੀਡ ਅਤੇ ਦਵਾਈਆਂ ਨਿਰਵਿਘਨ ਪਹੁੰਚਾਈਆਂ। ਪੰਜਾਬ ਤੇ ਕੇਂਦਰ ਸਰਕਾਰ ਦੀ ਸਹਾਇਤਾ ਤੋਂ ਬਹੁਤ ਪਹਿਲਾਂ ਹੀ ਪਿੰਡਾਂ ਦੇ ਲੋਕਾਂ ਨੇ ਤੇਜ਼ ਵਹਾਅ ਵਾਲੇ ਪਾਣੀਆਂ ਅੰਦਰ ਕਿਸ਼ਤੀਆਂ ਚਲਾ ਕੇ ਆਪਣੇ ਗੁਆਂਢੀਆਂ, ਬਜ਼ੁਰਗਾਂ, ਬੱਚਿਆਂ ਤੇ ਹੜ੍ਹ 'ਚ ਫਸੇ ਪਸ਼ੂਆਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਲੰਗਰਾਂ ਦਾ ਪ੍ਰਬੰਧ ਕੀਤਾ ਤੇ ਅਸਥਾਈ ਆਸਰੇ ਸਥਾਪਤ ਕੀਤੇ। ਉਨ੍ਹਾਂ ਨੇ ਬੇਝਿਜਕ ਹੋ ਕੇ ਰਾਸ਼ਨ ਵੰਡਿਆ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਦੋ ਕਰੋੜ ਤੇ ਪ੍ਰਿਟੀ ਜ਼ਿੰਟਾ ਦੀ ਫ੍ਰੈਂਚਾਈਜ਼ੀ ਪੰਜਾਬ ਕਿੰਗਜ਼ ਨੇ 33 ਲੱਖ ਰੁਪਏ ਰਾਹਤ ਫੰਡ ਵਿੱਚ ਦਿੱਤੇ। ਫ਼ਿਲਮ ਸਟਾਰ ਅਕਸ਼ੈ ਕੁਮਾਰ ਨੇ 5 ਕਰੋੜ ਦਾ ਰਾਹਤ ਫੰਡ ਭੇਜਿਆ। ਪੰਜਾਬੀਆਂ ਵਿੱਚ ਅਜਿਹੀ ਸਦਭਾਵਨਾ ਕੋਈ ਪਹਿਲੀ ਵਾਰ ਪੈਦਾ ਨਹੀਂ ਹੋਈ। ਉਨ੍ਹਾਂ ਨੇ ਨਾ ਸਿਰਫ਼ ਆਪਣੀ ਧਰਤੀ 'ਤੇ ਸਗੋਂ ਦੁਨੀਆ ਭਰ ਦੇ ਹੋਰ ਸੰਕਟਗ੍ਰਸਤ ਖੇਤਰਾਂ ਵਿੱਚ ਤੁਰਕੀ ਦੇ ਭੂਚਾਲ ਤੋਂ ਲੈ ਕੇ ਕੇਰਲ ਸੂਬੇ ਦੇ ਹੜ੍ਹਾਂ ਤੱਕ ਸਭ ਤੋਂ ਪਹਿਲਾਂ ਪੁੱਜ ਕੇ ਸ਼ੋਭਾ ਖੱਟੀ ਸੀ। ਗੁਰਦਾਸਪੁਰ, ਅਜਨਾਲਾ (ਅੰਮ੍ਰਿਤਸਰ), ਹੁਸ਼ਿਆਰਪੁਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਵਲੰਟੀਅਰਾਂ ਨੇ ਹੜ੍ਹ ਦੇ ਡੂੰਘੇ ਪਾਣੀ ਵਿੱਚੋਂ ਲੰਘ ਕੇ ਪੀੜਤਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਜਾਨਵਰਾਂ ਦੀ ਦੇਖਭਾਲ ਕਰਨ ਵਾਲੀਆਂ ਟੀਮਾਂ ਨੇ ਪੇਂਡੂ ਇਲਾਕਿਆਂ ਵਿੱਚ ਹੜ੍ਹ 'ਚ ਫਸੇ ਪਸ਼ੂਆਂ ਦੀ ਸਾਂਭ-ਸੰਭਾਲ ਕੀਤੀ।



ਸਮਾਜਿਕ ਤੇ ਗ਼ੈਰ-ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਸੱਭਿਆਚਾਰਕ ਹਸਤੀਆਂ, ਫਿਲਮ ਇੰਡਸਟਰੀ, ਅਦਾਕਾਰਾਂ ਤੇ ਗਾਇਕਾਂ, ਕਲਾਕਾਰਾਂ, ਸ਼੍ਰੋਮਣੀ ਕਮੇਟੀ, ਐੱਨਜੀਓ ਆਦਿ ਵੀ ਹੜ੍ਹ ਪੀੜਤ ਪਰਿਵਾਰਾਂ ਦੇ ਮੁੜ-ਵਸੇਬੇ ਵਿਚ ਮਦਦ ਦਾ ਵਾਅਦਾ ਕਰ ਰਹੇ ਹਨ। ਕੇਂਦਰੀ ਏਜੰਸੀਆਂ, ਐੱਨਡੀਆਰਐੱਫ ਦੀਆਂ 24 ਟੀਮਾਂ, ਐੱਸਡੀਆਰਐੱਫ ਦੀਆਂ 2 ਟੀਮਾਂ, ਫ਼ੌਜ, ਹਵਾਈ ਫ਼ੌਜ ਨੇ ਵੀ ਕਿਸ਼ਤੀਆਂ, ਹੈਲੀਕਾਪਟਰਾਂ ਤੇ ਰਾਹਤ ਕੈਂਪਾਂ ਦਾ ਬੰਦੋਬਸਤ ਕੀਤਾ। ਮੁਸਲਿਮ ਭਾਈਚਾਰੇ ਨੇ ਵੀ ਰਾਹਤ ਸਮੱਗਰੀ ਆਦਿ ਵੰਡੀ। ਮਸਜਿਦਾਂ ਹੜ੍ਹ ਪੀੜਤਾਂ ਲਈ ਖੋਲ੍ਹ ਦਿੱਤੀਆਂ। ਅੰਮ੍ਰਿਤਸਰ ਦੇ ਕਈ ਸਕੂਲਾਂ ਨੇ ਵੀ ਕਈ ਟਰੱਕ ਰਾਹਤ ਸਮੱਗਰੀ ਦੇ ਭੇਜੇ। ਕਾਂਗਰਸ ਦੇ ਕਈ ਲੀਡਰਾਂ ਨੇ ਵੀ ਸਰਹੱਦੀ ਪਿੰਡਾਂ 'ਚ ਜਾ ਕੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਪਹੁੰਚਾਈ। ਪੰਜਾਬ ਕਾਂਗਰਸ ਵੱਲੋਂ ਆਰਥਿਕ ਸਹਾਇਤਾ ਵੀ ਭੇਜੀ ਗਈ। ਅੰਮ੍ਰਿਤਸਰ ਦੀ ਡੀਸੀ ਸਾਕਸ਼ੀ ਸਾਹਨੀ ਤੇ ਐੱਸਐੱਸਪੀ (ਦਿਹਾਤੀ) ਮਨਿੰਦਰ ਸਿੰਘ ਦਿਨ-ਰਾਤ ਪਾਣੀ 'ਚ ਫਿਰ ਕੇ ਹੜ੍ਹ ਪੀੜਤਾਂ ਦੀ ਸੇਵਾ ਕਰਦੇ ਰਹੇ। ਸੁਖਬੀਰ ਸਿੰਘ ਬਾਦਲ ਨੇ ਹੜ੍ਹ ਪੀੜਤ ਲੋਕਾਂ ਦੀ ਬਹੁਤ ਮਦਦ ਕੀਤੀ ਹੈ। ਦਿਲਜੀਤ ਦੁਸਾਂਝ ਨੇ 10 ਪਿੰਡ ਗੋਦ ਲਏ ਤੇ ਉਹ ਪਾਣੀ ਉਤਰਨ ਤੋਂ ਬਾਅਦ 2 ਸਾਲ ਤੱਕ ਉੱਜੜੇ ਪਿੰਡਾਂ ਦੀ ਮੁੜ ਉਸਾਰੀ ਦਾ ਸਾਰਾ ਖ਼ਰਚਾ ਚੁੱਕਣਗੇ। ਦੁਸਾਂਝ ਦੀ ਮੈਨੇਜਰ ਸੋਨਾਲੀ ਦੀ ਅਗਵਾਈ 'ਚ ਉਨ੍ਹਾਂ ਦੀਆਂ ਟੀਮਾਂ ਕਈ ਦਿਨਾਂ ਤੋਂ ਹੜ੍ਹ ਪੀੜਤ ਇਲਾਕਿਆਂ ਵਿੱਚ ਰਾਹਤ ਕਾਰਜ ਕਰ ਰਹੀਆਂ ਹਨ। ਮਨਕੀਰਤ ਔਲਖ, ਐਮੀ ਵਿਰਕ, ਸਤਿੰਦਰ ਸਰਤਾਜ, ਗੁਰਪ੍ਰੀਤ ਘੁੱਗੀ, ਗਿੱਪੀ ਗਰੇਵਾਲ, ਪੰਮੀ ਬਾਈ, ਕਰਨ ਔਜਲਾ, ਬੱਬੂ ਮਾਨ, ਰੇਸ਼ਮ ਅਨਮੋਲ, ਰਣਜੀਤ ਬਾਵਾ, ਗੁਰਦਾਸ ਮਾਨ, ਜਸਬੀਰ ਜੱਸੀ, ਅੰਮ੍ਰਿਤ ਮਾਨ, ਜੌਰਡਨ ਸੰਧੂ, ਇੰਦਰਜੀਤ ਨਿੱਕੂ, ਗੁਰੂ ਰੰਧਾਵਾ, ਜਸ ਬਾਜਵਾ ਆਦਿ ਗਾਇਕ ਕਲਾਕਾਰਾਂ ਨੇ ਹੜ੍ਹ ਪੀੜਤਾਂ ਦੀ ਬਹੁਤ ਮਦਦ ਕੀਤੀ। ਰਣਦੀਪ ਹੁੱਡਾ, ਨਿਮਰਤ ਖਹਿਰਾ, ਸੋਨਮ ਬਾਜਵਾ ਤੇ ਰਾਜ ਕੁੰਦਰਾ ਆਦਿ ਨੇ ਲੋੜੀਂਦੀ ਰਾਹਤ ਸਮੱਗਰੀ ਦਿੱਤੀ ਤੇ ਮਾਲੀ ਮਦਦ ਵੀ ਕੀਤੀ। 'ਸਰਬੱਤ ਦਾ ਭਲਾ' ਦੇ ਐੱਸਪੀ ਸਿੰਘ ਓਬਰਾਏ ਨੇ ਹੜ੍ਹ ਪੀੜਤਾਂ ਲਈ ਵੱਡੀ ਵਿੱਤੀ ਸਹਾਇਤਾ ਦਿੱਤੀ। ਹੁਣ ਦਰਿਆਵਾਂ ਦੇ ਪਾਣੀ ਦਾ ਪੱਧਰ ਘਟ ਰਿਹਾ ਹੈ।

ਪੰਜਾਬ ਦੇ ਹੜ੍ਹਾਂ ਦੀ ਮਾਰ ਹੇਠ ਆ ਕੇ ਉੱਜੜੇ ਪਿੰਡਾਂ ਦੇ ਮੁੜ ਵਸੇਬੇ ਲਈ ਮੁਸ਼ਕਲਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੱਡੀ ਗਿਣਤੀ ਵਿੱਚ ਘਰ ਨੁਕਸਾਨੇ ਗਏ ਹਨ। ਘਰਾਂ ਵਿੱਚ ਦੋ ਤੋਂ ਤਿੰਨ ਫੁੱਟ ਤੱਕ ਰੇਤ, ਗਾਰਾ ਤੇ ਮਿੱਟੀ ਜੰਮ ਗਈ ਹੈ। ਇਹੀ ਹਾਲਤ ਖੇਤਾਂ ਦੀ ਹੈ। ਖੇਤਾਂ 'ਚ ਹੜ੍ਹ ਨਾਲ ਰੁੜ੍ਹ ਕੇ ਆਈ ਰੇਤ ਤੇ ਸਿਲਟ ਆਦਿ ਨੂੰ ਹਟਾ ਕੇ ਖੇਤਾਂ ਨੂੰ ਪੱਧਰਾ ਕਰ ਕੇ ਵਾਹੀਯੋਗ ਬਣਾਉਣ ਲਈ ਸਮਾਂ ਲੱਗੇਗਾ। ਦੂਸ਼ਿਤ ਪਾਣੀ ਪੀਣ ਨਾਲ ਹੈਜ਼ਾ, ਦਸਤ, ਟਾਈਫਾਈਡ, ਮੱਛਰਾਂ ਕਰਕੇ ਮਲੇਰੀਆ ਅਤੇ ਲਾਗ ਦੀਆਂ ਬਿਮਾਰੀਆਂ ਫੈਲਣ ਤੋਂ ਪਹਿਲਾਂ ਸਿਹਤ ਵਿਭਾਗ ਨੂੰ ਚੌਕਸ ਹੋ ਜਾਣਾ ਚਾਹੀਦਾ ਹੈ। ਪਾਣੀ 'ਚ ਕਲੋਰੀਨ ਪਾ ਕੇ ਅਤੇ ਪਾਣੀ ਉਬਾਲ ਕੇ ਪੀਣਾ ਚਾਹੀਦਾ ਹੈ। ਸੇਵਾ ਦਾ ਇਹ ਸੱਭਿਆਚਾਰ ਕਈ ਮੌਕਿਆਂ 'ਤੇ ਪਰਖਿਆ ਗਿਆ ਪਰ ਪੁਨਰਵਾਸ ਦਾ ਕੰਮ ਸਿਰਫ਼ ਲੋਕਾਂ ਇੱਛਾ 'ਤੇ ਨਿਰਭਰ ਨਹੀਂ ਹੋ ਸਕਦਾ। ਪੰਜਾਬ ਨੂੰ ਹੁਣ ਫੌਰੀ ਮੁਆਵਜ਼ੇ, ਫ਼ਸਲੀ ਨੁਕਸਾਨ ਦੇ ਪਾਰਦਰਸ਼ੀ ਮੁਲਾਂਕਣ ਤੇ ਤਾਲਮੇਲ ਨਾਲ ਘਰਾਂ ਤੇ ਖੇਤਾਂ ਦੀ ਪੁਨਰ ਉਸਾਰੀ ਦੀ ਲੋੜ ਹੈ।

# ਕੁਦਰਤੀ ਆਫ਼ਤਾਂ ਵਿੱਚ ਜ਼ਿੰਮੇਵਾਰ ਕੌਣ ?



**ਡਾ. ਅਮਨਪ੍ਰੀਤ ਸਿੰਘ ਬਰਾੜ**

ਕਦੇ ਹੜ੍ਹ, ਕਦੇ ਸੋਕਾ ਅਤੇ ਤਾਪਮਾਨ ਵਿੱਚ ਉਤਰਾਅ-ਚੜ੍ਹਾਅ ਆਉਣ ਨੂੰ ਕੁਦਰਤ ਦੀ ਦੇਣ ਕਿਹਾ ਜਾਂਦਾ ਹੈ। ਅਸਲ ਵਿੱਚ ਜਿਹੜੀ ਗੱਲ ਸਾਡੀ ਸਮਝ ਨਾ ਆਵੇ ਜਾਂ ਜਿਸ ਅੱਗੇ ਅਸੀਂ ਬੇਵੱਸ ਹੋ ਜਾਈਏ, ਉਸ ਨੂੰ ਫਿਰ ਕੁਦਰਤ ਦੀ ਦੇਣ ਕਹਿ ਦਿੰਦੇ ਹਾਂ। ਜਿਵੇਂ-ਜਿਵੇਂ ਆਬਾਦੀ ਵਧਦੀ ਗਈ, ਉਸੇ ਤਰ੍ਹਾਂ ਕੁੱਲੀ, ਗੁੱਲੀ ਤੇ ਜੁੱਲੀ ਦੀ ਲੋੜ ਵੀ ਵਧਦੀ ਗਈ। ਮੁੱਢਲੀਆਂ ਲੋੜਾਂ ਤੋਂ ਅੱਗੇ ਦੇਸ਼ ਦੀ 5-6 ਫ਼ੀਸਦੀ ਆਬਾਦੀ ਜੋ ਤਕਰੀਬਨ 7-8 ਕਰੋੜ ਬਣਦੀ ਹੈ, ਕੋਲ ਅਥਾਹ ਧਨ ਹੈ। ਇਹ ਲੋਕ ਆਪਣੀਆਂ ਸੁੱਖ-ਸਹੂਲਤਾਂ ਵਧਾਉਣ ਲਈ ਵੀ ਕੁਦਰਤ ਨਾਲ ਛੇੜਛਾੜ ਕਰਦੇ ਹਨ। ਮਿਸਾਲ ਦੇ ਤੌਰ 'ਤੇ ਗਰਮੀ ਤੇ ਸਰਦੀ ਦੀ ਰੁੱਤ ਦੀਆਂ ਛੁੱਟੀਆਂ 'ਚ ਪਹਾੜਾਂ ਵੱਲ ਰੁਖ਼ ਕਰਨਾ, ਉੱਥੇ ਜੰਗਲ ਕੱਟ ਕੇ ਰਿਹਾਇਸ਼ਾਂ ਬਣਾਉਣੀਆਂ, ਆਵਜਾਈ ਲਈ ਸੜਕਾਂ ਚੌੜੀਆਂ ਕਰਨੀਆਂ, ਪਹਾੜਾਂ ਨੂੰ ਕੱਟਣ ਵਾਸਤੇ ਡਾਇਨਾਮਾਈਟ ਵਰਤ ਕੇ ਪੂਰਾ ਪਹਾੜ ਹਿਲਾ ਦੇਣਾ ਅਤੇ ਗਰੀਨ ਹਾਊਸ ਗੈਸਾਂ 'ਚ ਵਾਧਾ ਕਰਕੇ ਤਾਪਮਾਨ ਵਧਾਉਣਾ, ਇਸ ਸਭ ਦੇ ਨਤੀਜੇ ਵਜੋਂ ਹੀ ਬੱਦਲ ਫਟਣ ਤੇ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰਦੀਆਂ ਹਨ। ਇਹ ਸਾਰਾ ਕੁਝ ਮਨੁੱਖੀ ਦਖ਼ਲ ਅੰਦਾਜ਼ੀ ਵਿਰੁੱਧ ਕੁਦਰਤ ਦਾ ਪ੍ਰਤੀਕਰਮ ਹੈ।

**ਵਧਦਾ ਤਾਪਮਾਨ**

ਸਾਇੰਸਦਾਨਾਂ ਮੁਤਾਬਕ 1750 ਈ. ਦੇ ਮੁਕਾਬਲੇ ਵਾਯੂਮੰਡਲ ਦਾ ਤਾਪਮਾਨ 1.10 ਡਿਗਰੀ ਸੈਲਸੀਅਸ ਵਧ ਗਿਆ ਹੈ। ਇਹ ਵੀ ਅਨੁਮਾਨ ਹੈ ਕਿ 2050 ਤੱਕ ਇਹ ਵਾਧਾ 2.0 ਤੱਕ ਪਹੁੰਚ ਜਾਵੇਗਾ, ਜਿਸ ਕਾਰਨ ਗਲੇਸ਼ੀਅਰ ਪਿਘਲਣ ਕਾਰਨ ਸਮੁੰਦਰ ਦਾ ਪਾਣੀ ਵਧੇਗਾ ਤੇ ਸਮੁੰਦਰ ਕਿਨਾਰੇ ਵਸੇ ਸ਼ਹਿਰ ਪਾਣੀ 'ਚ ਡੁੱਬ ਜਾਣਗੇ। ਭਾਰਤ ਵਿੱਚ ਸਮੁੰਦਰ ਕਿਨਾਰੇ ਤਿੰਨ ਪ੍ਰਮੁੱਖ ਸ਼ਹਿਰ ਹਨ ਮੁੰਬਈ, ਕੋਲਕਾਤਾ ਅਤੇ ਚੇਨਈ। ਤਾਪਮਾਨ ਵਧਣ ਦਾ ਮੁੱਖ ਕਾਰਨ ਹੈ ਵਾਯੂਮੰਡਲ 'ਚ ਗਰੀਨ ਹਾਊਸ ਗੈਸਾਂ ਦਾ ਵਧਣਾ। ਹਵਾ 'ਚ ਮੁੱਖ ਤੌਰ 'ਤੇ ਨਾਈਟ੍ਰੋਜ਼ਨ 78%, ਆਕਸੀਜਨ 21%, ਆਰਗੋਨ 0.9% ਅਤੇ ਹੋਰ ਗੈਸਾਂ 0.1% ਹਨ। ਇਸ 0.1% ਵਿੱਚ ਮੁੱਖ ਤੌਰ 'ਤੇ ਕਾਰਬਨ ਡਾਈਅਕਸਾਈਡ, ਮਿਥੇਨ, ਨਾਈਟਰਸ ਆਕਸਾਈਡ ਆਦਿ ਹਨ। ਇਨ੍ਹਾਂ 0.1% ਗੈਸਾਂ ਨੂੰ ਹੀ ਗਰੀਨ ਹਾਊਸ ਗੈਸਾਂ ਕਿਹਾ ਜਾਂਦਾ ਹੈ, ਜੋ ਸੂਰਜੀ ਕਿਰਨਾਂ ਦਾ ਵਕੀਰਨ ਕਰਕੇ ਧਰਤੀ ਨੂੰ ਗਰਮ ਕਰਦੀਆਂ ਹਨ। ਜੇ ਇਹ ਗੈਸਾਂ ਨਾ ਹੋਣ ਤਾਂ ਧਰਤੀ ਦਾ ਔਸਤ ਤਾਪਮਾਨ 18 ਡਿਗਰੀ ਸੈਲਸੀਅਸ ਤੋਂ ਹੇਠਾਂ ਆ ਜਾਵੇ, ਜਿਹੜਾ ਹੁਣ 15 ਡਿਗਰੀ ਸੈਲਸੀਅਸ ਹੈ, ਕਿਉਂਕਿ ਇਹ ਗੈਸਾਂ ਧਰਤੀ ਨੂੰ ਬਨਸਪਤੀ ਦੇ ਅਨਕੂਲ ਬਣਾਉਂਦੀਆਂ ਹਨ। ਏਸੇ ਕਰਕੇ ਇਨ੍ਹਾਂ ਗੈਸਾਂ ਨੂੰ ਗਰੀਨ ਹਾਊਸ (ਹਰਿਆਵਲ ਵਾਲੀਆਂ) ਗੈਸਾਂ ਕਹਿੰਦੇ ਹਨ। ਪਰ ਦੂਜੇ ਪਾਸੇ ਇਨ੍ਹਾਂ ਗੈਸਾਂ ਦੇ ਵਧਣ ਨਾਲ ਧਰਤੀ 'ਤੇ ਜਲ ਚੱਕਰ (ਹਾਈਡਰਾਲੋਜੀਕਲ



ਸਾਈਕਲ) ਦਾ ਸੰਤੁਲਨ ਵਿਗੜਨ ਕਰਕੇ ਵਾਤਾਵਰਨ 'ਚ ਕਦੇ ਬੱਦਲ ਫਟਦੇ ਹਨ, ਹੜ੍ਹ ਆਉਂਦੇ ਹਨ ਤੇ ਕਦੇ ਸੋਕਾ ਪੈਂਦਾ ਹੈ। ਗਰੀਨ ਹਾਊਸ ਗੈਸਾਂ ਵਧਣ ਦੇ ਮੁੱਖ ਕਾਰਨਾਂ ਵਿਚ ਖਣਿਜ ਤੇਲ-ਪੈਟਰੋਲ, ਡੀਜ਼ਲ ਅਤੇ ਕੋਲੇ (ਫੋਸਲ ਫਿਊਲ) ਦੀ ਜ਼ਿਆਦਾ ਵਰਤੋਂ, ਪਸ਼ੂਆਂ ਦੀ ਆਬਾਦੀ ਵਧਣੀ (ਦੁਧਾਰੂ ਪਸ਼ੂ ਮਿਥੇਨ ਗੈਸ ਛੱਡਦੇ ਹਨ), ਪਾਣੀ ਖੜ੍ਹਾ ਰੱਖਣ ਵਾਲੀਆਂ ਫ਼ਸਲਾਂ (ਝੋਨਾ) ਦੀ ਕਾਸ਼ਤ ਤੇ ਜੰਗਲਾਂ ਦੀ ਕਟਾਈ ਆਦਿ ਸ਼ਾਮਿਲ ਹਨ।

**ਤਕਨੀਕੀ ਵਿਕਾਸ ਦਾ ਪੂਰਾ ਲਾਹਾ ਨਾ ਲੈਣਾ**

ਅੱਜ-ਕੱਲ੍ਹ ਮੌਸਮ ਵਿਭਾਗ ਦੀ ਭਵਿੱਖ ਬਾਣੀ ਜ਼ਿਆਦਾਤਰ ਠੀਕ ਨਿਕਲ ਰਹੀ ਹੈ। ਲੰਬੇ ਸਮੇਂ ਵਾਲੀ ਭਵਿੱਖ ਬਾਣੀ 'ਚ ਹੀ ਮੌਸਮ ਵਿਭਾਗ ਨੇ ਦੱਸ ਦਿੱਤਾ ਸੀ ਕਿ ਇਸ ਸਾਲ ਮੌਨਸੂਨ ਆਮ ਨਾਲੋਂ ਜ਼ਿਆਦਾ ਹੋਵੇਗੀ। ਫਿਰ ਮਈ-ਜੂਨ 'ਚ ਇਹ ਦੱਸਿਆ ਕਿ ਜੁਲਾਈ-ਅਗਸਤ 'ਚ ਦੇਸ਼ ਦੇ ਉੱਤਰ-ਪੱਛਮੀ ਹਿੱਸੇ ਵਿਚ ਬਾਰਿਸ਼ ਜ਼ਿਆਦਾ ਹੋਵੇਗੀ। ਇਹ ਹਿੱਸਾ ਸਾਡੇ ਦਰਿਆਵਾਂ ਅਤੇ ਡੈਮਾਂ ਦਾ ਕੈਚਮੈਂਟ ਏਰੀਆ (ਉਹ ਖੇਤਰ ਜਿੱਥੋਂ ਮੀਂਹ ਦਾ ਪਾਣੀ ਕਿਸੇ ਖ਼ਾਸ ਦਰਿਆ, ਨਦੀ ਜਾਂ ਝੀਲ 'ਚ ਜਮ੍ਹਾਂ ਹੁੰਦਾ ਹੈ) 1988 'ਚ ਕੈਚਮੈਂਟ ਏਰੀਏ ਵਿੱਚ 22-26 ਸਤੰਬਰ ਨੂੰ 63 ਸੈਂਟੀਮੀਟਰ ਬਾਰਿਸ਼ ਹੋਣ ਕਰਕੇ ਡੈਮ 'ਚੋਂ ਇਕਦਮ ਪਾਣੀ ਛੱਡਣਾ ਪਿਆ, ਕਿਉਂਕਿ ਡੈਮ ਭਰਨ ਦੀ ਆਖਰੀ ਤਰੀਕ 30 ਸਤੰਬਰ ਮਿਥੀ ਗਈ ਸੀ। 1988 ਦੇ 22 ਸਤੰਬਰ ਤੱਕ ਡੈਮ ਪਹਿਲਾਂ ਹੀ ਭਰਿਆ ਹੋਇਆ ਸੀ। ਇਸ ਸਾਲ ਤਾਂ ਖਾਲੀ ਪਏ ਡੈਮਾਂ ਦੇ ਵੇਲੇ ਤੋਂ ਹੀ ਪਤਾ ਸੀ ਕਿ ਬਾਰਿਸ਼ਾਂ ਜ਼ਿਆਦਾ ਹੋਣਗੀਆਂ ਅਤੇ ਹੋ ਰਹੀਆਂ ਹਨ, ਫਿਰ ਪਾਣੀ ਨਾਲੋ-ਨਾਲ ਸਾਰੇ ਦਰਿਆਵਾਂ 'ਚ ਕਿਉਂ ਨਹੀਂ ਛੱਡਿਆ ਗਿਆ? ਕੀ ਬੀ.ਬੀ.ਐਮ.ਬੀ. ਦੀ ਸੌੜੀ ਦੂਰਅੰਦੇਸ਼ੀ ਜਾਂ ਘੱਟ ਯੋਗਤਾ, ਇਨ੍ਹਾਂ ਹੜ੍ਹਾਂ ਦੀ ਜ਼ਿੰਮੇਵਾਰ ਤਾਂ ਨਹੀਂ? ਦੂਜੀ ਗੱਲ ਡੈਮ ਜ਼ਿਆਦਾ ਜਾਣਬੁੱਝ ਕੇ ਵੀ ਭਰੇ ਜਾਂਦੇ ਹਨ, ਕਿਉਂਕਿ ਜੇ ਡੈਮਾਂ 'ਚ ਪਾਣੀ ਜ਼ਿਆਦਾ ਹੋਵੇਗਾ ਤਾਂ ਉਸ ਦਾ ਫ਼ਾਇਦਾ ਹਰਿਆਣੇ ਤੇ ਰਾਜਿਸਥਾਨ ਨੂੰ ਹੀ ਹੈ। ਡੈਮ ਜ਼ਿਆਦਾ ਭਰਨੇ ਪੰਜਾਬ ਲਈ ਨੁਕਸਾਨਦਾਇਕ ਵੱਧ ਤੇ ਫ਼ਾਇਦੇਮੰਦ ਘੱਟ ਹੁੰਦੇ ਹਨ, ਕਿਉਂਕਿ ਹੜ੍ਹ ਤਾਂ ਪੰਜਾਬ 'ਚ ਹੀ ਆਉਂਦੇ ਹਨ। ਪੰਜਾਬ ਅੱਜ ਮੁਸੀਬਤ 'ਚ ਹੈ ਪਰ ਹੁਣ ਤੱਕ ਕੇਂਦਰ ਨੇ ਕੋਈ ਇਮਦਾਦ ਨਹੀਂ ਭੇਜੀ। ਹਾਲਾਂਕਿ ਪਤਾ ਹੈ ਪੰਜਾਬ ਕੋਲ ਪੈਸਾ ਨਹੀਂ, ਫਿਰ ਵੀ ਸਿਆਸਤ ਦੇ ਨਾਂਅ ਤੇ 290 ਕਰੋੜ ਦਾ ਹਵਾਲਾ ਦਿੱਤਾ ਜਾਂਦਾ ਹੈ। ਚਾਹੀਦਾ ਇਹ ਹੈ ਕਿ ਤੁਸੀਂ ਇਸ ਮੁਸੀਬਤ 'ਚ ਹੋਰ ਪੈਸਾ ਦਿਓ, ਭਾਵੇਂ ਉਹ ਅੱਗੋਂ ਜੀ.ਐਸ.ਟੀ. ਦੀ ਕਿਸ਼ਤ 'ਚੋਂ ਕੱਟ ਲਿਆ ਜਾਂਦਾ। ਉੱਧਰ ਹਰਿਆਣਾ ਦੇ ਮੁੱਖ ਮੰਤਰੀ ਨੇ ਬੱਸ ਇਕ ਦਿਨ ਬਿਆਨ ਦਾਗ ਦਿੱਤਾ ਕਿ ਇਸ ਘੜੀ 'ਚ ਹਰਿਆਣਾ ਪੰਜਾਬ ਦੇ ਨਾਲ ਹੈ, ਜੋ ਸਹਾਇਤਾ ਪੰਜਾਬ ਦੇ ਮੁੱਖ ਮੰਤਰੀ ਕਹਿਣਗੇ, ਅਸੀਂ ਭੇਜਾਂਗੇ। ਉਸ ਤੋਂ ਬਾਅਦ ਉਹ ਵੀ ਚੁੱਪ ਕਰ ਗਏ। ਇਹ ਯਾਦ ਰਹੇ ਕਿ ਕਦੇ ਵੀ ਕੋਈ ਪੰਜਾਬੀ ਹੱਥ ਅੱਡ ਕੇ ਨਹੀਂ ਮੰਗਦਾ, ਜੇ ਇਮਦਾਦ ਭੇਜਣੀ ਹੈ ਤਾਂ ਨੁਕਸਾਨ ਦੇ ਹਿਸਾਬ ਨਾਲ ਜਿੰਨੀ ਮਦਦ ਕਰਨੀ ਹੈ, ਚੈੱਕ ਭੇਜਿਆ ਜਾ ਸਕਦਾ ਸੀ। ਖ਼ਬਰਾਂ ਮੁਤਾਬਕ ਬਾਅਦ 'ਚ ਹਰਿਆਣਾ ਨੇ ਪੰਜਾਬ ਨੂੰ ਪੰਜ ਕਰੋੜ ਭੇਜਿਆ ਹੈ, ਇਸ ਤੋਂ ਬਿਹਤਰ ਇਹ ਸੀ ਕਿ ਉਹ ਚੁੱਪ ਹੀ ਕਰ ਜਾਂਦੇ।

(ਬਾਕੀ ਸਫ਼ਾ 27 'ਤੇ)

# ਅਮਰੀਕਾ ਦਾ ਮੁਕਾਬਲਾ ਕਰਨ ਲਈ ਖੇਤੀ ਦਾ ਵਿਕਾਸ ਜ਼ਰੂਰੀ



ਡਾ. ਅੰਮ੍ਰਿਤ ਪਾਲ ਸਾਗਰ ਮਿੱਤਲ
ਲੇਖਕ ਪੰਜਾਬ ਆਰਥਿਕ ਨੀਤੀ ਅਤੇ ਯੋਜਨਾ ਬੋਰਡ ਦੇ ਉਪ-ਚੇਅਰਮੈਨ (ਕੈਬਨਿਟ ਮੰਤਰੀ ਰੈਂਕ) ਵੀ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ 27 ਅਗਸਤ ਤੋਂ ਭਾਰਤੀ ਦਰਾਮਦ ’ਤੇ 50 ਫ਼ੀਸਦੀ ਦਾ ਭਾਰੀ ਜੁਰਮਾਨਾ ਟੈਰਿਫ਼ ਲਾਗੂ ਕਰਨਾ ਸਿਰਫ਼ ਇੱਕ ਕੂਟਨੀਤਿਕ ਝਟਕਾ ਨਹੀਂ ਹੈ, ਸਗੋਂ ਇਸ ਗੱਲ ਦੀ ਯਾਦ ਦਿਵਾਉਂਦਾ ਹੈ ਕਿ ਵਿਸ਼ਵ ਖੇਤੀ ਵਪਾਰ ਕਿੰਨਾ ਨਾਬਰਾਬਰ ਹੈ। ਅਮਰੀਕਾ ਨੇ ਭਲੇ ਹੀ ਇਸ ਕਦਮ ਨੂੰ ‘ਮੁਕਾਬਲੇਬਾਜ਼ੀ’ ਕਹਿ ਕੇ ਸਹੀ ਠਹਿਰਾਇਆ ਹੈ ਕਿਉਂਕਿ ਮੋਦੀ ਸਰਕਾਰ ਨੇ ਅਮਰੀਕੀ ਜੈਨੇਟਿਕਲੀ ਮੋਡੀਫਾਈਡ (ਜੀ.ਐਮ.) ਫਸਲਾਂ ਜਿਵੇਂ ਮੱਕਾ ਤੇ ਸੋਇਆਬੀਨ ਲਈ ਆਪਣੇ ਬਾਜ਼ਾਰ ਖੋਲ੍ਹਣ ਤੋਂ ਇਨਕਾਰ ਕੀਤਾ ਹੈ। ਦਰਅਸਲ ਇਹ ਉਹੀ ਪੁਰਾਣੀ ਖੇਡ ਹੈ, ਜਿਸ ਨੂੰ ਅਮੀਰ ਦੇਸ਼ ਹਮੇਸ਼ਾ ਖੇਡਦੇ ਆਏ ਹਨ ਕਿ ਆਪਣੇ ਕਿਸਾਨਾਂ ਨੂੰ ਭਾਰੀ ਸਬਸਿਡੀ ਦੇ ਕੇ ਬਚਾਉਣਾ ਤੇ ਅਧਿਕ ਉਤਪਾਦਕਤਾ ਵਾਲੀਆਂ ਜੀ.ਐਮ. ਫਸਲਾਂ ਲਈ ਨਵੇਂ-ਨਵੇਂ ਬਾਜ਼ਾਰ ਤਿਆਰ ਕਰਨੇ ਅਤੇ ਜੋ ਇਸ ਦਾ ਵਿਰੋਧ ਕਰੇ ਉਸ ਨੂੰ ਟੈਰਿਫ਼ ਦੇ ਰੂਪ ਵਿਚ ਸਜ਼ਾ ਦੇਣੀ। ਇਸ ਦੇ ਨਤੀਜੇ ਵਜੋਂ ਵਿਸ਼ਵ ਖੇਤੀ ਪ੍ਰਣਾਲੀ ਵਿਚ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਦੇ ਛੋਟੇ ਤੇ ਸੀਮਾਂਤ ਕਿਸਾਨ ਘੱਟ ਉਪਜ, ਕਰਜ਼ ਤੇ ਗਰੀਬੀ ਦੇ ਚੱਕਰ ਵਿੱਚ ਫਸੇ ਰਹਿੰਦੇ ਹਨ।

ਹਾਲਾਂਕਿ ਭਾਰਤ ਦਾ ਅਮਰੀਕੀ ਫਸਲਾਂ ਲਈ ਆਪਣਾ ਬਾਜ਼ਾਰ ਨਾ ਖੋਲ੍ਹਣ ਦਾ ਫ਼ੈਸਲਾ ਇੱਕ ਅਹਿਮ ਤੇ ਸ਼ਲਾਘਾਯੋਗ ਕਦਮ ਹੈ, ਕਿਉਂਕਿ ਸਾਡੇ ਕਿਸਾਨ ਅਮਰੀਕੀ ਕਿਸਾਨਾਂ ਨਾਲ ਮੁਕਾਬਲਾ ਨਹੀਂ ਕਰ ਸਕਦੇ। ਸਾਡੇ ਕਿਸਾਨਾਂ ਲਈ ਇਹ ਇੱਕ ਫੌਰੀ ਰਾਹਤ ਹੈ ਪਰ ਲੰਬੇ ਸਮੇਂ ’ਚ ਭਾਰਤੀ ਕਿਸਾਨਾਂ ਦੀ ਅਸਲੀ ਭਲਾਈ ਉਨ੍ਹਾਂ ਨੂੰ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਦੇ ਕਿਸਾਨਾਂ ਤੋਂ ਬਚਾਉਣ ਨਾਲ ਨਹੀਂ ਹੋਵੇਗੀ, ਸਗੋਂ ਉਨ੍ਹਾਂ ਨੂੰ ਅਮਰੀਕੀ ਕਿਸਾਨਾਂ ਨਾਲ ਮੁਕਾਬਲੇ ਲਈ ਤਿਆਰ ਕਰਨਾ ਹੋਵੇਗਾ। ਇਸ ਲਈ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਜੀ.ਐਮ. ਫਸਲਾਂ ਦੇ ਬਦਲਾਂ ਵਜੋਂ ਵੱਧ ਉਪਜ ਦੇਣ ਵਾਲੀਆਂ ਬੀਜ ਦੀਆਂ ਕਿਸਮਾਂ, ਆਧੁਨਿਕ ਸਿੰਚਾਈ ਪ੍ਰਣਾਲੀ, ਭੰਡਾਰਨ, ਅਗੇਤੀ ਖੇਤੀ ਜਿਹੇ ਸਾਧਨ ਦਿੱਤੇ ਜਾਣ, ਜਿਸ ਨਾਲ ਉਨ੍ਹਾਂ ਦੀ ਪੈਦਾਵਾਰ ਵਧਣ ਤੇ ਲਾਗਤ ਘਟਣ ਦੇ ਨਾਲ ਹੀ ਉਨ੍ਹਾਂ ਦੀ ਅੰਤਰਰਾਸ਼ਟਰੀ ਬਾਜ਼ਾਰ ਤੱਕ ਪਹੁੰਚ ਹੋਵੇ। ਫਸਲਾਂ ਦੀ ਵਾਢੀ ਹੋਣ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ 15-20 ਫ਼ੀਸਦੀ ਤੋਂ ਘਟਾ ਕੇ ਗਲੋਬਲ ਸਟੈਂਡਰਡ ਮੁਤਾਬਕ 5 ਫ਼ੀਸਦੀ ’ਤੇ ਲਿਆਂਦਾ ਜਾਵੇ।

ਅਮਰੀਕਾ ਹਰ ਸਾਲ ਕਿਸਾਨਾਂ ਦੀ ਸਬਸਿਡੀ ’ਤੇ 48 ਅਰਬ ਡਾਲਰ (ਲਗਭਗ 4,22,400 ਕਰੋੜ ਰੁਪਏ) ਤੋਂ ਵੱਧ ਖਰਚ ਕਰਦਾ ਹੈ, ਜਿਸ ਕਰਕੇ ਉਸ ਦੇ ਕਿਸਾਨ ਕਣਕ, ਮੱਕੀ ਤੇ ਡੇਅਰੀ ਉਤਪਾਦ ਵਿਦੇਸ਼ਾਂ ਵਿੱਚ ਆਪਣੀ ਅਸਲ ਲਾਗਤ ਦੇ ਬਰਾਬਰ ਜਾਂ ਉਸ ਤੋਂ ਵੀ ਘੱਟ ਕੀਮਤ ’ਤੇ ਵੇਚ ਸਕਦੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਕੋਈ ਘਾਟਾ ਨਹੀਂ ਪੈਂਦਾ। ਜਦਕਿ ਭਾਰਤ ਕਿਸਾਨਾਂ ਦੀ ਸਬਸਿਡੀ ’ਤੇ 16.5 ਅਰਬ ਡਾਲਰ (ਲਗਭਗ 1,35,200 ਰੁਪਏ) ਖਰਚ ਕਰਦਾ ਹੈ। ਇਹ ਕੋਈ ਮੁਕਾਬਲਾ ਨਹੀਂ ਸਗੋਂ ਦੋ ਦੇਸ਼ਾਂ ਦੇ ਢਾਂਚੇ ਦੀ ਅਸਮਾਨਤਾ ਹੈ, ਜੋ ਭਾਰਤੀ ਕਿਸਾਨਾਂ ਦੀ ਦੁਨੀਆ ਦੇ ਬਾਜ਼ਾਰ ਤੋਂ ਦੂਰੀ ਬਣਾਉਂਦੀ ਹੈ। ਭਾਰਤ ਦਾ ਰਵੱਈਆ ਉਨ੍ਹਾਂ ਦੇਸ਼ਾਂ ਤੋਂ ਬਿਲਕੁਲ ਵੱਖਰਾ ਹੈ, ਜਿਨ੍ਹਾਂ ਨੇ ਜੀ.ਐਮ. ਫਸਲਾਂ ਨੂੰ ਆਪਣੀ ਖੇਤੀ ਉਤਪਾਦਨ ਪ੍ਰਣਾਲੀ ਦਾ ਹਿੱਸਾ ਬਣਾ ਲਿਆ ਹੈ। ਦੁਨੀਆ ਦੇ 75 ਦੇਸ਼ਾਂ ਵਿੱਚ 20 ਕਰੋੜ ਹੈਕਟੇਅਰ ਤੋਂ ਵੱਧ ਜ਼ਮੀਨ ’ਤੇ ਜੀ.ਐਮ. ਸੋਇਆਬੀਨ, ਮੱਕੀ, ਕੈਨੋਲਾ ਤੇ ਹੋਰ ਫਸਲਾਂ ਬੀਜੀਆਂ ਜਾ ਰਹੀਆਂ ਹਨ। ਅਮਰੀਕਾ 95 ਫ਼ੀਸਦੀ ਤੋਂ ਵੱਧ ਰਕਬੇ ਵਿੱਚ ਜੀ.ਐਮ ਮੱਕੀ ਤੇ ਸੋਇਆਬੀਨ ਬੀਜਦਾ ਹੈ ਅਤੇ ਉਸ ਦੀ ਦੁਨੀਆ ਦੇ ਬਾਜ਼ਾਰ ਵਿੱਚ ਹਿੱਸੇਦਾਰੀ 40 ਫ਼ੀਸਦੀ ਤੋਂ ਵੱਧ ਹੈ। ਅਮਰੀਕਾ ਦੀ ਜੀ.ਐਮ. ਮੱਕਾ ਪੈਦਾਵਾਰ 11 ਟਨ ਤੇ ਸੋਇਆਬੀਨ 3.7 ਟਨ ਪ੍ਰਤੀ ਹੈਕਟੇਅਰ ਹੈ, ਜਦਕਿ ਭਾਰਤ ਵਿੱਚ ਮੱਕੀ ਦੀ ਪੈਦਾਵਾਰ 3.5 ਟਨ ਤੇ ਸੋਇਆਬੀਨ 1.2 ਟਨ ਪ੍ਰਤੀ ਹੈਕਟੇਅਰ ਹੈ। ਜ਼ਿਕਰਯੋਗ ਹੈ ਕਿ ਜੀ.ਐਮ. ਫਸਲਾਂ ਪੈਦਾਵਾਰ ਵਧਾਉਂਦੀਆਂ ਹਨ, ਲਾਗਤ ਘਟਾਉਂਦੀਆਂ ਹਨ, ਕਿਸਾਨਾਂ ਦੀ ਕਮਾਈ ਵਧਾਉਂਦੀਆਂ ਹਨ ਤੇ ਵਾਤਾਵਰਣਿਕ ਦਬਾਅ ਘਟਾਉਂਦੀਆਂ ਹਨ, ਕਿਉਂਕਿ ਇਨ੍ਹਾਂ ’ਚ ਕੀਟਨਾਸ਼ਕਾਂ ਦੀ ਖਪਤ 40 ਫ਼ੀਸਦੀ ਫ਼ੀਸਦੀ ਘੱਟ ਹੁੰਦੀ ਹੈ।

ਬ੍ਰਾਜ਼ੀਲ ਤੇ ਅਰਜਨਟੀਨਾ ਜੀ.ਐਮ. ਸੋਯਾਬੀਨ ਤੇ ਮੱਕੀ ਨੂੰ ਪੂਰੀ ਤਰ੍ਹਾਂ ਅਪਣਾ ਕੇ ਦੁਨੀਆ ਦੇ ਸਭ ਤੋਂ ਵੱਡਾ ਨਿਰਯਾਤਕ ਬਣ ਗਏ ਹਨ। ਚੀਨ ਨੇ ਵੀ ਆਯਾਤ ’ਤੇ ਨਿਰਭਰਤਾ ਘਟਾਉਣ ਲਈ ਜੀ.ਐਮ. ਮੱਕੀ ਤੇ ਸੋਇਆਬੀਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਦੇ ਉਲਟ ਭਾਰਤ ਨੇ 2002 ਵਿੱਚ ਜੀ.ਐਮ. ਫਸਲ ਦੇ ਰੂਪ ਵਿੱਚ ਸਿਰਫ਼ ਬੀਟੀ ਕਪਾਹ ਨੂੰ ਅਪਣਾਇਆ ਹੈ। ਇਸ ਪਹਿਲੀ ਵਪਾਰਕ ਖੇਤੀ ਨੇ ਭਾਰਤੀ ਖੇਤੀ ਵਿੱਚ ਇੱਕ ਖਾਮੋਸ਼ ਕ੍ਰਾਂਤੀ ਦੀ ਸ਼ੁਰੂਆਤ ਕੀਤੀ। ਅੱਜ ਭਾਰਤ ਦੀ 96 ਫ਼ੀਸਦੀ ਤੋਂ ਵੱਧ ਕਪਾਹ ਦੀ ਉਪਜ ਬੀਟੀ ਕਿਸਮਾਂ ਤੋਂ ਹੈ। ਸਾਲ 2000-01 ’ਚ ਕਪਾਹ ਦੀ ਉਪਜ 278 ਕਿਲੋ ਪ੍ਰਤੀ ਹੈਕਟੀਅਰ ਤੋਂ ਵਧ ਕੇ 2023- 24 ਵਿੱਚ 447 ਕਿਲੋ ਹੋ ਚੁੱਕੀ ਹੈ, ਭਾਵ ਉਤਪਾਦਨ ਵਿੱਚ 60 ਫ਼ੀਸਦੀ ਤੋਂ ਵੱਧ ਵਾਧਾ ਤੇ ਕੀਟਨਾਸ਼ਕਾਂ ਦੀ ਵਰਤੋਂ ਲਗਭਗ 40 ਫ਼ੀਸਦੀ ਤੱਕ ਘਟ ਗਈ ਹੈ। ਭਾਰਤ ਕਪਾਹ ਦੇ ਵਿਸ਼ਵ ਉਤਪਾਦਨ ’ਚ 24 ਫ਼ੀਸਦੀ ਨਾਲ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਕਪਾਹ ਉਤਪਾਦਕ ਹੈ, ਭਾਰਤ ਨੇ ਵਿੱਤੀ ਸਾਲ 2024-25 ਦੌਰਾਨ 73,233 ਕਰੋੜ ਰੁਪਏ ਦੀ ਕਪਾਹ ਨਿਰਯਾਤ ਕੀਤੀ ਹੈ।

**ਜੀ.ਐਮ ਫਸਲਾਂ ਨੂੰ ਵਧਾਉਣਾ:** ਜੀ.ਐਮ. ਟੈਕਨਾਲੋਜੀ ਨੂੰ ਸਿਰਫ਼ ਕਪਾਹ ਤੱਕ ਸੀਮਤ ਰੱਖਣਾ ਭਾਰਤੀ ਕਿਸਾਨਾਂ ਨੂੰ ਦੁਨੀਆ ’ਚ ਪਿੱਛੇ ਕਰਦਾ ਹੈ, ਜਦਕਿ ਵਿਕਸਤ ਦੇਸ਼ਾਂ ਦੇ ਕਿਸਾਨ ਆਧੁਨਿਕ ਸਾਧਨਾਂ ਨਾਲ ਪੈਦਾਵਾਰ ਕਰਕੇ ਮੋਟਾ ਮੁਨਾਫਾ ਕਮਾ ਰਹੇ ਹਨ। ਜੀ.ਐਮ. ਟੈਕਨਾਲੋਜੀ ਕਈ ਫਸਲਾਂ ਵਿਚ ਕ੍ਰਾਂਤੀਕਾਰੀ ਬਦਲਾਅ ਲਿਆ ਸਕਦੀ ਹੈ, ਜਿਵੇਂ ਕੀਟ-ਰੋਧੀ ਤੇ ਸੁੱਕਾ-ਸਹਿਨਸ਼ੀਲ ਮੱਕਾ ਕਿਸਾਨਾਂ ਦੇ ਨੁਕਸਾਨ ਘਟਾ ਸਕਦਾ ਹੈ। ਬੀਟੀ ਬੈਂਗਣ ਦੀ ਖੇਤੀ ਕੀਟਨਾਸ਼ਕਾਂ ਦੀ ਵਰਤੋਂ ਬਹੁਤ ਘਟਾ ਦੇਵੇਗੀ, ਜਿਸ ਨਾਲ ਕਿਸਾਨਾਂ ਤੇ ਉਪਭੋਗਤਾਵਾਂ ਦੀ ਸਿਹਤ ਤੇ ਸੁਰੱਖਿਆ ਬਿਹਤਰ ਹੋਵੇਗੀ। ਜੀ.ਐਮ. ਸਰੋਂ ਨਾਲ ਪੈਦਾਵਾਰ ਵਧੇਗੀ, ਤੇਲ ਦੀ ਗੁਣਵੱਤਾ ਬਿਹਤਰ ਹੋਵੇਗੀ ਅਤੇ ਖਾਣ ਵਾਲੇ ਤੇਲ ਆਯਾਤ ’ਤੇ ਨਿਰਭਰਤਾ ਘਟੇਗੀ। ਇਸ ਨਾਲ ਭਾਰਤ ਦਾ 1.5 ਲੱਖ ਕਰੋੜ ਰੁਪਏ ਦਾ ਸਾਲਾਨਾ ਖਾਧ ਤੇਲ ਆਯਾਤ ਬਿੱਲ ਘਟੇਗਾ।

ਜੀ.ਐਮ. ਫਸਲਾਂ ’ਤੇ ਨੀਤੀ: ਨੀਤੀ ਦੇ ਪੱਧਰ ’ਤੇ ਝਿਜਕ ਨਜ਼ਰ ਆਉਂਦੀ ਹੈ। ਸੁਪਰੀਮ ਕੋਰਟ ਨੇ ਜੁਲਾਈ 2024 ’ਚ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਜੀ.ਐਮ. ਫਸਲਾਂ ’ਤੇ ਰਾਸ਼ਟਰੀ ਨੀਤੀ ਬਣਾਏ ਤਾਂ ਜੋ ਸਖ਼ਤ ਰੈਗੂਲੇਟਰੀ ਨਿਯਮ ਤੇ ਨਵੀਨਤਾ ਨੂੰ ਲੈ ਕੇ ਸਪੱਸ਼ਟਤਾ ਆਵੇ। ਇਸ ਦਿਸ਼ਾ ਵਿੱਚ ਪ੍ਰਗਤੀ ’ਤੇ ਬਹਿਸ ਵਿਗਿਆਨਿਕ ਸਿਫ਼ਾਰਸ਼ਾਂ, ਭਰਮ ਤੇ ਧਾਰਨਾਵਾਂ ਦੇ ਵਿਚਕਾਰ ਅਟਕੀ ਹੋਈ ਹੈ। ਵਾਤਾਵਰਣ ਤੇ ਖਪਤਕਾਰ ਸੰਸਥਾਵਾਂ ਅਕਸਰ ਸਿਹਤ ’ਤੇ ਪੈਣ ਵਾਲੇ ਸੰਭਾਵਿਤ ਹਾਨੀਕਾਰਕ ਪ੍ਰਭਾਵਾਂ- ਐਲਰਜੀ, ਐਂਟੀਬਾਇਓਟਿਕ ਪ੍ਰਤੀਰੋਧ, ਜ਼ਹਿਰਲੇਪਣ, ਰੋਗ ਪ੍ਰਤੀਰੋਧਕ ਸਮਰੱਥਾ ’ਚ ਕਮੀ, ਡੀ.ਐਨ.ਏ. ਬਦਲਾਅ, ਜੀਨ ਮਿਊਟੇਸ਼ਨ ਤੇ ਕੈਂਸਰ ਵਰਗੀਆਂ ਬਿਮਾਰੀਆਂ ਤੇ ਜੈਵਿਕ ਵਿਭਿੰਨਤਾ ਦੇ ਨੁਕਸਾਨ ਨੂੰ ਲੈ ਕੇ ਚਿੰਤਾ ਜ਼ਾਹਰ ਕਰਦੀਆਂ ਹਨ। ਭਾਵੇਂ ਇਹ ਚਿੰਤਾਵਾਂ ਅਕਸਰ ਵਿਗਿਆਨਕ ਨਤੀਜਿਆਂ ਨਾਲ ਟਕਰਾਅ ਵਿੱਚ ਹੁੰਦੀਆਂ ਹਨ, ਕਿਉਂਕਿ ਵਿਗਿਆਨੀਆਂ ਦਾ ਮੰਨਣਾ ਹੈ ਕਿ ਮਨਜ਼ੂਰਸ਼ੁਦਾ ਜੀ.ਐਮ. ਫਸਲਾਂ ਖਾਣ ਲਈ ਸੁਰੱਖਿਅਤ ਹਨ। ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਖੁਰਾਕ ਖੇਤੀ ਸੰਗਠਨ (ਐਫ.ਏ.ਓ.) ਅਤੇ ਅਮਰੀਕਾ ਦੀ ਨੈਸ਼ਨਲ ਅਕੈਡਮੀ ਆਫ਼ ਸਾਇੰਸਜ਼ ਵਰਗੀਆਂ ਸੰਸਥਾਵਾਂ ਨੇ ਕਈ ਅਧਿਐਨ ਕਰਕੇ ਦੱਸਿਆ ਹੈ ਕਿ ਮੌਜੂਦਾ ਜੀ.ਐਮ. ਫਸਲਾਂ ਪਰੰਪਰਾਗਤ ਕਿਸਮਾਂ ਜਿੰਨੀਆਂ ਹੀ ਸੁਰੱਖਿਅਤ ਹਨ। ਪਰ ਗਲਤਫਹਿਮੀਆਂ ਨੇ ਭਾਰਤ ਦੀ ਜੀ.ਐਮ. ਫਸਲਾਂ ਬਾਰੇ ਨੀਤੀ ਨੂੰ ਅੱਧ ਵਿੱਚ ਲਟਕਾ ਰੱਖਿਆ ਹੈ।

(ਬਾਕੀ ਸਫ਼ਾ 27 ’ਤੇ)

# ਅਜੋਕੀ ਰਾਜਨੀਤੀ ਵਿੱਚ ਗਾਲਾਂ ਦੇ ਕਲਾਕਾਰਾਂ ਨੂੰ ਤਰੱਕੀ ਕਿਉਂ ਮਿਲਦੀ ਹੈ ?





ਅਭੈ ਕੁਮਾਰ ਦੂਬੇ

ਪ੍ਰਧਾਨ ਮੰਤਰੀ ਮੋਦੀ ਵੱਲੋਂ ਚੀਨ ਤੋਂ ਭਾਰਤ ਆਉਂਦੇ ਹੀ ਇੱਕ ਆਨਲਾਈਨ ਪ੍ਰੋਗਰਾਮ ਵਿੱਚ ਉਨ੍ਹਾਂ ਦੀ ਮਾਂ ਨੂੰ ਦਿੱਤੀ ਗਈ ਗਾਲ ਨੂੰ ਚੋਣ ਮੁੱਦਾ ਬਣਾਉਣ ਨਾਲ ਕੁਝ ਪ੍ਰਸ਼ਨ ਪੈਦਾ ਹੋਏ ਹਨ, ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ। ਪਹਿਲਾ ਸਵਾਲ ਤਾਂ ਇਹ ਪੁੱਛਿਆ ਜਾ ਸਕਦਾ ਹੈ ਕਿ, ਕੀ ਪ੍ਰਧਾਨ ਮੰਤਰੀ ਦੀ ਮਾਂ ਨੂੰ ਕਿਸੇ ਅਨਜਾਣ ਪਿਕਅੱਪ ਡਰਾਈਵਰ ਦੁਆਰਾ ਦਿੱਤੀ ਗਈ ਗਾਲ ਦਾ ਬਦਲਾ ਪੂਰੇ ਬਿਹਾਰ ਤੋਂ ਲੈਣਾ ਚਾਹੀਦਾ ਹੈ, ਕੀ ਇਸ ਗਾਲ ਨਾਲ ਸਿਰਫ਼ ਬਿਹਾਰ ਦਾ ਹੀ ਹਿਰਦਾ ਛਲਣੀ ਹੋਇਆ ਹੈ ? ਤਾਂ ਕੀ ਗੁਜਰਾਤ ਸਮੇਤ ਪੂਰੇ ਦੇਸ਼ ਨੂੰ ਇਹ ਬਦਲਾ ਕਿਉਂ ਨਹੀਂ ਲੈਣਾ ਚਾਹੀਦਾ ? ਇਹ ਸੋਚ ਕੇ ਅਜੀਬ ਨਹੀਂ ਲਗਦਾ ਕਿ ਆਪਣੀ ਮਾਂ ਦੇ ਸਨਮਾਨ ਦੀ ਰੱਖਿਆ ਲਈ ਪ੍ਰਧਾਨ ਮੰਤਰੀ ਨੇ ਸਿਰਫ਼ ਉਸੇ ਸੂਬੇ ਨੂੰ ਕਿਉਂ ਚੁਣਿਆ ਜਿੱਥੇ ਵੋਟਾਂ ਪੈਣ ਵਾਲੀਆਂ ਹਨ। ਮਾਂ ਨੂੰ ਕੱਢੀ ਗਾਲ ਦਾ ਚੋਣਾਂ ਨਾਲ ਕੀ ਸੰਬੰਧ ਹੈ ? ਦੂਜਾ ਸਵਾਲ ਇਹ ਹੈ ਕਿ ਮੋਦੀ ਜੀ ਤੇ ਉਨ੍ਹਾਂ ਦੇ ਐਨ.ਡੀ.ਏ. ਭਾਈਵਾਲਾਂ ਨੇ ਸਿਰਫ਼ 5 ਘੰਟਿਆਂ ਦਾ ਸੰਕੇਤਕ ਬੰਦ ਹੀ ਕਿਉਂ ਕਰਵਾਇਆ ? ਗੁਜਰਾਤ ਵਿੱਚ ਤਾਂ 5 ਘੰਟਿਆਂ ਦਾ ਸੰਕੇਤਕ ਬੰਦ ਵੀ ਨਹੀਂ ਹੋਇਆ, ਉਸ ਗੁਜਰਾਤ ’ਚ ਜਿੱਥੋਂ ਦੇ ਮੋਦੀ ਜੀ ਖ਼ੁਦ ਹਨ ਅਤੇ ਉਨ੍ਹਾਂ ਦੇ ਮਾਤਾ ਜੀ ਵੀ ਉੱਥੋਂ ਦੀ ਹੀ ਸੀ। ਅਜਿਹਾ ਕਿਉਂ ਹੈ ਕਿ ਮੋਦੀ ਜੀ ਸਿਰਫ਼ ਬਿਹਾਰ ਦੇ ਲੋਕਾਂ ਨੂੰ ਹੀ ਆਪਣਾ ਗੁੱਸਾ ਦਿਖਾਉਣ ਦੀ ਅਪੀਲ ਕਰਦੇ ਹੋਏ ਦਿਖਾਈ ਦਿੱਤੇ ? ਕੀ ਪੂਰਾ ਦੇਸ਼ ਉਨ੍ਹਾਂ ਦੀ ਮਾਂ ਦੀ ਇੱਜ਼ਤ ਨਹੀਂ ਕਰਦਾ, ਕੀ ਪੂਰੇ ਦੇਸ਼ ਨੂੰ ਪ੍ਰਧਾਨ ਮੰਤਰੀ ਦੀ ਮਾਂ ਦੇ ਘੋਰ ਅਪਮਾਨ ਖ਼ਿਲਾਫ਼ ਨਾਰਾਜ਼ਗੀ ਪ੍ਰਗਟ ਨਹੀਂ ਕਰਨੀ ਚਾਹੀਦੀ ਸੀ ? ਕੀ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਪ੍ਰਧਾਨ ਮੰਤਰੀ ਇਸ ਗਾਲ ਕਾਂਡ ਨੂੰ ਕਿਸੇ ਨਾ ਕਿਸੇ ਤਰ੍ਹਾਂ ਵੋਟਾਂ ਵਿੱਚ ਬਦਲਣਾ ਚਾਹੁੰਦੇ ਹਨ ? ਵੈਸੇ ਵੀ ਉਨ੍ਹਾਂ ਲਈ ਬਿਹਾਰ ਚੋਣਾਂ ਜਿੱਤਣੀਆਂ ਜ਼ਰੂਰੀ ਹਨ, ਕਿਉਂਕਿ ਜੇ ਉਹ ਬਿਹਾਰ ਹਾਰ ਗਏ ਤਾਂ ਪਹਿਲਾਂ ਤੋਂ ਕਮਜ਼ੋਰ ਹੁੰਦੀ ਜਾ ਰਹੀ ਉਨ੍ਹਾਂ ਦੀ ਸੱਤਾ ਦਾ ਢਾਂਚਾ ਬੁਰੀ ਤਰ੍ਹਾਂ ਖਿੰਡਰ ਜਾਵੇਗਾ।

ਜਿਸ ਸਮੇਂ ਮੈਂ ਇਨ੍ਹਾਂ ਪ੍ਰਸ਼ਨਾਂ ਬਾਰੇ ਸੋਚ ਰਿਹਾ ਸੀ ਤਾਂ ਉਸੇ ਸਮੇਂ ਮੇਰੇ ਸਾਹਮਣੇ ਅਚਾਨਕ ਸੋਸ਼ਲ ਮੀਡੀਆ ’ਤੇ ਮੌਜੂਦ ਸੋਨੀਆ ਗਾਂਧੀ ਦਾ ਇੱਕ ਬਿਆਨ ਆ ਗਿਆ, ਜਿਸ ’ਚ ਸੋਨੀਆ ਜੀ ਨੂੰ ਇਹ ਆਖਦਿਆਂ ਪੜ੍ਹਿਆ ਜਾ ਸਕਦਾ ਹੈ ਕਿ ‘ਮੈਂ ਵੀ ਇੱਕ ਮਾਂ ਹਾਂ’। ਮੋਦੀ ਜੀ ਤੁਸੀਂ ਮੈਨੂੰ ਕਾਂਗਰਸ ਦੀ ‘ਵਿਧਵਾ’ ਕਹਿ ਕੇ ਮੇਰਾ ਅਪਮਾਨ ਕੀਤਾ ਸੀ। ਜਦੋਂ ਮੈਨੂੰ ‘ਜਰਸੀ ਗਾਂ’ ਕਿਹਾ ਸੀ, ਕੀ ਉਹ ਇੱਕ ਮਾਂ ਦਾ ਅਪਮਾਨ ਨਹੀਂ ਸੀ ? ਭਾਜਪਾ ਆਈਟੀ ਸੈੱਲ ਵਾਲੇ ਲੋਕ ਮੇਰੇ ਬਾਰੇ ਅਪਮਾਨਜਨਕ ਮੁਹਿੰਮ ਚਲਾਉਂਦੇ ਹਨ, ਤੁਹਾਡੇ ਲੋਕ ਅੱਜ ਵੀ ਮੈਨੂੰ ‘ਵਿਦੇਸ਼ੀ’ ਕਹਿੰਦੇ ਹਨ। ਮੇਰੀ ਬਿਮਾਰੀ ਦਾ ਮਜ਼ਾਕ ਉਡਾਉਂਦਿਆਂ ਤੁਸੀਂ ਕਿਹਾ ਸੀ ਕਿ ਮੈਂ ਡਰ ਕੇ ਰਾਏਬਰੇਲੀ ਤੋਂ ਭੱਜ ਗਈ ਅਤੇ ਰਾਜਸਥਾਨ ਤੋਂ ਰਾਜ ਸਭਾ ਜਾ ਪੁੱਜੀ ਹਾਂ। ਜਦਕਿ ਹਕੀਕਤ ਇਹ ਹੈ ਕਿ ਮੈਂ ਬਿਮਾਰੀ ਦੀ ਵਜ੍ਹਾ ਕਰਕੇ ਚੋਣ ਪ੍ਰਚਾਰ ਨਹੀਂ ਕਰ ਸਕਦੀ ਸੀ, ਪਰ ਤੁਸੀਂ ਇਸ ਵਿੱਚ ਵੀ ਮੇਰਾ ਮਜ਼ਾਕ ਉਡਾਇਆ। ਮੈਂ ਆਪਣਾ ਦੇਸ਼ ਛੱਡ ਕੇ ਹਿੰਦੁਸਤਾਨ ਆਈ ਸੀ ਅਤੇ ਆਪਣੀ ਸੱਸ ਤੇ ਪਤੀ ਨੂੰ ਸ਼ਹੀਦ ਹੁੰਦਿਆਂ ਦੇਖਿਆ। ਮੈਂ ਵਾਪਸ ਜਾ ਸਕਦੀ ਸੀ, ਪਰ ਇਸ ਦੇਸ਼ ਦੀ ਮਿੱਟੀ ’ਚੋਂ ਅੱਜ ਵੀ ਮੈਨੂੰ ਆਪਣੀ ਪਤੀ ਦੀ ਖ਼ੁਸ਼ਬੂ ਆਉਂਦੀ ਹੈ ਅਤੇ ਮੈਂ ਇਸੇ ਧਰਤੀ ’ਤੇ ਆਪਣੇ ਆਖਰੀ ਸਾਹ ਲਵਾਂਗੀ। ਸੋਨੀਆ ਗਾਂਧੀ ਦਾ ਬਿਆਨ ਇੱਕ ਹੋਰ ਸਵਾਲ ਪੈਦਾ ਕਰਦਾ ਹੈ, ਕੀ ਉਸ ਨੇ ਕਦੇ ਆਪਣੇ ਖ਼ਿਲਾਫ਼ ਹੋਈ ਗਾਲੀਗਲੋਚ ਨੂੰ ਚੋਣ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ ? ਅਸੀਂ ਸਭ ਜਾਣਦੇ ਹਾਂ ਕਿ ਨਾ ਕਦੇ ਰਾਹੁਲ ਗਾਂਧੀ ਅਤੇ ਨਾ ਹੀ ਉਸ ਦੀ ਮਾਂ ਨੇ ਇਨ੍ਹਾਂ ਗੱਲਾਂ ਨੂੰ ਲੈ ਕੇ ਕਦੇ ਵੋਟਾਂ ਮੰਗੀਆਂ ਹਨ।

ਪਰ ਮੋਦੀ ਜੀ ਮੰਗਦੇ ਹਨ। ਉਨ੍ਹਾਂ ਨੇ ਪਹਿਲਾਂ ਕਰਨਾਟਕ ਚੋਣਾਂ ਵਿੱਚ ਉਨ੍ਹਾਂ ਨੂੰ ਪਈਆਂ ਗਾਲਾਂ ਦੇ ਨਾਂਅ ’ਤੇ ਵੋਟਾਂ ਮੰਗੀਆਂ, ਪਰ ਸੂਬੇ ਦੇ ਲੋਕਾਂ ਨੇ ਇਸ ਨੂੰ ਠੁਕਰਾ ਦਿੱਤਾ। ਜਿਵੇਂ ਸੋਨੀਆ ਗਾਂਧੀ ਦਾ ਸਵਾਲ ਹੈ, ਉਸੇ ਤਰ੍ਹਾਂ ਪ੍ਰਧਾਨ ਮੰਤਰੀ ਨੂੰ ਕਾਂਗਰਸ ਦੇ ਬੁਲਾਰੇ ਸੁਰਿੰਦਰ ਰਾਜਪੂਤ ਦਾ ਵੀ ਇੱਕ ਸਵਾਲ ਹੈ। ਸੁਰਿੰਦਰ ਰਾਜਪੂਤ ਨੇ ਸੋਸ਼ਲ ਮੀਡੀਆ ’ਤੇ ਕਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਦੀ ਇਸ ਗੱਲ ਨਾਲ ਸਹਿਮਤ ਹਨ ਕਿ ਉਨ੍ਹਾਂ ਦੀ ਮਰਹੂਮ ਮਾਤਾ ਨੂੰ ਗਾਲ ਕੱਢਣਾ ਕਰੋੜਾਂ ਮਾਵਾਂ ਦਾ ਅਪਮਾਨ ਹੈ ਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਜਿਵੇਂ ਉਨ੍ਹਾਂ ਦੀ ਮਾਂ ਹੈ, ਉਸੇ ਤਰ੍ਹਾਂ ਮੇਰੀ ਵੀ ਮਾਂ ਹੈ ਜੋ ਮਰ ਚੁੱਕੀ ਹੈ। ਭਾਜਪਾ ਦੇ ਇੱਕ ਰਾਸ਼ਟਰੀ ਬੁਲਾਰੇ ਨੇ ਇੱਕ ਵੱਡੇ ਚੈਨਲ ’ਤੇ ਜਿਸ ਤਰ੍ਹਾਂ ਮੇਰੀ ਮਾਂ ਨੂੰ ਬੜੀ ਬੇਸ਼ਰਮੀ ਨਾਲ ਗੰਦੀਆਂ ਗਾਲਾਂ ਕੱਢੀਆਂ, ਕੀ ਤੁਸੀਂ ਉਸ ਦੇ ਖ਼ਿਲਾਫ਼ ਕੋਈ ਕਾਰਵਾਈ ਕੀਤੀ ਜਾਂ ਕੋਈ ਮੁਆਫੀ ਮੰਗੀ ? ਰਾਜਪੂਤ ਨੇ ਪ੍ਰਧਾਨ ਮੰਤਰੀ ਨੂੰ ਸੰਬੋਧਿਤ ਹੁੰਦਿਆਂ ਪੁੱਛਿਆ ਕਿ ਮੈਂ ਤਾਂ ਤੁਹਾਨੂੰ ਪੱਤਰ ਵੀ ਲਿਖਿਆ ਸੀ, ਤੁਸੀਂ ਕੀ ਕਾਰਵਾਈ ਕੀਤੀ ? ਕੀ ਤੁਸੀਂ ਕੋਈ ਐੱਫ.ਆਈ.ਆਰ. ਦਰਜ ਕਰਵਾਈ ? ਭਾਜਪਾ ਨੇ ਮੇਰੀ ਮਾਂ ਨੂੰ ਗਾਲਾਂ ਕੱਢਣ ਵਾਲੇ ਆਪਣੇ ਰਾਸ਼ਟਰੀ ਬੁਲਾਰੇ ਨੂੰ ਅਹੁਦੇ ਤੋਂ ਕਿਉਂ ਨਹੀਂ ਹਟਾਇਆ ? ਜੋ ਅੱਜ ਵੀ ਪਾਰਟੀ ਦਾ ਬੁਲਾਰਾ ਹੈ।





ਪ੍ਰਧਾਨ ਮੰਤਰੀ ਲਈ ਮੇਰੇ ਕੋਲ ਤੀਜਾ ਸਵਾਲ ਵੀ ਹੈ, ਇਹ ਸਵਾਲ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਵੀ ਪੁੱਛਿਆ ਜਾ ਸਕਦਾ ਹੈ। ਸਾਨੂੰ ਸਾਰਿਆਂ ਨੂੰ ਯਾਦ ਹੈ ਕਿ ਦਿੱਲੀ ਵਿੱਚ ਭਾਜਪਾ ਸਰਕਾਰ ਦੀ ਮੌਜੂਦਾ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਦੇ ਕੇਜਰੀਵਾਲ ਦੀ ਮਾਂ ਬਾਰੇ ਕਿਹੜੇ ਲਹਿਜੇ ਤੇ ਸੰਦਰਭ ਵਿੱਚ ਗੱਲ ਕੀਤੀ ਸੀ। ਉਸ ਨੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਬੜੇ ਤਿੱਖੇ ਸ਼ਬਦਾਂ ਵਿੱਚ ਕਿਹਾ ਸੀ-ਅਰਵਿੰਦ ਕੇਜਰੀਵਾਲ ਦਿੱਲੀ ਤੇਰੇ ਬਾਪ ਦੀ ਨਹੀਂ ਹੈ ਜੋ ਤੂੰ ਇੱਥੇ ਮੁੱਖ ਮੰਤਰੀ ਬਣ ਕੇ ਬਕਵਾਸ ਕਰ ਰਿਹਾ ਏ। ਦਿੱਲੀ ਦੀ ਜਨਤਾ ਤੈਨੂੰ ਤੇਰੀ ਮਾਂ ਦੀ ਕੁੱਖ ਵਿੱਚ ਵਾਪਸ ਭੇਜੇਗੀ, ਕਮੀਨਾ ਕਿਤੋਂ ਦਾ! ਰੇਖਾ ਗੁਪਤਾ ਤਾਂ ਆਪਣੇ ਬਿਆਨਾਂ ਨੂੰ ਵਾਪਸ ਵੀ ਨਹੀਂ ਲੈ ਸਕਦੀ, ਕਿਉਂਕਿ ਉਸ ਨੇ ਤਾਂ ਲਿਖਤੀ ਰੂਪ ’ਚ ਟਵੀਟ ਕਰਕੇ ਇਹ ਰਿਕਾਰਡ ਵਿਚ ਦਰਜ ਕਰਵਾ ਦਿੱਤੇ ਹਨ। ਦਰਅਸਲ ਰੇਖਾ ਗੁਪਤਾ ਨੂੰ ਆਪਣੇ ਬਿਆਨਾਂ ’ਤੇ ਅਫਸੋਸ ਕਰਨ ਦੀ ਬਜਾਏ ਮਾਣ ਹੈ, ਕਿਉਂਕਿ ਉਸ ਨੂੰ ਮੁੱਖ ਮੰਤਰੀ ਦਾ ਅਹੁਦਾ ਉਸ ਦੀ ਇਸ ਗਾਲੀ-ਗਲੋਚ ਵਾਲੀ ਪ੍ਰਤਿਭਾ ਕਾਰਨ ਹੀ ਮਿਲਿਆ ਹੈ। ਇਸ ਹਿੰਦੂ ਰਾਸ਼ਟਰਵਾਦੀ ਪਾਰਟੀ ਦਾ ਸਿਆਸੀ ਸਭਿਆਚਾਰ ਹੀ ਅਜਿਹਾ ਹੈ ਕਿ ਜੋ ਵਿਰੋਧੀਆਂ ਨੂੰ ਜਿੰਨੀਆਂ ਵਧੇਰੇ ਗਾਲਾਂ ਦਿੰਦਾ ਹੈ, ਉਸ ਦੀਆਂ ਭਾਜਪਾ ਵਿੱਚ ਅੱਗੇ ਵਧਣ ਦੀਆਂ ਸੰਭਾਵਨਾਵਾਂ ਉਨੀਆਂ ਹੀ ਵਧ ਜਾਂਦੀਆਂ ਹਨ। ਭਾਵੇਂ ਔਰਤਾਂ ਅਕਸਰ ਪੁਰਸ਼ਾਂ ਦੇ ਮੁਕਾਬਲੇ ਵਧੇਰੇ ਸੱਭਿਅਕ ਹੁੰਦੀਆਂ ਹਨ, ਪਰ ਭਾਜਪਾ ਵਿੱਚ ਰੇਖਾ ਗੁਪਤਾ ਜਿਹੀਆਂ ਮਹਿਲਾਵਾਂ ਨੂੰ ਦੂਜਿਆਂ ਦੀਆਂ ਮਾਵਾਂ ਦਾ ਅਪਮਾਨ ਕਰਨ ’ਤੇ ਤਰੱਕੀ ਮਿਲਦੀ ਹੈ। ਪ੍ਰਧਾਨ ਮੰਤਰੀ ਜੀ ਨੂੰ ਦੱਸਣਾ ਚਾਹੀਦਾ ਹੈ ਕਿ ਭਾਜਪਾ ਵਿੱਚ ਗਾਲਾਂ ਕੱਢਣ ਵਾਲਿਆਂ ਖਾਸ ਕਰਕੇ ‘ਮਾਂ ਦੀ ਗਾਲ ਕੱਢਣ’ ਵਾਲਿਆਂ ਨੂੰ ਤਰੱਕੀ ਕਿਉਂ ਮਿਲਦੀ ਹੈ!

ਭਾਜਪਾ ’ਚ ਉੱਚ ਅਹੁਦਿਆਂ ’ਤੇ ਬੈਠੇ ਲੋਕਾਂ ਦੀ ਇਹ ਖਾਸੀਅਤ ਹੈ ਕਿ ਉਹ ਆਪਣੀ ਗਾਲ ਕੱਢਣ ਦੀ ਸਮਰੱਥਾ ’ਤੇ ਜਨਤਕ ਰੂਪ ’ਚ ਮਾਣ ਮਹਿਸੂਸ ਕਰਦੇ ਹਨ। ਭਾਜਪਾ ਬਿਹਾਰ ਇਕਾਈ ਦੇ ਪ੍ਰਧਾਨ ਦਿਲੀਪ ਜਾਇਸਵਾਲ ਆਪਣੇ ਇੱਕ ਵੀਡੀਓ ਵਿੱਚ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਉਹ ਰਾਹੁਲ ਗਾਂਧੀ ਨੂੰ 50 ਗਾਲਾਂ ਕੱਢਣ ਲਈ ਤਿਆਰ ਹੈ। ਆਪਣੇ ਕੋਲ ਗਾਲਾਂ ਦੀ ਪੂਰੀ ਡਿਕਸ਼ਨਰੀ ਹੋਣ ਦਾ ਦਾਅਵਾ ਕਰਨ ਵਾਲੇ ਜਾਇਸਵਾਲ ਲੋਕਾਂ ਨੂੰ ਮਾਣ ਨਾਲ ਕਹਿੰਦੇ ਹਨ ਕਿ ਤੁਸੀਂ ਸੁਣਿਆ ਹੋਵੇਗਾ ਕਿ ਮੈਂ ਕਿਹੜੀ-ਕਿਹੜੀ ਗਾਲ ਦੇਣਾ ਜਾਣਦਾ ਹਾਂ। ਬਿਹਾਰ ਭਾਜਪਾ ਦੇ ਸਾਬਕਾ ਪ੍ਰਧਾਨ ਸਮਰਾਟ ਚੌਧਰੀ ਤਾਂ ਆਪਣੇ ਇੱਕ ਭਾਸ਼ਣ ਵਿੱਚ ਬੜੇ ਮਾਣ ਨਾਲ ਕਹਿੰਦੇ ਹਨ, ਕਿ ਉਨ੍ਹਾਂ ਇੱਕ ਨੇਤਾ ਨੂੰ ਇੰਨੀਆਂ ਗਾਲਾਂ ਕੱਢੀਆਂ ਕਿ ਪੂਰੇ ਸੂਬੇ ਵਿੱਚ ਸਿਰਫ਼ ਸਮਰਾਟ ਚੌਧਰੀ ਹੀ ਦਿਖਾਈ ਦੇਣ ਲੱਗ ਗਿਆ।

(ਬਾਕੀ ਸਫ਼ਾ 27 ’ਤੇ)

# ਕੀ ਅਮਰੀਕਾ, ਰੂਸ ਤੇ ਯੂਕ੍ਰੇਨ ਵਿਚਾਲੇ ਕਰਵਾ ਸਕੇਗਾ ਸ਼ਾਂਤੀ ਸਮਝੌਤਾ ?



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)।



ਚੌਵੀ ਫਰਵਰੀ 2022 ਨੂੰ ਰੂਸ ਵੱਲੋਂ ਯੂਕ੍ਰੇਨ 'ਤੇ ਹਮਲੇ ਤੋਂ ਬਾਅਦ ਉਹ ਜੰਗ ਹਾਲੇ ਤੱਕ ਜਾਰੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਦੂਜੀ ਵਾਰ ਅਹੁਦਾ ਸੰਭਾਲਣ ਤੋਂ ਬਾਅਦ ਤੋਂ ਹੀ ਉਨ੍ਹਾਂ ਵੱਲੋਂ ਇਹ ਜੰਗ ਸਮਾਪਤ ਕਰਵਾਉਣ ਲਈ ਕੋਸ਼ਿਸ਼ਾਂ ਜਾਰੀ ਹਨ। ਇਸੇ ਤਹਿਤ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵੱਲੋਂ ਟਰੰਪ ਦਾ ਸ਼ਾਂਤੀ ਵਾਰਤਾ ਸੱਦਾ ਸਵੀਕਾਰਨ ਤੋਂ ਬਾਅਦ ਅਲਾਸਕਾ (ਅਮਰੀਕਾ) ਦੇ ਜੁਆਇੰਟ ਬੇਸ ਐਲਮੈਂਡਰੋਫ ਰਿਚਰਡਸਨ ਵਿਖੇ ਦੋ ਸ਼ਕਤੀਸ਼ਾਲੀ ਦੇਸ਼ਾਂ ਦੇ ਆਗੂਆਂ ਦਰਮਿਆਨ ਇੱਕ ਸਿਖ਼ਰ ਸੰਮੇਲਨ ਪਿਛਲੇ ਦਿਨੀਂ ਹੋਇਆ।

ਇਸ ਸਾਲ 21 ਜਨਵਰੀ ਨੂੰ ਰਾਸ਼ਟਰਪਤੀ ਪਦ ਸੰਭਾਲਣ ਤੋਂ ਪਹਿਲਾਂ ਤੇ ਬਾਅਦ ਵਿੱਚ ਡੋਨਾਲਡ ਟਰੰਪ ਦਾਅਵਾ ਕਰਦੇ ਰਹੇ ਹਨ ਕਿ ਉਹ ਜਦੋਂ ਚਾਹੁਣ, ਰੂਸ ਅਤੇ ਯੂਕ੍ਰੇਨ ਦਰਮਿਆਨ ਜੰਗਬੰਦੀ 24 ਘੰਟੇ ਵਿੱਚ ਕਰਵਾ ਸਕਦੇ ਹਨ ਪਰ ਅਜਿਹਾ ਹੋ ਨਹੀਂ ਰਿਹਾ। ਰੂਸੀ ਰਾਸ਼ਟਰਪਤੀ ਪੂਤਿਨ ਪਿਛਲੇ ਲੰਬੇ ਸਮੇਂ ਤੋਂ ਵਿਸ਼ਵ ਭਾਈਚਾਰੇ ਦੇ ਸਰਮਾਏਦਾਰੀ ਖੇਮੇ ਅਤੇ ਉਸ ਦੇ ਪ੍ਰਭਾਵ ਹੇਠਲੇ ਦੇਸ਼ਾਂ ਵੱਲੋਂ ਰਾਜਨੀਤਕ, ਯੁੱਧਨੀਤਕ, ਡਿਪਲੋਮੈਟਿਕ, ਆਰਥਿਕ ਖੇਤਰਾਂ ਅਤੇ ਸੰਗਠਨਾਂ ਵਿੱਚ ਅੱਖੋਂ-ਪਰੋਖੇ ਕੀਤੇ ਜਾ ਰਹੇ ਸਨ ਪਰ ਡੋਨਾਲਡ ਟਰੰਪ ਜੋ ਆਪਣੇ ਪਹਿਲੇ ਕਾਰਜਕਾਲ (2017-2021) ਵੇਲੇ ਤੋਂ ਉਨ੍ਹਾਂ ਦੇ ਕਦਰਦਾਨ ਰਹੇ ਹਨ, ਰੂਸ ਦੀ ਜੀ-7 ਸੰਗਠਨ ਵਿੱਚ ਵਾਪਸੀ ਦੇ ਹਮਾਇਤੀ ਰਹੇ ਹਨ, ਨੇ ਆਲਮੀ ਭਾਈਚਾਰੇ ਵਿਚ ਰੂਸੀ ਮਹੱਤਤਾ ਨੂੰ ਮਾਨਤਾ ਦਿੰਦੇ ਹੋਏ ਅਲਾਸਕਾ ਸਿਖਰ ਸੰਮੇਲਨ ਵੇਲੇ ਰੈੱਡ ਕਾਰਪੈਟ 'ਤੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।

ਭਾਵੇਂ ਇਸ ਸਿਖਰ ਸੰਮੇਲਨ ਤੋਂ ਪਹਿਲਾਂ ਆਪਣੀ ਹਰ ਮਰਹਲੇ 'ਤੇ ਵਿਸ਼ਵ ਆਗੂਆਂ ਦੀ ਬਾਂਹ ਮਰੋੜਨ ਅਤੇ ਦਬਾਅ ਬਣਾਉਣ, ਅਮਰੀਕੀ ਥਾਣੇਦਾਰੀ ਦਾ ਰੋਹਬ ਵਿਖਾਉਣ ਦੀ ਫ਼ਿਤਰਤ ਤੋਂ ਮਜਬੂਰ ਟਰੰਪ ਨੇ ਰੂਸ-ਯੂਕ੍ਰੇਨ ਗੋਲ਼ੀਬੰਦੀ ਨਾ ਹੋਣ ਦੀ ਸੂਰਤ ਵਿੱਚ ਇਸ ਦੇ ਸੰਗੀਨ ਨਤੀਜੇ ਭੁਗਤਣ ਲਈ ਰੂਸ ਨੂੰ ਤਿਆਰ ਰਹਿਣ, ਉਸ ਵਿਰੁੱਧ ਟੈਰਿਫ ਹਥਿਆਰ ਵਰਤਣ, ਉਸ ਤੋਂ ਤੇਲ ਅਤੇ ਗੈਸ ਖ਼ਰੀਦਣ ਵਾਲੇ ਦੇਸ਼ਾਂ 'ਤੇ ਭਾਰੀ ਟੈਰਿਫ ਲਾਉਣ ਦੇ ਡਰਾਵੇ ਦਿੱਤੇ। ਪਰ ਇੱਕ ਮਹਾਸ਼ਕਤੀ ਅਤੇ ਉਸ ਦੇ ਆਗੂ ਵੱਲੋਂ ਦੂਸਰੀ ਵੱਡੀ ਸ਼ਕਤੀ ਅਤੇ ਉਸ ਦੇ ਸਥਾਪਤ ਨਾਮਵਰ ਆਗੂ ਨੂੰ ਕਿਵੇਂ ਬਰਾਬਰੀ ਭਰਿਆ ਸਨਮਾਨ ਦੇਣਾ ਹੈ, ਉਸ ਤੋਂ ਟਰੰਪ ਭਲੀਭਾਂਤ ਵਾਕਿਫ ਹਨ। ਉਨ੍ਹਾਂ ਨੇ ਇਸ ਇਤਿਹਾਸਕ ਮੌਕੇ 'ਤੇ ਪੂਤਿਨ ਦੀ ਨਿੱਘੀ ਆਉ-ਭਗਤ ਕੀਤੀ ਤੇ ਆਪਣੀ ਲਿਮੋ 'ਚ ਨਾਲ ਬਿਠਾ ਕੇ ਸੰਮੇਲਨ ਵਾਲੇ ਸਥਾਨ 'ਤੇ ਲੈ ਕੇ ਗਏ।

ਦੋਹਾਂ ਨੇਤਾਵਾਂ ਦਰਮਿਆਨ ਆਪਣੇ ਸਹਿਯੋਗੀਆਂ ਅਤੇ ਇਕੱਲੇ ਤਕਰੀਬਨ ਸਾਢੇ ਤਿੰਨ ਘੰਟੇ ਗੱਲਬਾਤ ਚੱਲੀ ਪਰ ਇਹ ਸ਼ਾਂਤੀ ਵਾਰਤਾ ਅੰਜਾਮ ਤੱਕ ਨਾ ਪਹੁੰਚ ਸਕੀ ਭਾਵੇਂ ਕਿ ਪੂਰੇ ਵਿਸ਼ਵ ਨੇ ਨਜ਼ਰਾਂ ਇਸ 'ਤੇ ਗੱਡੀਆਂ ਹੋਈਆਂ ਸਨ। ਗੱਲਬਾਤ ਦੌਰਾਨ ਦੋਹਾਂ ਆਗੂਆਂ ਵਿੱਚ ਆਪਸੀ ਸਮਝਦਾਰੀ, ਸਨਮਾਨ, ਮਿਆਰ ਤੇ ਸਹਿਯੋਗ ਭਰਿਆ ਨਿੱਘ ਕਾਇਮ ਰਿਹਾ। ਪੂਤਿਨ ਵ੍ਹਾਈਟ ਹਾਊਸ ਵਿਖੇ ਜਾਰਡਨ ਦੇ ਸ਼ਾਹ, ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ, ਅਫ਼ਰੀਕੀ ਰਾਸ਼ਟਰਪਤੀ ਰਾਮਫੋਸਾ, ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਦਿ ਵਰਗੇ ਆਗੂ ਨਹੀਂ ਸਨ ਕਿ ਗੱਲਬਾਤ ਸਿਰੇ ਨਾ ਚੜ੍ਹਨ ਜਾਂ ਟਕਰਾਅ ਪੈਦਾ ਹੋਣ 'ਤੇ ਟਰੰਪ ਅਵਾ-ਤਵਾ ਬੋਲਣ 'ਤੇ ਉਤਰ ਜਾਂਦਾ। ਰੂਸ-ਯੂਕ੍ਰੇਨ ਸ਼ਾਂਤੀ ਵਾਰਤਾ ਅਸਫਲ ਹੋਣ ਦੇ ਬਾਵਜੂਦ ਦੋਹਾਂ ਆਗੂਆਂ ਵਿੱਚ ਆਪਸੀ ਵਿਸ਼ਵਾਸ ਕਾਇਮ ਰਿਹਾ।

ਪੂਤਿਨ ਨੇ ਵਾਪਸੀ ਕਰਦੇ ਸਮੇਂ ਜਹਾਜ਼ 'ਤੇ ਚੜ੍ਹਨ ਤੋਂ ਪਹਿਲਾਂ ਪੱਤਰਕਾਰਾਂ ਨੂੰ ਅੰਗਰੇਜ਼ੀ ਵਿੱਚ ਕਿਹਾ 'ਅਗਲੀ ਵਾਰ ਮਾਸਕੋ ਵਿੱਚ।' ਜਦੋਂ ਟਰੰਪ ਨੂੰ ਇਸ ਸਕਾਰਾਤਮਕ ਸੰਕੇਤ ਦਾ ਪਤਾ ਲੱਗਾ ਤਾਂ ਉਸ ਦਾ ਪ੍ਰਤੀਕਰਮ ਸੀ, "ਇਹ ਬਹੁਤ ਦਿਲਚਸਪ ਹੈ। ਮੈਨੂੰ ਇਸ ਬਾਰੇ ਪਤਾ ਨਹੀਂ। ਮੈਨੂੰ ਆਸ ਸੀ ਕਿ ਇੰਝ ਹੋਵੇਗਾ। ਧੰਨਵਾਦ ਵਲਾਦੀਮੀਰ।" ਇਸ ਸਿਖਰ ਸੰਮੇਲਨ ਦੀ ਰੌਚਕਤਾ ਅਤੇ ਵਡੱਪਣ ਇਹ ਰਿਹਾ ਕਿ ਗੱਲਬਾਤ ਬੇਨਤੀਜਾ ਰਹਿਣ ਦੇ ਬਾਵਜੂਦ ਦੋਹਾਂ ਆਗੂਆਂ ਦਾ ਵਤੀਰਾ, ਭਾਸ਼ਾ ਅਤੇ ਸੋਚ ਰਚਨਾਤਮਕ ਰਹੇ। ਟਰੰਪ ਨੇ ਇਸ ਗੱਲਬਾਤ ਨੂੰ 'ਬਹੁਤ ਲਾਭਕਾਰੀ' ਦਰਸਾਇਆ।

ਟਰੰਪ ਨੂੰ ਇਸ ਮੌਕੇ ਅਸਹਿਜ ਅਤੇ ਅਸੁਭਾਵਿਕ ਅਵਸਥਾ ਵਿੱਚ ਵੇਖਿਆ ਗਿਆ। ਉਸ ਨੇ ਮੰਨਿਆ ਕਿ ਸ਼ਾਂਤੀ ਸਬੰਧੀ ਕੋਈ ਸਮਝੌਤਾ ਸਿਰੇ ਨਹੀਂ ਚੜ੍ਹਿਆ। ਉਸ ਨੇ ਅੰਦਰੂਨੀ ਘੁੰਡੀਆਂ ਖੋਲ੍ਹਣ ਤੋਂ ਬਗੈਰ ਕਿਹਾ ਕਿ ਦੋਹਾਂ ਧਿਰਾਂ ਵਿੱਚ ਕਾਫ਼ੀ ਨੁਕਤਿਆਂ 'ਤੇ ਸਹਿਮਤੀ ਬਣੀ ਹੈ ਪਰ ਪ੍ਰਮੁੱਖ ਮਹੱਤਵਪੂਰਨ ਮੁੱਦੇ ਗੱਲਬਾਤ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕੇ। ਉਕਤ ਬੈਠਕ ਤੋਂ ਬਾਅਦ ਟਰੰਪ ਨੇ ਯੂਰਪੀ ਨੇਤਾਵਾਂ ਅਤੇ ਯੂਕ੍ਰੇਨੀ ਆਗੂ ਜ਼ੇਲੈਂਸਕੀ ਨਾਲ ਮੁਲਾਕਾਤ ਕੀਤੀ। ਜ਼ੇਲੈਂਸਕੀ ਉਨ੍ਹਾਂ ਨੂੰ ਵ੍ਹਾਈਟ ਹਾਊਸ 'ਚ ਮਿਲਣ ਆਏ।

ਦੂਸਰੇ ਪਾਸੇ ਪੂਤਿਨ ਨੇ ਟਰੰਪ ਵੱਲੋਂ ਗੱਲਬਾਤ ਦੀ ਪਹਿਲ ਕਰਨ 'ਤੇ ਉਸ ਦੀ ਸ਼ਲਾਘਾ ਕੀਤੀ। ਦੋਹਾਂ ਦੇਸ਼ਾਂ ਦੇ ਆਪਸੀ ਸਬੰਧ ਜੋ 'ਠੰਡੀ ਜੰਗ' ਤੋਂ ਬਾਅਦ ਬਹੁਤ ਨੀਵੇਂ ਪੱਧਰ 'ਤੇ ਡਿੱਗ ਪਏ ਸਨ, ਮੁੜ ਤੋਂ ਸਨਮਾਨਜਨਕ ਢੰਗ ਨਾਲ ਦੁਰਸਤ ਕਰਨ ਅਤੇ ਉੱਪਰ ਉਠਾਉਣ ਵਿੱਚ ਇਸ ਸੰਮੇਲਨ ਨੇ ਇਤਿਹਾਸਕ ਭੂਮਿਕਾ ਨਿਭਾਈ ਹੈ। ਦ੍ਰਿੜ੍ਹਤਾ, ਦਲੇਰੀ ਅਤੇ ਬਗੈਰ ਕਿਸੇ ਝਿਜਕ ਦੇ ਪੂਤਿਨ ਨੇ ਪੁਰਾਣੇ ਦੋਸ਼ ਦੁਹਰਾਏ। ਉਸ ਨੇ ਇਸ ਜੰਗ ਲਈ ਅਮਰੀਕਾ ਦੇ ਜੋਅ ਬਾਇਡੇਨ ਪ੍ਰਸ਼ਾਸਨ, ਨਾਟੋ ਤੇ ਪੱਛਮੀ ਦੇਸ਼ਾਂ ਨੂੰ ਜ਼ਿੰਮੇਵਾਰ ਠਹਿਰਾਇਆ। ਟਰੰਪ ਨੂੰ ਆਸ ਸੀ ਕਿ ਦੁਵੱਲੀ ਗੱਲਬਾਤ ਸਿਰੇ ਚੜ੍ਹ ਜਾਵੇਗੀ। ਇਸ ਲਈ ਵੱਡੀ ਤਾਮ-ਝਾਮ ਵਾਲੀ ਪ੍ਰੈੱਸ ਕਾਨਫਰੰਸ ਦਾ ਪ੍ਰਬੰਧ ਕੀਤਾ ਹੋਇਆ ਸੀ ਪਰ ਗੱਲਬਾਤ ਬੇਸਿੱਟਾ ਹੋਣ ਕਰਕੇ ਦੋਵੇਂ ਆਗੂ ਸਿਰਫ਼ 12 ਮਿੰਟ ਬੋਲੇ। ਉਨ੍ਹਾਂ ਕੋਈ ਪ੍ਰਸ਼ਨ ਨਹੀਂ ਲਏ ਤੇ ਆਪੋ-ਆਪਣੇ ਸੰਖੇਪ ਬਿਆਨ ਪੜ੍ਹ ਕੇ ਚੱਲਦੇ ਬਣੇ। ਟਰੰਪ ਜੋ ਗੋਲ਼ੀਬੰਦੀ ਲਈ ਤਿਆਰੀ ਕਰ ਕੇ ਆਇਆ ਸੀ, ਨੇ ਉੱਥੇ ਪਹੁੰਚਦੇ ਹੀ ਇਸ ਨੂੰ ਸ਼ਾਂਤੀ ਵਾਰਤਾ ਵਿੱਚ ਬਦਲ ਦਿੱਤਾ ਜਦਕਿ ਇਸ ਮਕਸਦ ਲਈ ਤਿਆਰੀ ਨਹੀਂ ਸੀ ਕੀਤੀ ਗਈ। ਪੂਤਿਨ ਨੇ ਯੂਕ੍ਰੇਨ ਦੇ ਜਿੱਤੇ ਚਾਰ ਖੇਤਰ ਲੁਹਾਂਸਕ, ਡੋਨਸਕ, ਜੈਪਾਰਿਜ਼ਜ਼ੀਆ ਅਤੇ ਖੇਰਸਨ ਛੱਡਣ ਤੋਂ ਨਾਂਹ ਕਰ ਦਿੱਤੀ। ਉਸ ਨੇ ਸ਼ਾਂਤੀ ਵਾਰਤਾ ਵਿੱਚ ਅੜਿੱਕਾ ਨਾਟੋ, ਪੱਛਮੀ ਦੇਸ਼ਾਂ ਅਤੇ ਯੂਕ੍ਰੇਨ ਨੂੰ ਗਰਦਾਨਿਆ।

ਪੂਤਿਨ ਨੇ ਕਿਹਾ ਕਿ ਉਹ ਕਿਸੇ ਵੀ ਸੂਰਤ ਵਿੱਚ ਨਾਟੋ ਸੰਗਠਨ ਅਤੇ ਪੱਛਮੀ ਦੇਸ਼ਾਂ ਨੂੰ ਯੂਕ੍ਰੇਨ ਦੀ ਆੜ ਵਿੱਚ ਸਿਰ 'ਤੇ ਨਹੀਂ ਬੈਠਣ ਦੇਵੇਗਾ। ਡੋਨਾਲਡ ਟਰੰਪ ਇਸ ਖਿੱਤੇ ਵਿੱਚ ਰੂਸ ਦੇ ਹਿੱਤਾਂ ਨੂੰ ਪੂਰੀ ਤਰ੍ਹਾਂ ਸਮਝਦਾ ਹੈ। ਮਾਈਕਲ ਬੁੱਕੀਉਰਕੀਵ ਜੋ ਆਲਮੀ ਮਾਮਲਿਆਂ ਦੇ ਵਿਸ਼ਲੇਸ਼ਕ ਹਨ, ਨੇ ਖ਼ੂਬਸੂਰਤ ਅੰਦਾਜ਼ ਵਿੱਚ ਕਿਹਾ ਕਿ ਇਸ ਸੰਮੇਲਨ ਦੀ ਸ਼ੁਰੂ ਤੋਂ ਲੈ ਕੇ ਆਖ਼ਰ ਤੱਕ ਸਾਰੀ ਪਟਕਥਾ ਕ੍ਰੈਮਲਿਨ ਦੁਆਰਾ ਲਿਖੀ ਗਈ, ਸਮੇਤ ਪ੍ਰੈੱਸ ਕਾਨਫਰੰਸ ਦੇ। ਇੱਕ ਪਾਸੇ ਗੱਲਬਾਤ ਹੁੰਦੀ ਰਹੀ, ਦੂਸਰੇ ਪਾਸੇ ਸਾਰਾ ਦਿਨ ਯੂਕ੍ਰੇਨ ਵਿੱਚ ਜੰਗ ਜਾਰੀ ਰਹੀ। ਟਰੰਪ ਯੂਕ੍ਰੇਨ ਦਾ ਕੋਰੀਆਕਰਨ ਕਰਨਾ ਚਾਹੁੰਦਾ ਹੈ। ਕੋਰੀਆਈ ਜੰਗ ਸੰਨ 1953 ਵਿੱਚ ਬਗੈਰ ਕਿਸੇ ਸਮਝੌਤੇ ਦੇ ਖ਼ਤਮ ਹੋ ਗਈ ਸੀ। ਇਹ ਮਸਲਾ ਬਰਫ ਵਾਂਗ ਜੰਮਿਆ ਪਿਆ ਹੈ। ਟਰੰਪ ਯੂਕ੍ਰੇਨ ਨੂੰ ਵੀ ਜੰਮੀ ਬਰਫ ਮੁੱਦੇ ਵਾਂਗ ਬਗੈਰ ਸਮਝੌਤੇ ਦੇ ਸ਼ਾਂਤੀ ਚਾਹੁੰਦਾ ਹੈ। ਅਮਰੀਕਾ ਯੂਰਪ ਵਿੱਚੋਂ ਨਿਕਲਣਾ ਚਾਹੁੰਦਾ ਹੈ, ਭਾਵੇਂ ਪਰਮਾਣੂ ਛਤਰੀ ਕਾਇਮ ਰੱਖੇ। ਰੂਸੀ ਇਤਿਹਾਸਕਾਰ ਸਟੀਫਨ ਕੋਟਕਿਨ ਨੇ ਸੰਨ 2016 ਵਿੱਚ ਲਿਖਿਆ ਸੀ ਕਿ ਉਹ ਦਿਨ ਦੂਰ ਨਹੀਂ ਜਦੋਂ ਯੂਰਪ ਰੂਸ ਨਾਲ ਸਬੰਧ ਸੁਧਾਰ ਲਵੇ ਅਤੇ ਪੂਰੇ ਯੂਰੇਸ਼ੀਆ ਵਿੱਚ ਦਬਦਬਾ ਕਾਇਮ ਕਰ ਲਵੇ।

ਇਸ ਸਮੇਂ ਯੂਰਪੀ ਦੇਸ਼ ਚਾਹੁੰਦੇ ਹਨ ਕਿ ਟਰੰਪ ਯੂਰਪ ਬਾਰੇ ਉਸ ਦੀ ਸਹਿਮਤੀ ਅਤੇ ਯੂਕ੍ਰੇਨ ਬਾਰੇ ਉਸ ਦੀ ਸਹਿਮਤੀ ਅਤੇ ਗੱਲਬਾਤ ਵਿੱਚ ਸ਼ਮੂਲੀਅਤ ਬਗੈਰ ਕੋਈ ਫ਼ੈਸਲਾ ਨਾ ਕਰੇ। ਇਟਲੀ ਦੀ ਪ੍ਰਧਾਨ ਮੰਤਰੀ ਮੈਲੋਨੀ ਚਾਹੁੰਦੀ ਹੈ ਕਿ ਨਾਟੋ ਸੰਗਠਨ ਦੀ ਧਾਰਾ 5 ਅਨੁਸਾਰ ਸਾਰੇ ਨਾਟੋ ਦੇਸ਼ ਯੂਕਰੇਨ ਦੀ ਰਾਖੀ ਕਰਨ।



# ਵੱਡੇ ਸੁਧਾਰਾਂ ਦੀ ਮੰਗ ਕਰਦੀ ਹੈ ਉਚੇਰੀ ਸਿੱਖਿਆ

ਪ੍ਰਿੰ: ਵਿਜੈ ਕੁਮਾਰ

ਉੱਚ ਸਿੱਖਿਆ ਨੂੰ ਲਚਕੀਲੀ ਬਣਾਉਣ ਲਈ ਬਣਾਈ ਯੋਜਨਾ ਕਿੰਨੀ ਕੁ ਲਾਹੇਵੰਦ ਹੋਵੇਗੀ ? ਇਹ ਅਹਿਮ ਸਵਾਲ ਹੈ; ਸਿੱਖਿਆ ਦੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਇਹ ਸਵਾਲ ਹੋਰ ਵੀ ਅਹਿਮ ਹੈ। ਕੇਂਦਰੀ ਸਰਕਾਰ ਦੀ ਬਣਾਈ ਨਵੀਂ ਕੌਮੀ ਸਿੱਖਿਆ ਨੀਤੀ (ਐੱਨਈਪੀ) ਨੂੰ ਲਾਗੂ ਹੋਇਆਂ ਪੰਜ ਸਾਲ ਹੋ ਗਏ ਹਨ। ਕੇਂਦਰੀ ਸਿੱਖਿਆ ਮੰਤਰਾਲੇ ਨੂੰ ਉੱਚ ਸਿੱਖਿਆ ਨੂੰ ਲਚਕੀਲੀ ਬਣਾਉਣ ਲਈ ਬਣਾਈ ਯੋਜਨਾ ਲਾਗੂ ਕਰਨ ਦਾ ਚੇਤਾ ਪੰਜ ਸਾਲ ਬਾਅਦ ਆਇਆ ਹੈ।

ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਦੀ ਉੱਚ ਸਿੱਖਿਆ ਸੰਸਥਾਵਾਂ ਨੂੰ ਜਾਰੀ ਕੀਤੀ ਸੂਚਨਾ ਅਨੁਸਾਰ, ਵਿਦਿਆਰਥੀ ਉੱਚ ਸਿੱਖਿਆ ਸੰਸਥਾਵਾਂ ਅੰਦਰ ਆਪਣੀ ਪੜ੍ਹਾਈ ਕਿਸੇ ਵੇਲੇ ਵੀ ਛੱਡ ਕੇ ਮੁੜ ਜੀਵਨ ਦੇ ਕਿਸੇ ਵੀ ਸਮੇਂ ਦੁਬਾਰਾ ਪੜ੍ਹਾਈ ਸ਼ੁਰੂ ਕਰ ਸਕਣਗੇ ਪਰ ਇਸ ਲਈ ਘੱਟੋ-ਘੱਟ ਇੱਕ ਸਾਲ ਦੇ ਸਮੇਂ ਦੀ ਪੜ੍ਹਾਈ ਪੂਰੀ ਕੀਤੇ ਜਾਣ ਦੀ ਸ਼ਰਤ ਰੱਖੀ ਗਈ ਹੈ। ਕਿਸੇ ਵੀ ਡਿਗਰੀ ਕੋਰਸ ਵਿੱਚ ਇੱਕ ਸਾਲ ਦੀ ਪੜ੍ਹਾਈ ਪੂਰੀ ਕੀਤੇ ਜਾਣ 'ਤੇ ਉਸ ਵਿਦਿਆਰਥੀ ਨੂੰ ਸਰਟੀਫਿਕੇਟ ਮਿਲੇਗਾ, ਦੋ ਸਾਲ ਦੀ ਪੜ੍ਹਾਈ ਕਰਨ 'ਤੇ ਡਿਪਲੋਮੇ ਦਾ ਸਰਟੀਫਿਕੇਟ ਮਿਲੇਗਾ, ਤਿੰਨ ਸਾਲ ਦੀ ਪੜ੍ਹਾਈ ਪੂਰੀ ਕਰਨ 'ਤੇ ਡਿਗਰੀ ਦਿੱਤੀ ਜਾਵੇਗੀ ਅਤੇ ਚਾਰ ਸਾਲ ਦੀ ਪੜ੍ਹਾਈ ਕਰਨ 'ਤੇ ਆਨਰਜ਼ ਦੀ ਡਿਗਰੀ ਦਿੱਤੀ ਜਾਵੇਗੀ। ਉਨ੍ਹਾਂ ਦੀ ਪਿਛਲੀ ਪੜ੍ਹਾਈ ਦੇ ਕ੍ਰੈਡਿਟ ਅੰਕ ਉਨ੍ਹਾਂ ਦੇ ਅਕਾਦਮਿਕ ਬੈਂਕ ਆਫ ਕ੍ਰੈਡਿਟ (ਏਬੀਸੀ) ਵਿੱਚ ਸੰਭਾਲੇ ਜਾਣਗੇ।

ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਨੇ ਨਵੀਂ ਸਿੱਖਿਆ ਨੀਤੀ (ਐੱਨਈਪੀ) ਵਿੱਚ ਸਿੱਖਿਆ ਨੂੰ ਲਚਕੀਲੀ ਬਣਾਉਣ ਲਈ ਕੀਤੀ ਇਸ ਸਿਫਾਰਿਸ਼ ਦੇ ਅਮਲ ਲਈ ਤਿਆਰ ਕੀਤੀਆਂ ਹਦਾਇਤਾਂ ਦਾ ਖਰੜਾ ਜਾਰੀ ਕੀਤਾ ਗਿਆ ਹੈ। ਇਸ ਯੋਜਨਾ ਨੂੰ ਲਾਗੂ ਕਰਨ ਬਾਰੇ ਮੁਲਕ ਦੀਆਂ ਉੱਚ ਸਿੱਖਿਆ ਸੰਸਥਾਵਾਂ ਤੋਂ ਸੁਝਾਅ ਮੰਗਣ ਦੇ ਨਾਲ-ਨਾਲ ਉਨ੍ਹਾਂ ਨੂੰ ਡਿਗਰੀ ਅਤੇ ਮਾਸਟਰਜ਼ ਡਿਗਰੀ ਕੋਰਸਾਂ ਲਈ ਫਰੇਮ ਵਰਕ ਤਿਆਰ ਕਰਨ ਲਈ ਵੀ ਕਿਹਾ ਗਿਆ ਹੈ ਤਾਂ ਕਿ ਕਿਸੇ ਵੀ ਵਿਦਿਆਰਥੀ ਨੂੰ ਇੱਕ ਸੰਸਥਾ ਤੋਂ ਨਿੱਕਲ ਕੇ ਦੂਜੀ ਸੰਸਥਾ ਵਿੱਚ ਦਾਖਲਾ ਲੈਣ ਵਿੱਚ ਔਕੜ ਨਾ ਆਵੇ। ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਨੇ ਸਾਰਥਕ ਕ੍ਰੈਡਿਟ ਫਰੇਮਵਰਕ ਅਤੇ ਲਰਨਿੰਗ ਆਊਟਕਮ ਦੇ ਆਧਾਰ ਉੱਤੇ ਉੱਚ ਸਿੱਖਿਆ ਸੰਸਥਾਵਾਂ ਦਾ ਕਲੱਸਟਰ ਤਿਆਰ ਕਰਨ ਦਾ ਸੁਝਾਅ ਦਿੱਤਾ ਗਿਆ ਹੈ ਤਾਂ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਛੱਡਣ ਤੋਂ ਬਾਅਦ ਆਸਾਨੀ ਨਾਲ ਦਾਖਲਾ ਮਿਲ ਸਕੇ। ਇਹ ਸਿਫਾਰਿਸ਼ ਆਨਲਾਈਨ ਡਿਗਰੀ ਕੋਰਸਾਂ ਉੱਤੇ ਲਾਗੂ ਨਹੀਂ ਹੋਵੇਗੀ।

ਉੱਚ ਸਿੱਖਿਆ ਨੂੰ ਬੇਰੁਜ਼ਗਾਰੀ ਦੇ ਇਸ ਯੁੱਗ ਵਿੱਚ ਲਚਕੀਲੀ ਬਣਾਉਣਾ ਆਪਣੇ ਆਪ ਵਿੱਚ ਕਈ ਸਵਾਲ ਖੜ੍ਹੇ ਕਰਦਾ ਹੈ। ਜੇਕਰ ਉੱਚ ਸਿੱਖਿਆ ਦੇ ਖੇਤਰ ਵਿੱਚ ਇਹ ਯੋਜਨਾ ਲਾਗੂ ਹੁੰਦੀ ਹੈ ਤਾਂ ਅੱਧ ਵਿਚਾਲੇ ਪੜ੍ਹਾਈ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੀ ਹੋਵੇਗਾ। ਵਿਦਿਆਰਥੀਆਂ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹ ਮਿਲੇਗੀ। ਉਹ ਕਿਸੇ ਨਾ ਕਿਸੇ ਗੱਲ ਨੂੰ ਬਹਾਨਾ ਬਣਾ ਕੇ ਪੜ੍ਹਾਈ ਛੱਡਣ ਲੱਗ ਪੈਣਗੇ। ਇਉਂ ਵਿਦਿਆਰਥੀਆਂ ਕੋਲ ਡਿਗਰੀਆਂ ਤਾਂ ਹੋਣਗੀਆਂ ਪਰ ਉਨ੍ਹਾਂ ਕੋਲ ਨੌਕਰੀਆਂ ਲਈ ਲੋੜੀਂਦੇ ਗਿਆਨ ਦੀ ਘਾਟ ਹੋਵੇਗੀ। ਇਸ ਯੋਜਨਾ ਨਾਲ ਉੱਚ ਸਿੱਖਿਆ ਸੰਸਥਾਵਾਂ ਦਾ ਅਕਾਦਮਿਕ ਮਾਹੌਲ ਵੀ ਪ੍ਰਭਾਵਿਤ ਹੋਵੇਗਾ। ਪੜ੍ਹਾਈ ਦੇ ਮਿਆਰ ਨੂੰ ਫ਼ਰਕ ਪਵੇਗਾ। ਵਿਦਿਆਰਥੀਆਂ ਦੀ ਪੜ੍ਹਾਈ ਵਿਚ ਦਿਲਚਸਪੀ ਘਟੇਗੀ। ਉੱਚ ਸਿੱਖਿਆ ਸੰਸਥਾਵਾਂ ਵਿੱਚ ਅਨੁਸ਼ਾਸਨਹੀਣਤਾ ਵਧਣ ਦੇ ਖ਼ਦਸ਼ੇ ਵੀ ਪੈਦਾ ਹੋਣਗੇ। ਵਿਚਕਾਰ ਪੜ੍ਹਾਈ ਛੱਡ ਕੇ ਵਿਦੇਸ਼ ਜਾਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਹੋਵੇਗਾ। ਮੁੜ ਪੜ੍ਹਾਈ ਸ਼ੁਰੂ ਕਰਨ ਦੀ ਸੂਰਤ ਵਿੱਚ ਗਿਆਨ ਦੀ ਘਾਟ ਜਾਂ ਲਗਾਤਾਰਤਾ ਨਾ ਹੋਣ ਕਾਰਨ ਉਨ੍ਹਾਂ ਦੇ ਪਾਸ ਹੋਣ ਉੱਤੇ ਪ੍ਰਸ਼ਨ ਚਿੰਨ੍ਹ ਲੱਗ ਜਾਵੇਗਾ। ਵਿਚਾਲੇ ਛੱਡੀ ਹੋਈ ਪੜ੍ਹਾਈ ਨੂੰ ਕਿਸੇ ਵੇਲੇ ਵੀ ਸ਼ੁਰੂ ਕਰਨ ਦੀ ਹਾਲਤ ਵਿੱਚ ਨੌਕਰੀ ਦੀ ਉਮਰ ਨਿੱਕਲ ਜਾਣ ਕਾਰਨ ਉਸ ਪੜ੍ਹਾਈ ਦਾ ਵਿਦਿਆਰਥੀਆਂ ਨੂੰ ਕੀ ਲਾਭ ਹੋਵੇਗਾ ?

ਇਹੀ ਨਹੀਂ, ਉੱਚ ਸਿੱਖਿਆ ਸੰਸਥਾਵਾਂ ਦਾ ਕੰਮ ਹੋਰ ਜਿਆਦਾ ਵਧੇਗਾ। ਪਾਠਕ੍ਰਮ ਬਦਲਣ ਦੀ ਹਾਲਤ ਵਿੱਚ ਪੜ੍ਹਾਈ ਛੱਡਣ ਵਾਲੇ ਵਿਦਿਆਰੀਆਂ ਨੂੰ ਔਕੜ ਆਵੇਗੀ। ਵਧੀ ਹੋਈ ਉਮਰ ਵਿੱਚ ਮੁੜ ਪੜ੍ਹਾਈ ਸ਼ੁਰੂ ਕਰਨ 'ਤੇ ਘੱਟ ਉਮਰ ਦੇ ਵਿਦਿਆਥੀਆਂ ਨਾਲ ਬੈਠਣ 'ਤੇ ਉਨ੍ਹਾਂ ਦੇ ਮਨਾਂ ਉੱਤੇ ਮਨੋਵਿਗਿਆਨਕ ਪ੍ਰਭਾਵ ਵੀ ਪਵੇਗਾ।

ਇੱਥੇ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਇਹ ਸਿਫਾਰਿਸ਼ ਆਨਲਾਈਨ ਡਿਗਰੀ ਕੋਰਸਾਂ ਉੱਤੇ ਲਾਗੂ ਨਾ ਹੋਣ ਨਾਲ ਬੱਚੇ ਪੜ੍ਹਾਈ ਦੇ ਬਰਾਬਰ ਮੌਕੇ ਤੋਂ ਵਾਂਝੇ ਰਹਿ ਜਾਣਗੇ। ਉੱਚ ਸਿੱਖਿਆ ਦੇ ਖੇਤਰ ਵਿੱਚ ਇਹ ਸਿਫਾਰਿਸ਼ ਲਾਗੂ ਹੋਣ ਨਾਲ ਉਨ੍ਹਾਂ ਬੱਚਿਆਂ ਨੂੰ ਫਾਇਦਾ ਹੋ ਸਕਦਾ ਹੈ ਜਿਹੜੇ ਆਰਥਿਕ ਤੰਗੀ, ਬਿਮਾਰੀ ਜਾਂ ਕਿਸੇ ਹੋਰ ਕਾਰਨ ਵਿਚਾਲੇ ਪੜ੍ਹਾਈ ਛੱਡ ਜਾਂਦੇ ਹਨ। ਜ਼ਾਹਿਰ ਹੈ ਕਿ ਨਵੀਂ ਸਿੱਖਿਆ ਨੀਤੀ ਦੀ ਇਹ ਸਿਫਾਰਿਸ਼ ਲਾਗੂ ਕਰਨ ਤੋਂ ਪਹਿਲਾਂ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਨੂੰ ਕੁਝ ਗੱਲਾਂ ਦਾ ਧਿਆਨ ਰੱਖਣਾ ਪਵੇਗਾ। ਵਿਚਾਲੇ ਪੜ੍ਹਾਈ ਛੱਡਣ ਤੋਂ ਬਾਅਦ ਮੁੜ ਪੜ੍ਹਾਈ ਸ਼ੁਰੂ ਕਰਨ ਲਈ ਵਿਦਿਆਰਥੀ ਦੀ ਉਮਰ ਦੀ ਘੱਟੋ-ਘੱਟ ਹੱਦ ਮਿਥਣੀ ਚਾਹੀਦੀ ਹੈ ਤਾਂ ਕਿ ਸਬੰਧਿਤ ਵਿਦਿਆਰਥੀਆਂ ਨੂੰ ਨੌਕਰੀ ਮਿਲ ਸਕੇ। ਕੇਵਲ ਇੱਕ ਵਾਰ ਹੀ ਵਿਚਲੇ ਪੜ੍ਹਾਈ ਛੱਡ ਕੇ ਮੁੜ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਪੜ੍ਹਾਈ ਮੁੜ ਸ਼ੁਰੂ ਕਰਨ ਵਾਲੇ ਵਿਦਿਆਥੀਆਂ ਨੂੰ ਪਾਠਕ੍ਰਮ ਬਦਲਣ ਦੀ ਹਾਲਤ ਵਿੱਚ ਪੁਰਾਣੇ ਪਾਠਕ੍ਰਮ ਨਾਲ ਪ੍ਰੀਖਿਆ ਦੇਣ ਦੀ ਇਜਾਜ਼ਤ ਦਿੱਤੀ ਜਾਵੇ। ਇਹ ਸਿਫਾਰਿਸ਼ ਆਨਲਾਈਨ ਕੋਰਸਾਂ ਉੱਤੇ ਵੀ ਲਾਗੂ ਹੋਵੇ।



# ਕਿਸਾਨਾਂ 'ਤੇ ਹੜ੍ਹਾਂ ਦੀ ਮਾਰ

## ਪੰਜਾਬ ਦੀ ਆਰਥਿਕਤਾ ਹੋਈ ਬਿਮਾਰ

## ਤਿਉਹਾਰੀ ਸੀਜ਼ਨ 'ਤੇ ਵੀ ਪਵੇਗਾ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਅਸਰ




ਜਗਮੋਹਨ ਸਿੰਘ 'ਲੱਕੀ'
9463819174

**ਪੰਜਾਬੀ ਕਿਸਾਨ ਧਰਤੀ ਨੂੰ 'ਮਾਂ' ਦਾ ਦਰਜ਼ਾ ਦਿੰਦੇ ਹਨ। ਧਰਤੀ ਨਾਲ ਮੋਹ ਦਾ ਰਿਸ਼ਤਾ ਹੋਣ ਕਰਕੇ ਪੰਜਾਬੀ ਕਿਸਾਨਾਂ ਨੇ ਦੇਸ਼ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਜਦੋਂ ਮੌਕਾ ਮਿਲਿਆ ਤਾਂ ਧਰਤੀ ਖਰੀਦੀ ਅਤੇ ਸਫ਼ਲ ਕਾਸ਼ਤਕਾਰ ਬਣੇ। ਹਰੇ ਇਨਕਲਾਬ ਨੂੰ ਵੀ ਪੰਜਾਬ ਦੀ ਧਰਤੀ ਉੱਤੇ ਪੰਜਾਬੀਆਂ ਨੇ ਹੀ ਸਿਰਜਿਆ ਅਤੇ ਸਾਰੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਇਸ ਸਮੇਂ ਪੰਜਾਬ ਵਿੱਚ ਹੜ੍ਹ ਆਉਣ ਕਾਰਨ ਕਿਸਾਨਾਂ ਦੀ ਫ਼ਸਲ ਖ਼ਰਾਬ ਹੋ ਗਈ ਹੈ ਪਰ ਪੰਜਾਬ ਦੇ ਕਿਸਾਨ ਇਨਕਲਾਬੀ ਸੋਚ ਰੱਖਦੇ ਹਨ, ਜੋ ਕਿ ਆਪਣੀ ਸਖ਼ਤ ਮਿਹਨਤ ਨਾਲ ਪੰਜਾਬ ਦੀ ਧਰਤੀ ਨੂੰ ਮੁੜ ਹਰਿਆ ਭਰਿਆ ਕਰ ਦੇਣਗੇ ਅਤੇ ਪੰਜਾਬ ਦੇ ਖੇਤਾਂ ਵਿੱਚ ਹਰ ਪਾਸੇ ਮੁੜ ਭਰਵੀਂਆਂ ਫ਼ਸਲਾਂ ਦੀ ਲਹਿਰ ਬਹਿਰ ਹੋਵੇਗੀ।**



ਪੰਜਾਬ ਵਿੱਚ ਹੜ੍ਹ ਆਉਣ ਕਾਰਨ ਵੱਡੀ ਗਿਣਤੀ ਕਿਸਾਨਾਂ ਦੀ ਫਸਲ ਹੜ੍ਹਾਂ ਵਿੱਚ ਰੁੜ੍ਹ ਗਈ ਹੈ, ਜਿਸ ਕਾਰਨ ਕਿਸਾਨਾਂ ਦੇ ਸੁਪਨੇ ਅਤੇ ਇੱਛਾਵਾਂ ਵੀ ਪਾਣੀ 'ਚ ਰੁੜ੍ਹ ਗਏ ਹਨ। ਕਿਸਾਨਾਂ ਦੀ ਫਸਲ ਖਰਾਬ ਹੋਣ ਕਰਕੇ ਉਹਨਾਂ ਨੂੰ ਫਸਲ ਤੋਂ ਕੋਈ ਆਮਦਨੀ ਨਹੀਂ ਹੋਵੇਗੀ, ਜਿਸ ਕਾਰਨ ਕਿਸਾਨ ਤਿਉਹਾਰੀ ਸੀਜ਼ਨ ਦੌਰਾਨ ਖੁੱਲ੍ਹ ਦੇ ਖਰਚਾ ਨਹੀਂ ਕਰ ਸਕਣਗੇ, ਨਤੀਜੇ ਵਜੋਂ ਤਿਉਹਾਰੀ ਸੀਜ਼ਨ ਦੇ ਫਿੱਕਾ ਰਹਿਣ ਦੇ ਆਸਾਰ ਬਣਦੇ ਜਾ ਰਹੇ ਹਨ। ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਕਿਸਾਨਾਂ ਦੀ ਫਸਲ ਜਦੋਂ ਪੱਕ ਜਾਂਦੀ ਹੈ ਤਾਂ ਉਸ ਨੂੰ ਮੰਡੀਆਂ ਵਿੱਚ ਵੇਚ ਕੇ ਕਿਸਾਨਾਂ ਦੇ ਬੋਝੇ ਵਿੱਚ ਬਹੁਤ ਪੈਸੇ ਆ ਜਾਂਦੇ ਹਨ, ਜਿਸ ਕਾਰਨ ਕਿਸਾਨ ਖੁੱਲ੍ਹ ਕੇ ਬਾਜ਼ਾਰ ਤੇ ਮਾਰਕੀਟ ਵਿੱਚ ਖਰੀਦਦਾਰੀ ਕਰਦੇ ਹਨ, ਜਿਸ ਕਾਰਨ ਵੱਡੀ ਗਿਣਤੀ ਦੁਕਾਨਦਾਰਾਂ ਨੂੰ ਚੰਗੀ ਆਮਦਨੀ ਹੁੰਦੀ ਹੈ।

ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਸ ਦੇ ਵੱਡੀ ਗਿਣਤੀ ਵਸਨੀਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਲੋਕ ਖੇਤੀਬਾੜੀ ਨਾਲ ਸਬੰਧਿਤ ਧੰਦਿਆਂ ਨਾਲ ਜੁੜੇ ਹੋਏ ਹਨ, ਜਿਨ੍ਹਾਂ ਦੀ ਰੋਜ਼ੀ ਰੋਟੀ ਦਾ ਮੁੱਖ ਸਾਧਨ ਕਿਸਾਨਾਂ ਤੋਂ ਹੁੰਦੀ ਆਮਦਨੀ ਹੀ ਹੈ। ਹਰ ਸਾਲ ਹਾੜ੍ਹੀ ਸਾਉਣੀ ਦੇ ਸੀਜ਼ਨ ਦੌਰਾਨ ਭਰਵੀਂ ਫਸਲ ਵੇਚ ਕੇ ਕਿਸਾਨਾਂ ਨੂੰ ਚੰਗੀ ਆਮਦਨ ਹੁੰਦੀ ਹੈ, ਜਿਸ ਕਾਰਨ ਕਿਸਾਨ ਆਪਣੇ ਬੱਚਿਆਂ ਦੇ ਵਿਆਹ ਵੀ ਕਰਦੇ ਹਨ, ਜਿਸ ਕਾਰਨ ਵਿਆਹਾਂ ਦਾ ਸੀਜ਼ਨ ਚੰਗਾ ਲੰਘਦਾ ਹੈ ਅਤੇ ਵਿਆਹਾਂ ਨਾਲ ਸਬੰਧਿਤ ਕਾਰੋਬਾਰ ਵੱਧਦਾ ਫੁੱਲਦਾ ਹੈ। ਇਸ ਤੋਂ ਇਲਾਵਾ ਕਿਸਾਨਾਂ ਵੱਲੋਂ ਰਾਸ਼ਨ ਅਤੇ ਹੋਰ ਜਰੂਰੀ ਵਰਤੋਂ ਦੀਆਂ ਚੀਜ਼ਾਂ ਵੀ ਖ਼ਰੀਦੀਆਂ ਜਾਂਦੀਆਂ ਹਨ, ਜਿਸ ਕਾਰਨ ਇਨ੍ਹਾਂ ਚੀਜ਼ਾਂ ਨਾਲ ਸਬੰਧਿਤ ਦੁਕਾਨਦਾਰਾਂ ਦਾ ਵਪਾਰ ਕਾਫ਼ੀ ਚਮਕਦਾ ਹੈ। ਇਸ ਦੇ ਨਾਲ ਹੀ ਕਿਸਾਨਾਂ ਵੱਲੋਂ ਫਸਲ ਵੇਚਣ ਤੋਂ ਬਾਅਦ ਹੋਈ ਕਮਾਈ ਨਾਲ ਖੁੱਲ੍ਹੇ ਖਰਚੇ ਕੀਤੇ ਜਾਂਦੇ ਹਨ, ਜਿਸ ਕਾਰਨ ਮਾਰਕੀਟ ਵਿੱਚ ਪੈਸਾ ਆ ਜਾਂਦਾ ਹੈ ਤੇ ਸੂਬੇ ਅਤੇ ਦੇਸ਼ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ। ਖੇਤੀਬਾੜੀ ਸੈਕਟਰ ਪੰਜਾਬ ਹੀ ਨਹੀਂ, ਭਾਰਤ ਦੀ ਆਰਥਿਕਤਾ ਦੀ ਵੀ ਰੀੜ੍ਹ ਦੀ ਹੱਡੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ 75 ਸਾਲਾਂ 'ਚ ਪੰਜਾਬ ਨੇ ਖੇਤੀਬਾੜੀ ਦੇ ਖੇਤਰ ਵਿੱਚ ਆਪਣੀ ਵੱਖਰੀ ਅਤੇ ਮਾਣ-ਮੱਤੀ ਪਛਾਣ ਬਣਾਈ ਅਤੇ ਦੇਸ਼ ਦੇ ਆਰਥਿਕ ਵਿਕਾਸ 'ਚ ਵਡਮੁੱਲਾ ਯੋਗਦਾਨ ਪਾਇਆ। ਭਾਰਤ ਦਾ ਇਹ 1.53 ਫ਼ੀਸਦੀ ਭੂਗੋਲਿਕ ਖੇਤਰ ਵਾਲਾ ਸੂਬਾ ਦੇਸ਼ ਦੇ ਅੰਨ ਭੰਡਾਰ 'ਚ 60% ਕਣਕ ਅਤੇ 40% ਝੋਨਾ (ਚਾਵਲ) ਦਾ ਹਿੱਸਾ ਪਾਉਂਦਾ ਹੈ। ਕੋਰੋਨਾ ਕਾਰਨ ਹੋਈ ਤਾਲਾਬੰਦੀ ਦੌਰਾਨ ਦੇਸ਼ ਵਾਸੀਆਂ ਨੂੰ ਖ਼ੁਰਾਕ ਸੁਰੱਖਿਆ ਦੇਣ ਵਿੱਚ ਪੰਜਾਬ ਨੇ ਅਹਿਮ ਭੂਮਿਕਾ ਨਿਭਾਈ ਸੀ। ਤਾਲਾਬੰਦੀ ਲਾਗੂ ਹੋਣ ਤੋਂ ਬਾਅਦ ਪੰਜਾਬ 'ਚੋਂ 760 ਵਿਸ਼ੇਸ਼ ਰੇਲਗੱਡੀਆਂ ਰਾਹੀਂ ਤਕਰੀਬਨ 13.5 ਲੱਖ ਮੀਟ੍ਰਿਕ ਟਨ ਚਾਵਲ ਅਤੇ 5.47 ਲੱਖ ਮੀਟ੍ਰਿਕ ਟਨ ਕਣਕ ਹੋਰ ਸੂਬਿਆਂ ਨੂੰ ਭੇਜੀ ਗਈ। ਇਹੀ ਨਹੀਂ, ਹੋਰਨਾਂ ਆਫ਼ਤਾਂ, ਚੁਣੌਤੀਆਂ ਦੇ ਸਮੇਂ ਵੀ ਭੋਜਨ ਸੁਰੱਖਿਆ ਦੇ ਮਾਮਲੇ 'ਚ ਪੰਜਾਬ ਹਮੇਸ਼ਾ ਦੂਜੇ ਸੂਬਿਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਿਆ ਹੈ।ਕਿਸਾਨ ਦੇਸ਼ ਦੀ ਆਰਥਿਕਤਾ ਦੀ ਧੁਰੀ ਹਨ। ਉਨ੍ਹਾਂ ਨੂੰ ਖੇਤੀਬਾੜੀ ਵਿੱਚ ਨਵੀਆਂ ਤਕਨੀਕਾਂ ਅਤੇ ਖੋਜਾਂ ਨੂੰ ਅਪਣਾ ਕੇ ਨਿੱਜੀ ਲਾਭਾਂ ਨਾਲ ਦੇਸ਼ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਦੇ ਲਈ ਕਿਸਾਨਾਂ ਨੂੰ ਖੇਤੀ ਉਤਪਾਦਾਂ ਦੇ ਵਪਾਰ ਰਾਹੀਂ ਖੇਤੀ ਉਤਪਾਦਾਂ ਦੀਆਂ ਕੀਮਤਾਂ ਵਿੱਚ ਵਾਧਾ ਯਕੀਨੀ ਬਣਾਉਣਾ ਚਾਹੀਦਾ ਹੈ। ਕਿਸਾਨ ਖੇਤੀ ਉਤਪਾਦਾਂ ਦੇ ਵਪਾਰ ਰਾਹੀਂ ਖੇਤੀ ਉਤਪਾਦਾਂ ਦੇ ਮੁੱਲ ਵਿੱਚ ਵਾਧਾ ਕਰਕੇ ਆਪਣੀ ਤਰੱਕੀ ਨੂੰ ਯਕੀਨੀ ਬਣਾ ਸਕਦੇ ਹਨ। ਅੱਜ ਲੋਕ ਸਰਕਾਰੀ ਅਤੇ ਪ੍ਰਾਈਵੇਟ ਕੰਪਨੀਆਂ ਵਿੱਚ ਨੌਕਰੀ ਛੱਡ ਕੇ ਖੇਤੀਬਾੜੀ ਨਾਲ ਸਬੰਧਿਤ ਕਾਰੋਬਾਰ ਕਰ ਰਹੇ ਹਨ ਅਤੇ ਖੇਤੀ ਉਤਪਾਦਨ ਵਿੱਚ ਆਪਣਾ ਹੱਥ ਅਜ਼ਮਾ ਰਹੇ ਹਨ, ਜੋ ਕਿ ਇੱਕ ਵੱਡੀ ਪ੍ਰਾਪਤੀ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਪੈਦਾਵਾਰ ਖੁਦ ਹੀ ਮੰਡੀ ਵਿੱਚ ਵੇਚਣ। ਕਿਸਾਨਾਂ ਨੂੰ ਇਸ ਸਬੰਧੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਉਠਾਉਣਾ ਚਾਹੀਦਾ ਹੈ ਅਤੇ ਆਪਣੀ ਆਮਦਨ ਵਿੱਚ ਵਾਧਾ ਕਰਨਾ ਚਾਹੀਦਾ ਹੈ। ਕਿਸਾਨਾਂ ਨੂੰ ਖੇਤੀਬਾੜੀ ਦੇ ਖੇਤਰ ਵਿੱਚ ਹੋ ਰਹੀਆਂ ਨਵੀਆਂ ਤਕਨੀਕੀ ਤਰੱਕੀਆਂ ਅਤੇ ਖੋਜਾਂ ਨੂੰ ਅਪਣਾਉਣ ਦੀ ਲੋੜ ਹੈ।








# ਇਕਬਾਲ ਸਿੰਘ ਲਾਲਪੁਰਾ: ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਸਿੱਖ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਯੋਗਦਾਨ



ਰਜਿੰਦਰ ਕੌਰ

ਭਾਰਤ ਵਿੱਚ ਘੱਟ ਗਿਣਤੀ ਭਾਈਚਾਰਿਆਂ ਦੇ ਹਿੱਤਾਂ ਦੀ ਰੱਖਿਆ ਕਰਨ ਵਾਲੀ ਸੰਸਥਾ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਸਿੱਖ ਭਾਈਚਾਰੇ ਦੇ ਮਸਲਿਆਂ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਹਨਾਂ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਤੋਂ ਲੈ ਕੇ ਸਿੱਖ ਧਾਰਮਿਕ ਅਤੇ ਸਮਾਜਿਕ ਅਧਿਕਾਰਾਂ ਨੂੰ ਮਜ਼ਬੂਤ ਕਰਨ ਤੱਕ ਕਈ ਅਹਿਮ ਕਦਮ ਚੁੱਕੇ ਹਨ। ਲਾਲਪੁਰਾ, ਜੋ ਇੱਕ ਸਾਬਕਾ ਆਈ.ਪੀ.ਐੱਸ. ਅਫਸਰ ਅਤੇ ਸਿੱਖ ਵਿਦਵਾਨ ਹਨ, ਨੇ ਆਪਣੇ ਕਾਰਜਕਾਲ ਦੌਰਾਨ ਸਿੱਖ ਪੰਥ ਨੂੰ ਨਵੀਂ ਦਿਸ਼ਾ ਦੇਣ ਵਿੱਚ ਯੋਗਦਾਨ ਪਾਇਆ ਹੈ।

ਇਕਬਾਲ ਸਿੰਘ ਲਾਲਪੁਰਾ ਦਾ ਜਨਮ 1953 ਵਿੱਚ ਪੰਜਾਬ ਦੇ ਰੂਪਨਗਰ ਜ਼ਿਲ੍ਹੇ ਵਿੱਚ ਹੋਇਆ ਸੀ। ਉਹ ਇੱਕ ਪ੍ਰਸਿੱਧ ਸਿੱਖ ਵਿਦਵਾਨ ਹਨ ਅਤੇ 20 ਕਿਤਾਬਾਂ ਦੇ ਲੇਖਕ ਵੀ ਹਨ। ਉਹਨਾਂ ਨੂੰ 2006 ਵਿੱਚ ਸ਼੍ਰੋਮਣੀ ਸਾਹਿਤਕਾਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤਾ ਜਾਂਦਾ ਹੈ। ਉਹਨਾਂ ਨੇ ਆਪਣੇ ਪੁਲਿਸ ਕੈਰੀਅਰ ਦੌਰਾਨ ਕਈ ਅਹਿਮ ਅਹੁਦੇ ਸੰਭਾਲੇ । 2021 ਵਿੱਚ ਉਹਨਾਂ ਨੂੰ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਨਿਯੁਕਤ ਕੀਤਾ ਗਿਆ, ਜੋ ਭਾਰਤ ਵਿੱਚ ਘੱਟ ਗਿਣਤੀਆਂ ਲਈ ਇੱਕ ਮਹੱਤਵਪੂਰਨ ਅਹੁਦਾ ਹੈ। ਇਹ ਨਿਯੁਕਤੀ ਭਾਰਤੀ ਜਨਤਾ ਪਾਰਟੀ (ਬੀਜੇਪੀ) ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੀ ਗਈ ਸੀ । ਲਾਲਪੁਰਾ ਨੂੰ ਰਾਸ਼ਟਰਪਤੀ ਪੁਲਿਸ ਮੈਡਲ ਅਤੇ ਮੈਰੀਟੋਰੀਅਸ ਸਰਵਿਸਿਜ਼ ਲਈ ਪੁਲਿਸ ਮੈਡਲ ਵੀ ਮਿਲ ਚੁੱਕੇ ਹਨ।



ਉਹਨਾਂ ਦੇ ਕਾਰਜਕਾਲ ਦੀ ਸਭ ਤੋਂ ਵੱਡੀ ਪ੍ਰਾਪਤੀ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਅਤੇ ਸਹਾਇਤਾ ਪ੍ਰਦਾਨ ਕਰਨਾ ਰਹੀ ਹੈ। 1984 ਵਿੱਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਅਤੇ ਹੋਰ ਰਾਜਾਂ ਵਿੱਚ ਹੋਏ ਕਤਲੇਆਮ ਵਿੱਚ ਹਜ਼ਾਰਾਂ ਸਿੱਖ ਮਾਰੇ ਗਏ ਅਤੇ ਅਨੇਕਾਂ ਪਰਿਵਾਰ ਬੇਘਰ ਹੋ ਗਏ। ਇਸ ਨੂੰ ਇੱਕ ਯੋਜਨਾਬੱਧ ਕਤਲੇਆਮ ਮੰਨਿਆ ਜਾਂਦਾ ਹੈ। ਲਾਲਪੁਰਾ ਨੇ ਕਮਿਸ਼ਨ ਦੀ ਅਗਵਾਈ ਵਿੱਚ 11 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਪੀੜਤਾਂ ਬਾਰੇ ਵਿਸਤ੍ਰਿਤ ਜਾਣਕਾਰੀ ਇਕੱਠੀ ਕੀਤੀ। ਉਹਨਾਂ ਨੇ ਸੂਬਾ ਮੁੱਖ ਸਕੱਤਰਾਂ ਨੂੰ ਪੱਤਰ ਲਿਖ ਕੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦੇਣ ਦੀ ਸਿਫਾਰਸ਼ ਕੀਤੀ। ਇਸ ਤੋਂ ਇਲਾਵਾ, ਉਹਨਾਂ ਨੇ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਨਿੱਜੀ ਪੱਤਰ ਲਿਖੇ ਅਤੇ ਪੀੜਤਾਂ ਨੂੰ ਨੌਕਰੀਆਂ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਦੀ ਅਪੀਲ ਕੀਤੀ। ਇਸ ਦੇ ਨਤੀਜੇ ਵਜੋਂ, ਹਰਿਆਣਾ ਸਰਕਾਰ ਨੇ 121 ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀਆਂ ਦੇਣ ਦਾ ਐਲਾਨ ਕੀਤਾ ਅਤੇ ਦਿੱਲੀ ਵਿੱਚ ਵੀ ਅਜਿਹੇ ਕਦਮ ਚੁੱਕੇ ਗਏ।

ਇਕਬਾਲ ਸਿੰਘ ਲਾਲਪੁਰਾ ਨੇ ਪੀੜਤਾਂ ਨਾਲ ਸਿੱਧੀਆਂ ਮੀਟਿੰਗਾਂ ਵੀ ਕੀਤੀਆਂ। 2021 ਵਿੱਚ ਉਹਨਾਂ ਨੇ ਦਿੱਲੀ ਦੇ ਤਿਲਕ ਨਗਰ ਵਿੱਚ ਅਫਗਾਨ ਸਿੱਖ ਸ਼ਰਨਾਰਥੀਆਂ ਅਤੇ ਕਤਲੇਆਮ ਪੀੜਤਾਂ ਨਾਲ ਗੱਲਬਾਤ ਕੀਤੀ। 2024 ਵਿੱਚ ਵੀ ਅਜਿਹੀਆਂ ਮੀਟਿੰਗਾਂ ਜਾਰੀ ਰੱਖੀਆਂ ਗਈਆਂ ਅਤੇ ਪੀੜਤਾਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਇਆ ਗਿਆ। ਉਹਨਾਂ ਨੇ ਕਿਹਾ ਕਿ ਮੋਦੀ ਸਰਕਾਰ ਦੇ ਯਤਨਾਂ ਸਦਕਾ ਪੀੜਤ ਪਰਿਵਾਰਾਂ ਨੂੰ ਨਿਆਂ ਮਿਲ ਰਿਹਾ ਹੈ। ਇਸ ਤੋਂ ਇਲਾਵਾ, ਉਹਨਾਂ ਨੇ ਕਤਲੇਆਮ ਦੇ ਦੋਸ਼ੀਆਂ ਲਈ ਮੌਤ ਦੀ ਸਜ਼ਾ ਦੀ ਵਕਾਲਤ ਕੀਤੀ । 2025 ਵਿੱਚ ਉਹਨਾਂ ਨੇ ਪੀੜਤਾਂ ਲਈ ਸਥਾਈ ਘਰਾਂ ਦੀ ਸਿਫਾਰਸ਼ ਕੀਤੀ ਅਤੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਨੂੰ ਇਸ ਬਾਰੇ ਨਿਰਦੇਸ਼ ਦਿੱਤੇ।

ਸਿੱਖ ਪੰਥ ਲਈ ਉਹਨਾਂ ਦੀਆਂ ਹੋਰ ਪ੍ਰਾਪਤੀਆਂ ਵੀ ਧਿਆਨਯੋਗ ਹਨ। ਉਹਨਾਂ ਨੇ ਅਫਗਾਨ ਸਿੱਖਾਂ ਦੀਆਂ ਮੁਸ਼ਕਿਲਾਂ ਨੂੰ ਸਮਝਿਆ ਅਤੇ ਉਹਨਾਂ ਨੂੰ ਸਹਾਇਤਾ ਪ੍ਰਦਾਨ ਕੀਤੀ। 2021 ਵਿੱਚ ਤਿਲਕ ਨਗਰ ਵਿੱਚ ਅਫਗਾਨ ਸਿੱਖਾਂ ਨਾਲ ਮੀਟਿੰਗ ਕੀਤੀ ਗਈ। ਉਹਨਾਂ ਨੇ ਸਿੱਖ ਫ਼ੌਜੀਆਂ ਲਈ ਸੁਰੱਖਿਆ ਹੈੱਡਗੇਅਰ ਦੇ ਮਸਲੇ 'ਤੇ ਮੀਟਿੰਗ ਕੀਤੀ ਅਤੇ ਇਸ ਨੂੰ ਹੱਲ ਕਰਨ ਵਿੱਚ ਯੋਗਦਾਨ ਪਾਇਆ।

ਇਕਬਾਲ ਸਿੰਘ ਲਾਲਪੁਰਾ ਨੇ ਆਨੰਦ ਮੈਰਿਜ ਐਕਟ ਨੂੰ 18 ਸੂਬਿਆਂ ਵਿੱਚ ਲਾਗੂ ਕਰਵਾਉਣ ਵਿੱਚ ਮਦਦ ਕੀਤੀ ਅਤੇ ਬਾਕੀ ਥਾਵਾਂ 'ਤੇ ਯਤਨ ਜਾਰੀ ਰੱਖੇ। ਉਹਨਾਂ ਨੇ ਸਿੱਖ ਕੈਦੀਆਂ ਦੀ ਰਿਹਾਈ ਲਈ ਵੀ ਯਤਨ ਕੀਤੇ ਅਤੇ 1980-90 ਦੇ ਦਹਾਕੇ ਦੇ ਖਾੜਕੂਵਾਦ ਨਾਲ ਜੁੜੇ ਮਾਮਲਿਆਂ ਵਿੱਚ ਬੰਦ ਨੌਂ ਕੈਦੀਆਂ ਨੂੰ ਰਿਹਾਅ ਕਰਵਾਇਆ। ਖਾਲਿਸਤਾਨ ਅੰਦੋਲਨ ਨਾਲ ਜੁੜੇ 312 ਸਿੱਖਾਂ ਨੂੰ ਕਾਲੀ ਸੂਚੀ ਵਿੱਚੋਂ ਹਟਾਉਣ ਵਿੱਚ ਵੀ ਭੂਮਿਕਾ ਨਿਭਾਈ। ਉਹਨਾਂ ਨੇ ਵਿਦੇਸ਼ਾਂ ਵਿੱਚ ਫਸੇ 8 ਭਾਰਤੀਆਂ ਨੂੰ ਵਾਪਸ ਲਿਆਉਣ ਵਿੱਚ ਮਦਦ ਕੀਤੀ।

ਸਿੱਖ ਬੱਚਿਆਂ ਨੂੰ ਪ੍ਰੀਖਿਆਵਾਂ ਵਿੱਚ ਰੋਕੇ ਜਾਣ ਅਤੇ ਲਾਲ ਕਿਲ੍ਹੇ 'ਤੇ ਕਕਾਰਾਂ ਨਾਲ ਅੰਦਰ ਜਾਣ ਤੋਂ ਰੋਕਣ ਵਾਲੇ ਮਾਮਲਿਆਂ ਵਿੱਚ ਤੁਰੰਤ ਦਖਲ ਦਿੱਤਾ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਫਿਲਮਾਂ ਵਿੱਚ ਸਿੱਖ ਕਿਰਦਾਰਾਂ ਨੂੰ ਸਹੀ ਢੰਗ ਨਾਲ ਪੇਸ਼ ਕਰਨ ਲਈ ਸੈਂਸਰ ਬੋਰਡ ਵਿੱਚ ਸਿੱਖ ਬੁੱਧੀਜੀਵੀ ਨੂੰ ਮੈਂਬਰ ਬਣਾਉਣ ਦੀ ਸਿਫਾਰਸ਼ ਕੀਤੀ। ਕਰਤਾਰਪੁਰ ਕੋਰੀਡੋਰ ਵਰਗੇ ਪ੍ਰੋਜੈਕਟਾਂ ਵਿੱਚ ਵੀ ਉਹਨਾਂ ਦੀ ਭੂਮਿਕਾ ਰਹੀ ਹੈ। ਸਿੱਖ ਭਾਈਚਾਰੇ ਵਿੱਚ ਉਹਨਾਂ ਦੇ ਯਤਨਾਂ ਨੇ ਨਿਆਂ ਅਤੇ ਸੁਰੱਖਿਆ ਦੀ ਉਮੀਦ ਜਗਾਈ ਹੈ।

### ਪਹਿਲੀ ਮਹਿਲਾ ਡੀ.ਸੀ. ਦੀ ਮਿਸਾਲੀ ਅਗਵਾਈ: ਪੰਜਾਬ ਦੇ ਸੰਕਟ 'ਚ ਬਣੀ ਨਾਇਕਾ

# ਸਾਕਸ਼ੀ ਸਾਹਨੀ ਦੀ ਅਣਥੱਕ ਸੇਵਾ

## ਅ.ਫਸਰਸ਼ਾਹੀ ਦਾ ਨਵਾਂ ਚਿਹਰਾ: ਸਾਕਸ਼ੀ ਸਾਹਨੀ ਦੀ ਸਰਗਰਮੀ ਦੀ ਚਰਚਾ









ਪੰਜਾਬ ਨੂੰ ਹੜ੍ਹਾਂ ਦੀ ਮਾਰ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਨਦੀਆਂ-ਨਾਲਿਆਂ ਦੇ ਉਫ਼ਾਨ ਨੇ ਪਿੰਡਾਂ-ਸ਼ਹਿਰਾਂ ਵਿੱਚ ਤਬਾਹੀ ਮਚਾਈ, ਫ਼ਸਲਾਂ ਤਹਿਸ-ਨਹਿਸ ਹੋਈਆਂ, ਅਤੇ ਲੋਕਾਂ ਦੇ ਘਰ-ਬਾਰ ਪਾਣੀ ਵਿੱਚ ਡੁੱਬ ਗਏ। ਅਜਿਹੇ ਔਖੇ ਸਮੇਂ ਵਿੱਚ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਆਪਣੀ ਅਣਥੱਕ ਮਿਹਨਤ ਅਤੇ ਸਮਰਪਣ ਨਾਲ ਨਾ ਸਿਰਫ਼ ਪ੍ਰਸ਼ਾਸਨ ਦੀ ਮਦਦ ਪੀੜਤਾਂ ਤੱਕ ਪਹੁੰਚਾਈ, ਸਗੋਂ ਲੋਕਾਂ ਦੇ ਦਿਲਾਂ ਵਿੱਚ ਵੀ ਵਿਸ਼ੇਸ਼ ਸਥਾਨ ਬਣਾਇਆ। ਸਾਕਸ਼ੀ ਸਾਹਨੀ ਦੀਆਂ ਸੇਵਾਵਾਂ ਦੀ ਸ਼ਲਾਘਾ ਨਾ ਸਿਰਫ਼ ਸਥਾਨਕ ਲੋਕਾਂ ਨੇ, ਸਗੋਂ ਸਾਬਕਾ ਭਾਰਤੀ ਕ੍ਰਿਕਟਰ ਯੁਵਰਾਜ ਸਿੰਘ ਨੇ ਵੀ ਕੀਤੀ, ਜਿਸ ਨੇ ਉਨ੍ਹਾਂ ਨੂੰ ਪੰਜਾਬ ਦੀ ਮਜਬੂਤੀ ਦਾ ਪ੍ਰਤੀਕ ਅਤੇ ਅਫ਼ਸਰਸ਼ਾਹੀ ਲਈ ਰੋਲ ਮਾਡਲ ਦੱਸਿਆ।

ਸਾਕਸ਼ੀ ਸਾਹਨੀ, ਜੋ ਅੰਮ੍ਰਿਤਸਰ ਦੀ ਪਹਿਲੀ ਮਹਿਲਾ ਡਿਪਟੀ ਕਮਿਸ਼ਨਰ ਹਨ, ਨੇ ਹੜ੍ਹਾਂ ਦੌਰਾਨ ਅਜਿਹੀ ਅਗਵਾਈ ਦਿਖਾਈ ਕਿ ਉਹ ਸਭ ਲਈ ਪ੍ਰੇਰਨਾ ਸਰੋਤ ਬਣ ਗਈਆਂ। ਜਦੋਂ ਸਤਲੁਜ, ਬਿਆਸ ਅਤੇ ਰਾਵੀ ਵਰਗੀਆਂ ਨਦੀਆਂ ਦੇ ਪਾਣੀ ਨੇ ਅੰਮ੍ਰਿਤਸਰ ਦੇ ਨੀਵੇਂ ਇਲਾਕਿਆਂ ਨੂੰ ਡੁਬੋ ਦਿੱਤਾ, ਤਾਂ ਸਾਕਸ਼ੀ ਸਾਹਨੀ ਨੇ ਦਫ਼ਤਰ ਵਿੱਚ ਬੈਠਣ ਦੀ ਬਜਾਏ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ। ਉਹ ਪੀੜਤ ਪਰਿਵਾਰਾਂ ਨਾਲ ਮਿਲੀਆਂ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੋਢੇ ਨਾਲ ਮੋਢਾ ਜੋੜ ਕੇ ਰਾਹਤ ਕਾਰਜਾਂ ਵਿੱਚ ਹਿੱਸਾ ਪਾਇਆ। ਉਨ੍ਹਾਂ ਨੇ ਪ੍ਰਸ਼ਾਸਨਕ ਅਧਿਕਾਰੀਆਂ, ਸਥਾਨਕ ਸੰਸਥਾਵਾਂ ਅਤੇ ਸਵੈ-ਸੇਵੀ ਜਥੇਬੰਦੀਆਂ ਨਾਲ ਮਿਲ ਕੇ ਰਾਹਤ ਸਮੱਗਰੀ, ਭੋਜਨ, ਪੀਣ ਵਾਲਾ ਪਾਣੀ ਅਤੇ ਮੈਡੀਕਲ ਸਹੂਲਤਾਂ ਪੀੜਤਾਂ ਤੱਕ ਪਹੁੰਚਾਈਆਂ।



ਸਾਕਸ਼ੀ ਸਾਹਨੀ ਦੀ ਮਿਹਨਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਰਾਤ-ਦਿਨ ਖੇਤਰ ਵਿੱਚ ਸਰਗਰਮ ਰਹੀਆਂ। ਪਿੰਡਾਂ ਦੀਆਂ ਤੰਗ ਗਲੀਆਂ ਵਿੱਚ ਜਾ ਕੇ ਉਨ੍ਹਾਂ ਨੇ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਉਣ, ਅਸਥਾਈ ਰਾਹਤ ਕੈਂਪ ਸਥਾਪਤ ਕਰਨ ਅਤੇ ਪੀੜਤਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਅੰਮ੍ਰਿਤਸਰ ਦੇ ਬਹੁਤ ਸਾਰੇ ਪਿੰਡਾਂ ਜਿਵੇਂ ਕਿ ਅਜਨਾਲਾ, ਰਮਦਾਸ ਅਤੇ ਚੋਗਾਵਾਂ ਦੇ ਇਲਾਕਿਆਂ ਵਿੱਚ, ਜਿੱਥੇ ਹੜ੍ਹ ਦਾ ਪ੍ਰਭਾਵ ਸਭ ਤੋਂ ਵੱਧ ਸੀ, ਸਾਹਨੀ ਨੇ ਆਪਣੀ ਟੀਮ ਨਾਲ ਮਿਲ ਕੇ ਪੁਲਾਂ ਦੀ ਮੁਰੰਮਤ, ਪਾਣੀ ਦੀ ਨਿਕਾਸੀ ਅਤੇ ਬਿਜਲੀ ਦੀ ਬਹਾਲੀ ਵਰਗੇ ਕੰਮਾਂ ਨੂੰ ਤਰਜੀਹ ਦਿੱਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਕੀਤੇ ਜਾ ਰਹੇ ਕਾਰਜਾਂ ਵਿੱਚ ਸਾਕਸ਼ੀ ਸਾਹਨੀ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਕਿਹਾ ਗਿਆ ਕਿ ਸਾਹਨੀ ਦੀ ਅਗਵਾਈ ਵਿੱਚ ਪ੍ਰਸ਼ਾਸਨ ਨੇ ਸੰਗਤਾਂ ਅਤੇ ਸਵੈ-ਸੇਵੀ ਸੰਸਥਾਵਾਂ ਨਾਲ ਮਿਲ ਕੇ ਰਾਹਤ ਸਮੱਗਰੀ ਦੀ ਵੰਡ ਨੂੰ ਪ੍ਰਭਾਵੀ ਢੰਗ ਨਾਲ ਅੰਜਾਮ ਦਿੱਤਾ। ਰਾਜਸਥਾਨ ਦੀ ਸੰਗਤ ਨੇ ਵੀ ਸ਼੍ਰੋਮਣੀ ਕਮੇਟੀ ਰਾਹੀਂ 4 ਲੱਖ 51 ਹਜ਼ਾਰ ਰੁਪਏ ਅਤੇ ਵੱਡੀ ਮਾਤਰਾ ਵਿੱਚ ਰਸਦਾਂ ਭੇਜੀਆਂ, ਜਿਸ ਦੀ ਵੰਡ ਵਿੱਚ ਸਾਹਨੀ ਦੀ ਟੀਮ ਨੇ ਮਹੱਤਵਪੂਰਨ ਯੋਗਦਾਨ ਪਾਇਆ।

ਯੁਵਰਾਜ ਸਿੰਘ, ਜੋ ਆਪਣੇ ਖੇਡ ਜੀਵਨ ਅਤੇ ਸਮਾਜ ਸੇਵਾ ਲਈ ਜਾਣੇ ਜਾਂਦੇ ਹਨ, ਨੇ ਸੋਸ਼ਲ ਮੀਡੀਆ 'ਤੇ ਸਾਕਸ਼ੀ ਸਾਹਨੀ ਦੀ ਸ਼ਲਾਘਾ ਕਰਦਿਆਂ ਲਿਖਿਆ, ਪੰਜਾਬ ਇੱਕ ਔਖੇ ਦੌਰ ਵਿੱਚੋਂ ਲੰਘ ਰਿਹਾ ਹੈ। ਅਜਿਹੇ ਸਮੇਂ ਵਿੱਚ ਸਾਕਸ਼ੀ ਸਾਹਨੀ ਵਰਗੇ ਅਧਿਕਾਰੀ ਸਾਨੂੰ ਹੌਸਲਾ ਦਿੰਦੇ ਹਨ। ਉਹ ਨਾ ਸਿਰਫ਼ ਪ੍ਰਭਾਵਿਤ ਇਲਾਕਿਆਂ ਵਿੱਚ ਮੌਜੂਦ ਰਹੀਆਂ, ਸਗੋਂ ਲੋਕਾਂ ਨਾਲ ਮਿਲ ਕੇ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ। ਸੱਚੇ ਨੇਤਾ ਸੰਕਟ ਦੇ ਸਮੇਂ ਦੇਸ਼ ਅਤੇ ਫ਼ਰਜ਼ ਨੂੰ ਪਹਿਲ ਦਿੰਦੇ ਹਨ।

ਸਾਕਸ਼ੀ ਸਾਹਨੀ ਦੀ ਅਗਵਾਈ ਨੂੰ ਅਫ਼ਸਰਸ਼ਾਹੀ ਲਈ ਰੋਲ ਮਾਡਲ ਮੰਨਿਆ ਜਾ ਰਿਹਾ ਹੈ। ਆਮ ਤੌਰ 'ਤੇ ਅਧਿਕਾਰੀ ਸੰਕਟ ਦੇ ਸਮੇਂ ਦਫ਼ਤਰੀ ਕਾਰਜਾਂ ਤੱਕ ਸੀਮਤ ਰਹਿੰਦੇ ਹਨ, ਪਰ ਸਾਹਨੀ ਨੇ ਖੁਦ ਨੂੰ ਖੇਤਰ ਵਿੱਚ ਉਤਾਰ ਕੇ ਸਥਾਨਕ ਲੋਕਾਂ ਨਾਲ ਸਿੱਧਾ ਸੰਪਰਕ ਕੀਤਾ। ਉਨ੍ਹਾਂ ਦੀ ਇਹ ਪਹੁੰਚ ਨੇ ਸਿਰਫ਼ ਪ੍ਰਸ਼ਾਸਨਕ ਕਾਰਜਕੁਸ਼ਲਤਾ ਨੂੰ ਵਧਾਇਆ, ਸਗੋਂ ਲੋਕਾਂ ਵਿੱਚ ਵਿਸ਼ਵਾਸ ਵੀ ਪੈਦਾ ਕੀਤਾ। ਸਥਾਨਕ ਵਾਸੀਆਂ ਦਾ ਕਹਿਣਾ ਹੈ ਕਿ ਸਾਹਨੀ ਦੀ ਸਰਗਰਮੀ ਕਾਰਨ ਰਾਹਤ ਕਾਰਜ ਤੇਜ਼ੀ ਨਾਲ ਅਤੇ ਪਾਰਦਰਸ਼ੀ ਢੰਗ ਨਾਲ ਹੋਏ।

ਅੰਮ੍ਰਿਤਸਰ ਦੇ ਇੱਕ ਵਸਨੀਕ, ਸੁਖਦੇਵ ਸਿੰਘ, ਨੇ ਕਿਹਾ, ਸਾਕਸ਼ੀ ਮੈਡਮ ਨੇ ਸਾਡੇ ਪਿੰਡ ਵਿੱਚ ਆ ਕੇ ਸਾਡੀਆਂ ਸਮੱਸਿਆਵਾਂ ਸੁਣੀਆਂ ਅਤੇ ਤੁਰੰਤ ਰਾਹਤ ਸਮੱਗਰੀ ਮੁਹੱਈਆ ਕਰਵਾਈ। ਅਸੀਂ ਪਹਿਲਾਂ ਕਦੇ ਅਜਿਹਾ ਅਧਿਕਾਰੀ ਨਹੀਂ ਦੇਖਿਆ। ਸਾਹਨੀ ਦੀ ਇਸ ਨਿਵੇਕਲੀ ਪਹੁੰਚ ਨੇ ਉਨ੍ਹਾਂ ਨੂੰ ਅਫ਼ਸਰਸ਼ਾਹੀ ਵਿੱਚ ਇੱਕ ਮਿਸਾਲੀ ਅਧਿਕਾਰੀ ਵਜੋਂ ਸਥਾਪਤ ਕੀਤਾ ਹੈ।

ਸਾਕਸ਼ੀ ਸਾਹਨੀ ਦੀਆਂ ਸੇਵਾਵਾਂ ਨੇ ਪੰਜਾਬ ਦੇ ਲੋਕਾਂ ਵਿੱਚ ਇੱਕ ਨਵੀਂ ਉਮੀਦ ਜਗਾਈ ਹੈ। ਉਨ੍ਹਾਂ ਦੀ ਅਗਵਾਈ ਨੇ ਸਾਬਤ ਕੀਤਾ ਕਿ ਸੰਕਟ ਦੇ ਸਮੇਂ ਵਿੱਚ ਸਹੀ ਨੇਤ੍ਰਤਵ ਅਤੇ ਸਮਰਪਣ ਨਾਲ ਵੱਡੀਆਂ ਚੁਣੌਤੀਆਂ ਨੂੰ ਵੀ ਪਾਰ ਕੀਤਾ ਜਾ ਸਕਦਾ ਹੈ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ

## (ਗੁਰਗੱਦੀ ਦਿਵਸ 'ਤੇ ਵਿਸ਼ੇਸ਼)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਮੁਗਲ ਬਾਦਸ਼ਾਹ ਹੁੰਮਾਯੂ ਦੀ ਹਕੂਮਤ ਦਾ ਸਮਾਂ ਸੀ। ਅਰਾਜਕਤਾ ਦਾ ਦੌਰ ਸੀ। ਸਮਾਜ ਝੂਠੇ ਕਰਮਕਾਂਡਾਂ, ਜਾਤ-ਪਾਤ ਦੇ ਵਿਤਕਰੇ ਅਤੇ ਵਹਿਮਾਂ-ਭਰਮਾਂ ਵਿੱਚ ਗ੍ਰਸਤ ਸੀ । ਅਜੇਹੇ ਸਮੇਂ ਵਿੱਚ ਸਿੱਖ ਧਰਮ ਦੀ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਵਲੋਂ ਮਨੁੱਖਤਾ ਦੀ ਭਲਾਈ ਲਈ ਚਲਾਏ ਗਏ ਸਿੱਖ ਧਰਮ ਦਾ ਵਿਕਾਸ ਹੋ ਰਿਹਾ ਸੀ। ਇਸ ਧਰਮ-ਯੋਗ ਦੇ ਕਾਰਜ ਨੂੰ ਬੜੀ ਸ਼ਿੱਦਤ ਨਾਲ ਅਗਾਂਹ ਤੋਰਨ ਦੇ ਸੰਕਲਪ ਵਿੱਚ ਦੂਸਰੀ ਪਾਤਿਸ਼ਾਹੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ 13 ਸਾਲ ਭਾਵ 1539 -1552 ਤੱਕ, ਖਡੂਰ ਸਾਹਿਬ ਦੀ ਪਾਵਨ ਇਤਿਹਾਸਕ ਨਗਰੀ ਤੋਂ ਸਿੱਖੀ ਦਾ ਪ੍ਰਚਾਰ ਜਾਰੀ ਰੱਖਿਆ । ਗੁਰੂ ਅੰਗਦ ਦੇਵ ਸਾਹਿਬ ਜੀ ਨੇ ਸਿੱਖ ਧਰਮ ਦੇ ਗੁਰਮਤਿ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ।

ਗੁਰੂ ਅੰਗਦ ਦੇਵ ਸਾਹਿਬ ਜੀ ਦਾ ਆਗਮਨ 31 ਮਾਰਚ 1504 ਵਿੱਚ ਮੱਤੇ ਦੀ ਸਰਾਂ ਮੁਕਤਸਰ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਪਿਤਾ ਦਾ ਨਾਮ ਫੇਰੂ ਮੱਲ ਜੀ ਤੇ ਮਾਤਾ ਦਇਆ ਕੌਰ/ ਮਾਤਾ ਸਭਰਾਈ ਸੀ। ਮੱਤੇ ਦੀ ਸਰਾਂ ਥੇਹ ਉੱਪਰ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਜਨਮ ਅਸਥਾਨ ਥਾਂ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਬਾਬਰ ਦੇ ਹਮਲਿਆਂ ਸਮੇਂ ਇਹ ਨਗਰੀ ਤਬਾਹ ਕਰਕੇ ਥੇਹ ਬਣਾ ਦਿੱਤੀ ਗਈ ਸੀ । ਗੁਰੂ ਅੰਗਦ ਦੇਵ ਸਾਹਿਬ ਜੀ ਦਾ ਪ੍ਰਵਾਰਕ ਨਾਂਅ ਲਹਿਣਾ ਜੀ ਸੀ । ਆਪ ਜੀ ਦੇ ਪਿਤਾ ਜੀ ਚੌਧਰੀ ਤੱਖਤ ਮੱਲ ਕੋਲ ਲੇਖਾਕਾਰ ਸਨ। ਜੋ ਬੜੇ ਮਿਹਨਤੀ, ਇਮਾਨਦਾਰ ਅਤੇ ਮਿਲਾਪੜੇ ਸਨ। ਬਾਅਦ ਵਿੱਚ ਉਹਨਾਂ ਦਾ ਪ੍ਰਵਾਰ ਖਡੂਰ ਸਾਹਿਬ ਵੱਸ ਗਿਆ। ਲਹਿਣਾ ਜੀ ਦਾ ਵਿਆਹ ਜਨਵਰੀ 1520 ਵਿੱਚ ਖਡੂਰ ਸਾਹਿਬ ਦੇ ਨੇੜਲੇ ਪਿੰਡ ਸੰਘਰ ਵਿੱਚ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਆਪ ਜੀ ਦੇ ਦੋ ਸਪੁੱਤਰ ਦਾਸੂ ਜੀ ਤੇ ਦਾਤੂ ਜੀ ਤੇ ਦੋ ਸਪੁੱਤਰੀਆਂ ਬੀਬੀ ਅਮਰੋ ਤੇ ਬੀਬੀ ਅਣੋਖੀ ਜੀ ਸਨ ।

ਇੱਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਸਿੰਘ ਜੀ ਪਾਸੋਂ ਰੱਬੀ ਅੰਮ੍ਰਿਤ-ਬਾਣੀ ਸਰਵਣ ਕੀਤੀ। ਬਾਣੀ ਦੇ ਅੰਮ੍ਰਿਤ ਰਸ ਤੋਂ ਪ੍ਰਭਾਵਿਤ ਹੋ ਕੇ ਗੁਰ ਦਰਸ਼ਨਾਂ ਦੀ ਤਾਂਘ 1532 ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਕੋਲ ਕਰਤਾਰਪੁਰ ਖਿੱਚ ਲਿਆਈ । ਲਹਿਣਾ ਜੀ ਗੁਰੂ ਸਾਹਿਬ ਜੀ ਦੇ ਪਿਆਰ ਅਤੇ ਅੰਮ੍ਰਿਤਮਈ ਬਚਨਾਂ ਤੋਂ ਏਨੇ ਪ੍ਰਭਾਵਿਤ ਹੋਏ ਕਿ ਹਮੇਸ਼ਾ ਲਈ ਗੁਰੂ ਸਾਹਿਬ ਦੇ ਸੱਚੇ ਸੇਵਕ ਬਣ ਕੇ ਗੁਰੂ ਜੀ ਦੇ ਹੀ ਹੋ ਕੇ ਰਹਿ ਗਏ। ਲਹਿਣਾ ਜੀ 1532-1539 ਤੱਕ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿੱਚ ਰਹੇ । ਸਦਾ ਧਾਰਮਿਕ ਕਾਰਜਾਂ ਵਿੱਚ ਰੁੱਝੇ ਰਹਿੰਦੇ। ਗੁਰੂ ਦਾ ਜੱਸ ਸਰਵਣ ਕਰਦੇ ਵਿਚਾਰਦੇ। ਗੁਰੂ ਸਾਹਿਬ ਜੀ ਨੇ ਸਿੱਖਿਆ ਵਿੱਚ ਗਰੀਬਾਂ ਦੀ ਮਦਦ, ਹਮਦਰਦ ਨਿਰਮਾਣਤਾ ਅਤੇ ਹੁਕਮ ਵਿੱਚ ਰਹਿਣ ਦੀ ਜੀਵਨ-ਜਾਚ ਸਿਖਾਈ। ਗੁਰੂ ਜੀ ਦੇ ਪਿਆਰ ਵਿੱਚ ਤਿੰਨ ਸਾਲ ਲੰਘੇ। ਗੁਰੂ ਸਾਹਿਬ ਜੀ ਨੇ ਆਗਿਆ ਦਿੱਤੀ ਕਿ ਕੁਝ ਚਿਰ ਘਰ ਫੇਰਾ ਪਾ ਆਓ। ਆਪਣੇ ਕਾਰ ਵਿਹਾਰ ਸਮੇਟ ਆਉ। ਕੁਝ ਚਿਰ ਬਾਅਦ ਗੁਰੂ ਨਾਨਕ ਦੇਵ ਜੀ ਲਹਿਣਾ ਜੀ ਨੂੰ ਵਾਪਿਸ ਕਰਤਾਰਪੁਰ ਲੈ ਆਏ।

ਭਾਵੇਂ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਪਾਰਖੂ ਨਜ਼ਰ ਨਾਲ ਨਿਸ਼ਚਿਤ ਕਰ ਲਿਆ ਸੀ ਕਿ ਗੁਰਗੱਦੀ ਦੀ ਜ਼ਿੰਮੇਵਾਰੀ ਲਹਿਣਾ ਜੀ ਨੇ ਹੀ ਨਿਭਾਉਣੀ ਹੈ ਪਰ ਸੰਗਤਾਂ ਦਾ ਵਿਸ਼ਵਾਸ ਜਿੱਤਣ ਲਈ ਪਰਖ ਅਤੇ ਸੇਵਾ ਦਾ ਮੌਕਾ ਦਿੱਤਾ। ਲਹਿਣਾ ਜੀ ਨੇ ਗੁਰੂ ਜੀ ਨੂੰ ਆਪਾ ਸਮਰਪਣ ਕਰਕੇ ਕਰੜੀ ਘਾਲ ਘਾਲੀ। ਉਹ ਸੇਵਾ ਦੀ ਮਿਸਾਲ ਬਣ ਗਏ। ਸੇਵਾ ਵਿੱਚ ਉਹਨਾਂ ਨੇ ਸੰਗਤ ਅਤੇ ਗੁਰਾਂ ਦਾ ਵਿਸ਼ਵਾਸ ਜਿੱਤ ਲਿਆ। ਲਹਿਣਾ ਜੀ ਗੁਰੂ ਦੀ ਆਗਿਆ ਵਿੱਚ ਸਫਲ ਰਹੇ। ਗੁਰੂ ਨਾਨਕ ਦੇਵ ਜੀ ਨੇ ਲਹਿਣਾ ਜੀ ਨੂੰ ਪੂਰੀ ਤਰ੍ਹਾਂ ਯੋਗ ਜਾਣ ਕੇ ਗੁਰੂ ਅੰਗਦ ਦਾ ਨਾਮ ਦੇ ਕੇ ਸਤੰਬਰ 1539 ਨੂੰ ਗੁਰਆਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਅਤੇ ਨਾਲ ਹੀ ਖਡੂਰ ਸਾਹਿਬ ਜਾਣ ਦੀ ਆਗਿਆ ਕੀਤੀ। ਜਿੱਥੇ ਗੁਰੂ ਅੰਗਦ ਦੇਵ ਸਾਹਿਬ ਜੀ ਨੇ 13 ਸਾਲ ਗੁਰੂ ਕਾਲ ਦਾ ਸਮਾਂ ਬਤੀਤ ਕੀਤਾ।

ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਆਪਣਾ ਪ੍ਰਚਾਰ ਕੇਂਦਰ ਬਣਾਇਆ। ਏਥੇ ਹੀ ਆਪ ਜੀ ਦਾ ਮੇਲ ਗੁਰੂ ਅਮਰਦਾਸ ਜੀ ਨਾਲ ਹੋਇਆ। ਗੁਰੂ ਅਮਰਦਾਸ ਜੀ ਨੇ 12 ਸਾਲ ਗੁਰੂ ਅੰਗਦ ਦੇਵ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਵਾਉਣ ਲਈ ਦਰਿਆ ਬਿਆਸ ਤੋਂ ਜਲ ਦੀ ਗਾਗਰ ਲਿਆਉਣ ਦੀ ਸੇਵਾ ਨਿਭਾਈ। ਉਹਨਾਂ ਨੇ ਗੁਰੂ ਅੰਗਦ ਦੇਵ ਜੀ ਪਾਸੋਂ ਨਿਥਾਂਵਿਆਂ ਦੀ ਥਾਂ , ਨਿਓਟਿਆ ਦੀ ਓਟ, ਨਿਆਸਰਿਆਂ ਦਾ ਆਸਰਾ ਆਦਿ ਉਪਮਾ ਦੇ ਵਰ ਪ੍ਰਾਪਤ ਕੀਤੇ।

ਆਪ ਜੀ ਦੇ ਮਹਾਨ ਕਾਰਜਾਂ ਵਿੱਚ ਗੁਰਮੁੱਖੀ ਲਿੱਪੀ ਦਾ ਵਿਕਾਸ ਕੀਤਾ। ਉਸ ਸਮੇਂ ਭਾਸ਼ਾ ਵਿੱਚ ਲੰਡਾ ਮਹਾਜਨੀ ਪ੍ਰਚਲਿਤ ਸੀ। ਗੁਰੂ ਅੰਗਦ ਦੇਵ ਜੀ ਨੇ ਗੁਰਮੁੱਖੀ ਲਿੱਪੀ ਬਣਾ ਸੰਵਾਰ ਕੇ, ਗੁਰਬਾਣੀ ਲਿੱਖਣ ਲਈ ਪ੍ਰਪੱਕ ਇਜ਼ਾਦ ਕੀਤਾ। ਆਮ ਲੋਕਾਂ ਦੇ ਸਮਝਣਯੋਗ ਬਣਾਇਆ ਤਾਂ ਜੋ ਸਿੱਖ ਆਪਣੇ ਧਰਮ ਗ੍ਰੰਥ ਬਿਨਾਂ ਕਿਸੇ ਸ਼ੰਕੇ ਦੇ ਸਮਝ ਸਕਣ ਤੇ ਪ੍ਰਚਾਰ ਕਰ ਸਕਣ। ਧੁਰ ਕੀ ਬਾਣੀ ਗੁਰੂ ਨਾਨਕ ਦੇਵ ਜੀ ਅਤੇ ਸਮੇਂ ਦੇ ਭਗਤਾਂ ਦੀ ਬਾਣੀ ਇੱਕਤਰ ਕਰਕੇ ਪੋਥੀਆਂ ਅਤੇ ਗੁਟਕੇ ਤਿਆਰ ਕਰਕੇ ਦੂਰ ਦੂਰ ਭੇਜਣ ਦਾ ਕਾਰਜ ਆਰੰਭਿਆ। ਭਾਈ ਬਾਲਾ ਜੀ ਤੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਬ੍ਰਿਤਾਂਤ ਨੂੰ ਸੁਣਿਆ ਅਤੇ ਆਪਣੀ ਨਿਗਰਾਨੀ ਹੇਠ ਭਾਈ ਮੋਖੋ ਪੈੜੇ ਦੇ ਹੱਥੋਂ ਗੁਰਮੁੱਖੀ ਵਿੱਚ ਲਿਖਵਾਇਆ। ਬੱਚਿਆਂ ਲਈ ਬਾਲ ਬੋਧ (ਕਾਇਦਾ) ਤਿਆਰ ਕਰਵਾਏ। ਗੁਰਮੁੱਖ ਲਿੱਪੀ ਨੂੰ ਸੰਵਾਰ ਕੇ ਮੌਜੂਦਾ ਸਰੂਪ ਪੈਂਤੀ ਅੱਖਰੀ ਤਿਆਰ ਕੀਤੀ। ਪੰਜਾਬੀ ਗੁਰਮੁਖੀ ਦੇ ਵਿਸਥਾਰ ਲਈ ਸਕੂਲ ਖੋਲ੍ਹੇ ਤਾਂ ਜੋ ਸਧਾਰਣ ਸੰਗਤ ਵੀ ਵਿਦਿਆ ਪ੍ਰਾਪਤ ਕਰਕੇ ਧਾਰਮਿਕ, ਰਾਜਨੀਤਕ, ਸਮਾਜਿਕ, ਵਿਵਹਾਰਕ, ਅਧਿਆਤਮਕ ਚੇਤਨਾ ਨਾਲ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕੇ। ਜਿਥੇ ਆਪ ਜੀ ਨੇ ਬਾਣੀ ਇੱਕਤਰ ਕੀਤੀ, ਉਥੇ ਖੁਦ ਵੀ ਗੁਰਬਾਣੀ ਦੀ ਰਚਨਾ ਕੀਤੀ। ਆਦਿ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵਿੱਚ ਆਪ ਜੀ ਦੇ 62 ਸਲੋਕ 10 ਰਾਗਾਂ ਵਿੱਚ ਅੰਕਤਿ ਹਨ।

ਆਤਮਿਕ ਬਿਰਤੀ ਅਤੇ ਨਰੋਈ ਸਿਹਤ ਲਈ ਨਸ਼ਾ ਮੁਕਤ ਸਮਾਜ ਦੀ ਉਸਾਰੀ ਕੀਤੀ। ਗੁਰੂ ਸਾਹਿਬ ਜੀ ਨੇ ਆਪਣੇ ਸਿੱਖਾਂ ਨੂੰ ਸਰੀਰਕ ਪੱਖੋਂ ਨਰੋਏ ਅਤੇ ਬਲਵਾਨ ਬਣਾਉਣਾ ਚਾਹੁੰਦੇ ਸਨ। ਇਸ ਲਈ ਕਸਰਤਾਂ ਦਾ ਵਿਸ਼ੇਸ ਪ੍ਰਬੰਧ ਕੀਤਾ ਗਿਆ। ਆਪ ਗਭਰੂਆਂ ਦੇ ਘੋਲ ਕਰਵਾਇਆ ਕਰਦੇ ਸਨ। ਗੁਰੂ ਸਾਹਿਬ ਜੀ ਨੇ ਕਸਰਤ ਕਰਨ ਲਈ ਮਲ ਅਖਾੜਾ ਬਣਾਵਾਇਆ। ਜਿਥੇ ਗੁਰਦੁਆਰਾ 'ਮਲ ਅਖਾੜਾ' ਸ਼ਸ਼ੋਭਿਤ ਹੋਇਆ। ਸੰਗਤਾਂ ਸਰੀਰਕ ਅਤੇ ਅਧਿਆਤਮਕ ਅਭਿਆਸ ਕਰਦੀਆਂ ਸਨ। ਉਹਨਾਂ ਅਨੁਸਾਰ ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਮਨ ਵਸ ਸਕਦਾ ਹੈ। ਉਹਨਾਂ ਖੇਡਾਂ, ਕੁਸਤੀਆਂ ਅਤੇ ਸਰੀਰਕ ਕਸਰਤਾਂ ਰਾਹੀਂ ਬੱਚਿਆਂ ਨੂੰ ਅਤੇ ਨੌਜਵਾਨਾਂ ਨੂੰ ਨਸ਼ਾ ਮੁਕਤ ਰਹਿ ਕੇ ਦੇਹ ਅਰੋਗਤਾ ਰਿਸ਼ਟ ਪੁਸ਼ਟ ਤੰਦਰੁਸਤ ਅਤੇ ਚੜ੍ਹਦੀਕਲਾ ਵਿੱਚ ਸਰਬੱਤ ਦੇ ਭਲੇ ਦਾ ਉਪਦੇਸ਼ ਦਿੱਤਾ।

ਬਰਾਬਰਤਾ ਦਾ ਅਹਿਸਾਸ ਦਿਵਾਉਣ ਲਈ ਲੰਗਰ ਦੀ ਪ੍ਰਥਾ ਨੂੰ ਆਪਣੀ ਨਿਗਰਾਨੀ ਹੇਠ ਚਲਾਇਆ। ਆਪ ਜੀ ਦੇ ਲੰਗਰਾਂ ਵਿੱਚ ਘਿਆਲੀ ਦੇਸੀ ਘਿਓ ਵਾਲੀ ਖੀਰ ਵਰਤਦੀ ਸੀ। ਮਾਤਾ ਖੀਵੀ ਜੀ ਆਪਣੇ ਹੱਥੀਂ ਲੰਗਰ ਵਰਤਾਇਆ ਕਰਦੇ ਸਨ। ਜਿਸ ਨਾਲ ਇਸਤਰੀਆਂ ਨੂੰ ਧਰਮ ਪ੍ਰਬੰਧ ਵਿੱਚ ਅਗਵਾਈ ਦੇ ਕੇ ਮਾਣ ਬਖ਼ਸ਼ਿਆ। ਗੁਰੂ ਸਾਹਿਬ ਜੀ ਨੇ ਆਪਣੰ ਕਮਾਈ ਦਾ ਦਸਵੰਧ ਲੋਕ ਭਲਾਈ ਕੰਮਾਂ ਵਿੱਚ ਲਗਾਉਣਾ, ਵੰਡ ਛਕਣਾ, ਨਿਸ਼ਕਾਮ ਸੇਵਾ, ਰੱਬ ਦੀ ਰਜਾ ਵਿੱਚ ਰਹਿਣਾ। ਨਵਜੰਮੇ ਬੱਚੇ ਦਾ ਬਾਣੀ ਵਿਚੋਂ ਨਾਮਕਰਨ ਦੀ ਸ਼ੁਰੂਆਤ ਕੀਤੀ। ਗੁਰੂ ਘਰ ਦੇ ਪ੍ਰੇਮੀ ਸਿੱਖਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰਨ ਦੀ ਸ਼ੁਰੂਆਤ ਕੀਤੀ। ਗੁਰੂ ਸਾਹਿਬ ਜੀ ਨੇ ਬਾਦਸ਼ਾਹ ਹੰਮਾਯੂ ਦਾ ਹੰਕਾਰ ਤੋੜ ਕੇ ਨਿਮਰਤਾ ਵਿੱਚ ਰਹਿ ਕੇ ਧਰਮ ਅਤੇ ਨਿਆਂ 'ਤੇ ਚੱਲਣ ਦਾ ਅਹਿਸਾਸ ਕਰਵਾਇਆ। ਹੋਰ ਉਪਦੇਸ਼ਾਂ ਵਿੱਚ ਰੱਬ ਦਾ ਭਾਣਾ ਮੰਨਣਾ, ਦਿਖਾਵੇ ਤੋਂ ਦੂਰ ਰਹਿਣਾ, ਹਮੇਸ਼ਾ ਲੋੜਵੰਦਾਂ ਬਿਮਾਰਾਂ ਦੀ ਸੇਵਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਧਰਮ ਪ੍ਰਚਾਰ ਵਿੱਚ ਉਹਨਾਂ ਸਾਰੇ ਸਥਾਨਾਂ 'ਤੇ ਪ੍ਰਚਾਰ ਕੀਤਾ, ਜਿੱਥੇ ਜਿੱਥੇ ਗੁਰੂ ਨਾਨਕ ਦੇਵ ਜੀ ਵਿਚਰੇ ਸਨ। ਉਹਨਾਂ ਹੋਰ ਸੈਂਕੜੇ ਸਿੱਖ ਮਤ ਦੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਉਹਨਾਂ ਦੀ ਕਾਰਜਸ਼ੈਲੀ ਵਿੱਚ ਸਭ ਤੋਂ ਮਹੱਤਵਪੂਰਨ ਪੱਖ ਇ ਹੈ ਕਿ ਉਹਨਾਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਤੇ ਧਰਮ ਆਸ਼ੇ ਦੇ ਨਿੰਪੁਨ ਹੁਨਰ ਨੂੰ ਅੱਗੇ ਤੋਰਿਆ। ਇੱਕ ਨਵੇਂ ਧਰਮ ਨੂੰ ਵਿਸਥਾਰ ਦੇ ਰਾਹ ਪਾਇਆ। ਜਿਸ ਧਰਮ ਨੇ ਅੱਜ ਸੰਸਾਰ ਭਰ ਵਿੱਚ ਆਪਣੀ ਪ੍ਰਭਾਵ ਸ਼ਾਲੀ ਪਛਾਣ ਬਣਾਈ ਹੈ। ਉਹਨਾਂ ਜੋਗੀਆਂ ਅਤੇ ਸੰਨਆਸੀਆਂ ਨਾਲ ਗੋਸ਼ਟੀਆਂ ਕਰਕੇ ਸਿੱਖ ਮੱਤ ਦੇ ਨਿਖਾਰ ਨੂੰ ਪੇਸ਼ ਕੀਤਾ। ਗੁਰੂ ਨਾਨਕ ਦੇਵ ਜੀ ਦੇ ਆਰੰਭੇ ਧਾਰਮਿਕ ਅਤੇ ਅਧਿਆਤਮਕ ਪ੍ਰਾਪਤ ਕੀਤੇ ਗਿਆਨ ਨੂੰ ਅੱਗੇ ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤਾ। ਆਪ 29 ਮਾਰਚ 1552 ਨੂੰ ਜੋਤੀ ਜੋਤ ਸਮਾ ਗਏ। ਗੁਰਗੱਦੀ 'ਤੇ ਤੀਸਰੀ ਪਾਤਿਸ਼ਾਹੀ ਗੁਰੂ ਅਮਰਦਾਸ ਜੀ ਬਿਰਾਜਮਾਨ ਹੋਏ। ਗੁਰੂ ਅੰਗਦ ਦੇਵ ਜੀ ਵੱਲੋਂ ਆਰੰਭੇ ਗੋਂਦਵਾਲ ਨੂੰ ਗੁਰੂ ਅਮਰਦਾਸ ਜੀ ਨੇ ਵਸਾਇਆ।

ਗੁਰੂ ਅੰਗਦ ਦੇਵ ਜੀ ਦੀ ਯਾਦ ਵਿੱਚ ਖਡੂਰ ਸਾਹਿਬ ਵਿਖੇ ਵੱਖ ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ। ਜਿਨਾਂ ਵਿੱਚ ਗੁਰਦੁਆਰਾ ਮਾਈ ਭਰਾਈ ਜੀ, ਗੁਰਦੁਆਰਾ ਮਲ ਅਖਾੜਾ ਸਾਹਿਬ, ਗੁਰਦੁਆਰਾ ਤਪਿਆਣਾ (ਤਪ ਅਸਥਾਨ) ਸਾਹਿਬ, ਗੁਰਦੁਆਰਾ ਸਿਲ ਸਾਹਿਬ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ (ਅੰਗੀਠਾ ਸਾਹਿਬ) ਹਨ।

ਅੰਤਿਕਾ : ਪ੍ਰਾਣ ਸਰੀਰਾਂ ਲਈ ਇਵੇਂ ਹਨ ਜਿਵੇਂ ਗੁਰੂ ਜੀਵਾਂ ਦੀ ਆਤਮਾ ਲਈ ਹੈ। ਪਾਣੀ ਸਭ ਜੀਵਾਂ ਦਾ ਪਿਤਾ ਹੈ ਅਤੇ ਧਰਤੀ ਸਭ ਦੀ ਵੱਡੀ ਮਾਂ ਹੈ। ਦਿਨ ਅਤੇ ਰਾਤ ਦੋਵੇਂ ਖਿਡਾਵਾ ਨੂੰ ਖਿਡਾਵੀ ਹਨ। ਸਾਰਾ ਸੰਸਾਰ ਖੇਡ ਰਿਹਾ ਹੈ। ਭਾਵ ਸੰਸਾਰ ਦੇ ਸਾਰੇ ਜੀਵ ਰਾਤ ਨੂੰ ਸੌਣ ਵਿੱਚ ਅਤੇ ਦਿਨੇ ਕਾਰ-ਵਿਹਾਰ ਵਿੱਚ ਲੱਗੇ ਹੋਏ ਹਨ। ਧਰਮਰਾਜ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਜੀਵਾਂ ਦੇ ਕੀਤੇ ਹੋਏ ਚੰਗੇ ਤੇ ਮੰਦੇ ਕੰਮ ਵਿਚਾਰਦਾ ਹੈ। ਆਪੋ ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਅਕਾਲ ਪੁਰਖ ਤੋਂ ਦੂਰ ਹੋ ਜਾਂਦੇ ਹਨ। ਹੇ ਨਾਨਕ ! ਜਿਹੜੇ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫਲ ਕਰ ਗਏ ਹਨ। ਅਕਾਲ ਪੁਰਖ ਦੇ ਦਰ 'ਤੇ ਉਹ ਉੱਜਲ ਮੁੱਖ ਵਾਲੇ ਹਨ ਅਤੇ ਹੋਰ ਭੀ ਕਈ ਜੀਵ ਉਨ੍ਹਾਂ ਦੀ ਸੰਗਤ ਵਿੱਚ ਰਹਿ ਕੇ ਕੂੜ ਦੀ ਪਾਲਿ ਢਾਹ ਕੇ ਮਾਇਆ ਦੇ ਬੰਧਨਾਂ ਤੋਂ ਅਜ਼ਾਦ ਹੋ ਗਏ ਹਨ। ਅੰਗ - 8.


ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

WEBSITE DESIGN & DEVELOPMENT
Basic Web packages are available on comparatively economical rates
we work as per your requirement and charge only according to work
Services
Web Development
Web Designing
Seo Services
Web Re-Design
Technical Support
Logo Design
ਛੋਟੇ/ਵੱਡੇ ਬਿਜ਼ਨਸ, ਐਨ.ਜੀ.ਓ. ਰੇਡਿਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ
ਈ ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
WMA WEB MEDIA ART
Mob: +91-8437636421
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ
webmediaart24@gmail.com www. Webmediaart.com






# ਬੱਚੇ ਮਜ਼ਦੂਰੀ ਕਰਨ ਲਈ ਕਿਉਂ ਹੁੰਦੇ ਨੇ ਮਜਬੂਰ ?



**ਅਰੁਣ ਕੁ. ਕੈਹਰਬਾ**

ਖੁਸ਼ਹਾਲੀ ਅਤੇ ਅੱਛੇ ਦਿਨ ਦੀਆਂ ਗੱਲਾਂ ਦਰਮਿਆਨ ਬੱਚਿਆਂ ਨੂੰ ਮਜ਼ਦੂਰੀ ਕਰਕੇ ਰੋਜ਼ੀ-ਰੋਟੀ ਕਮਾਉਂਦੇ ਦੇਖ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਹਰ ਪਾਸੇ ਸਾਨੂੰ ਛੋਟੇ-ਛੋਟੇ ਹੱਥ ਨਜ਼ਰ ਆ ਰਹੇ ਹਨ, ਜਿਨ੍ਹਾਂ ਨੂੰ ਨੋਟਬੁੱਕ, ਪੈਨਸਿਲ ਅਤੇ ਕਿਤਾਬਾਂ ਫੜੀਆਂ ਹੋਣੀਆਂ ਚਾਹੀਦੀਆਂ ਹਨ, ਪਰ ਉਹ ਸਖ਼ਤ ਮਿਹਨਤ ਕਰ ਰਹੇ ਹਨ। ਜੇਕਰ ਅਸੀਂ ਆਪਣੀ ਦ੍ਰਿਸ਼ਟੀ ਦਾ ਵਿਸਥਾਰ ਕਰੀਏ, ਬੱਚਿਆਂ ਨੂੰ ਬਿਨਾਂ ਕੁਝ ਕਹੇ ਖੇਤਾਂ ਅਤੇ ਘਰਾਂ ਵਿੱਚ ਕੰਮ ਕਰਦੇ ਦੇਖਣ ਦੇ ਆਦੀ ਹੋ ਗਏ ਹਾਂ, ਤਾਂ ਅਸੀਂ ਮਾਚਿਸ-ਬੀੜੀ ਬਣਾਉਣਾ, ਪਟਾਕੇ ਬਣਾਉਣਾ, ਗਲੀਚੇ ਬੁਣਨਾ, ਵੈਲਡਿੰਗ, ਤਾਲਾ ਬਣਾਉਣਾ, ਪਿੱਤਲ ਉਦਯੋਗ, ਕੱਚ ਉਦਯੋਗ, ਹੀਰਾ ਉਦਯੋਗ ਦੇਖ ਸਕਦੇ ਹਾਂ। ਪੱਥਰ ਦੀਆਂ ਖਾਣਾਂ, ਸੀਮਿੰਟ ਉਦਯੋਗ ਅਤੇ ਫਾਰਮਾਸਿਊਟੀਕਲ ਉਦਯੋਗ ਵਿੱਚ ਬੱਚੇ ਬਹੁਤ ਮੁਸ਼ਕਿਲ ਅਤੇ ਸਿਹਤ ਲਈ ਖ਼ਤਰਨਾਕ ਹਾਲਤਾਂ ਵਿੱਚ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਗੰਦੇ ਨਾਲਿਆਂ ਵਿੱਚੋਂ ਕੂੜਾ ਚੁੱਕਦੇ, ਪੋਲੀਥੀਨ ਅਤੇ ਪਲਾਸਟਿਕ ਇਕੱਠਾ ਕਰਦੇ ਵੀ ਨਜ਼ਰ ਆ ਰਹੇ ਹਨ। ਮਾਸੂਮ ਬੱਚੇ, ਜਿਨ੍ਹਾਂ ਨੂੰ ਸਕੂਲ ਵਿੱਚ ਖੇਡਦਿਆਂ ਪੜ੍ਹਨਾ ਚਾਹੀਦਾ ਸੀ, ਬੇਵੱਸ ਹੋ ਕੇ ਹੱਥ ਫੈਲਾ ਕੇ ਭੀਖ ਮੰਗ ਰਹੇ ਹਨ। ਇਨ੍ਹਾਂ ਬੱਚਿਆਂ 'ਤੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਅੱਧ-ਪੀਤੀ ਬੀੜੀ ਦੇ ਟੁਕੜਿਆਂ ਵਾਂਗ ਅਸੀਂ ਇਨ੍ਹਾਂ ਬੱਚਿਆਂ ਨੂੰ ਅਣਜਾਣ ਨਰਕ ਵਿੱਚ ਸੁੱਟ ਕੇ ਚੰਗੇ ਦਿਨਾਂ ਦੀਆਂ ਗੱਲਾਂ ਵਿੱਚ ਰੁੱਝੇ ਹੋਏ ਹਾਂ। ਅੰਕੜਿਆਂ ਦੀ ਗੱਲ ਕਰੀਏ ਤਾਂ ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ ਮੁਤਾਬਕ ਪੂਰੀ ਦੁਨੀਆਂ ਵਿੱਚ 16 ਕਰੋੜ ਬੱਚੇ ਬਾਲ ਮਜ਼ਦੂਰ ਹਨ। ਇਨ੍ਹਾਂ ਵਿੱਚੋਂ 7 ਕਰੋੜ 90 ਲੱਖ ਬੱਚੇ ਖ਼ਤਰਨਾਕ ਕੰਮਾਂ ਵਿੱਚ ਲੱਗੇ ਹੋਏ ਹਨ ਜੋ ਉਨ੍ਹਾਂ ਦੀ ਸਿਹਤ, ਸੁਰੱਖਿਆ ਅਤੇ ਨੈਤਿਕ ਵਿਕਾਸ 'ਤੇ ਮਾੜਾ ਅਸਰ ਪਾਉਂਦੇ ਹਨ। ਭਾਰਤ ਵਿੱਚ ਇਹ ਗਿਣਤੀ ਇੱਕ ਕਰੋੜ ਤੋਂ ਵੱਧ ਦੱਸੀ ਜਾਂਦੀ ਹੈ। ਇੰਟਰਨੈਸ਼ਨਲ ਚਾਈਲਡ ਲੇਬਰ ਆਰਗੇਨਾਈਜੇਸ਼ਨ ਮੁਤਾਬਕ ਭਾਰਤ ਵਿੱਚ ਕੁੱਲ ਬਾਲ ਮਜ਼ਦੂਰਾਂ ਵਿੱਚੋਂ ਲਗਭਗ 19 ਫੀਸਦੀ ਘਰੇਲੂ ਨੌਕਰ ਹਨ। ਲਗਭਗ 80 ਪ੍ਰਤੀਸ਼ਤ ਪੇਂਡੂ ਅਤੇ ਅਸੰਗਠਿਤ ਖੇਤਰ ਅਤੇ ਖੇਤੀਬਾੜੀ ਖੇਤਰ ਵਿੱਚ ਲੱਗੇ ਹੋਏ ਹਨ। ਬਾਲ ਮਜ਼ਦੂਰੀ ਨੂੰ ਖਤਮ ਕਰਨਾ ਸੰਯੁਕਤ ਰਾਸ਼ਟਰ ਦੁਆਰਾ ਨਿਰਧਾਰਤ ਟਿਕਾਊ ਵਿਕਾਸ ਟੀਚਿਆਂ ਵਿੱਚੋਂ ਇੱਕ ਹੈ। ਇਹ ਟੀਚਾ 2025 ਤੱਕ ਪੂਰਾ ਕੀਤਾ ਜਾਣਾ ਹੈ। ਹਾਲਾਂਕਿ ਭਾਰਤ ਨੇ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਨੂੰ ਵੀ ਸਵੀਕਾਰ ਕਰ ਲਿਆ ਹੈ ਅਤੇ ਇਸ ਦਿਸ਼ਾ ਵਿੱਚ ਕਈ ਕਾਨੂੰਨੀ ਵਿਵਸਥਾਵਾਂ ਵੀ ਕੀਤੀਆਂ ਹਨ ਪਰ ਟੀਚਿਆਂ ਦੀ ਪ੍ਰਾਪਤੀ ਲਈ ਭਾਰਤ ਕੀੜੀ ਦੀ ਰਫ਼ਤਾਰ ਨਾਲ ਅੱਗੇ ਵੱਧ ਰਿਹਾ ਹੈ। ਗਰੀਬੀ ਅਤੇ ਲਾਚਾਰੀ ਨੂੰ ਦੂਰ ਕੀਤੇ ਬਿਨਾਂ ਬਾਲ ਮਜ਼ਦੂਰੀ ਅਤੇ ਬੰਧੂਆ ਮਜ਼ਦੂਰੀ ਨੂੰ ਖਤਮ ਕਰਨਾ ਸੰਭਵ ਨਹੀਂ ਹੈ। ਵਿਕਾਸ ਯੋਜਨਾਵਾਂ ਵਿੱਚ ਗਰੀਬੀ ਦੂਰ ਕਰਨ ਵੱਲ ਕੋਈ ਧਿਆਨ ਨਹੀਂ ਹੈ।



ਆਪਣੀ ਬੇਵਸੀ ਵਿੱਚ ਬੱਚਿਆਂ ਦੇ ਮਾਪੇ ਵੀ ਉਨ੍ਹਾਂ ਨੂੰ ਬਹੁਤ ਘੱਟ ਪੈਸਿਆਂ ਵਿੱਚ ਅਜਿਹੇ ਠੇਕੇਦਾਰਾਂ ਕੋਲ ਵੇਚ ਦਿੰਦੇ ਹਨ ਜੋ ਉਨ੍ਹਾਂ ਦੇ ਪ੍ਰਬੰਧ ਅਨੁਸਾਰ ਉਨ੍ਹਾਂ ਨੂੰ ਨੌਕਰੀ ਦਿੰਦੇ ਹਨ। ਕਈ ਵਾਰ ਉਨ੍ਹਾਂ ਨੂੰ ਥੋੜਾ ਜਿਹਾ ਖਾਣਾ ਦੇ ਕੇ ਜੋ ਮਰਜ਼ੀ ਕਰ ਲਿਆ ਜਾਂਦਾ ਹੈ। ਉਹ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ, 18 ਘੰਟੇ ਜਾਂ ਇਸ ਤੋਂ ਵੱਧ ਸਮਾਂ ਕੰਮ ਕਰਦੇ ਹਨ, ਅੱਧਾ-ਅੱਧਾ ਖਾਣਾ ਅਤੇ ਮਨਚਾਹੇ ਕੰਮ ਨਾ ਕਰਨ 'ਤੇ ਕੁੱਟਮਾਰ ਕਰਦੇ ਹਨ। ਫੈਕਟਰੀ ਦਾ ਖ਼ਤਰਨਾਕ ਵਾਤਾਵਰਨ ਅਤੇ ਧੂੜ ਬੱਚਿਆਂ ਨੂੰ ਸਾਹ ਲੈ ਰਹੀ ਹੈ। ਮੁਨਾਫ਼ੇ ਦੀ ਦੌੜ ਵਿੱਚ ਲੱਗੇ ਸਰਮਾਏਦਾਰਾਂ ਦੀਆਂ ਫੈਕਟਰੀਆਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਕੰਮ ਕਰਦੇ ਸਮੇਂ ਹਾਦਸੇ ਵਾਪਰਨਾ ਆਮ ਗੱਲ ਹੈ, ਜਿਸ ਵਿੱਚ ਬੱਚੇ ਆਪਣੀਆਂ ਅੱਖਾਂ ਅਤੇ ਸਰੀਰ ਦੇ ਹੋਰ ਅੰਗ ਗੁਆ ਰਹੇ ਹਨ। ਬੱਚੇ ਕਿਸੇ ਵੀ ਦੇਸ਼ ਦਾ ਭਵਿੱਖ ਹੁੰਦੇ ਹਨ।

(ਬਾਕੀ ਸਫ਼ਾ 27 'ਤੇ)

# ਬੱਚਿਆਂ ਨੂੰ ਮੋਬਾਈਲ ਫ਼ੋਨ ਤੋਂ ਰੱਖੋ ਦੂਰ





ਅੱਜ ਕੱਲ੍ਹ ਮਾਪੇ ਛੋਟੇ ਬੱਚਿਆਂ ਦੇ ਮਨੋਰੰਜਨ ਲਈ ਉਨ੍ਹਾਂ ਨੂੰ ਮੋਬਾਈਲ ਫ਼ੋਨ ਦਿੰਦੇ ਹਨ ਪਰ ਹੁਣ ਇੱਕ ਨਵੇਂ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ 6 ਸਾਲ ਤੱਕ ਦੇ ਬੱਚੇ, ਜੋ ਮੋਬਾਈਲ ਫ਼ੋਨ ਨਾਲ ਖੇਡਦੇ ਹਨ, ਉਨ੍ਹਾਂ ਦੀ ਯਾਦਦਾਸ਼ਤ ਬਾਅਦ ਵਿੱਚ ਕਮਜ਼ੋਰ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਮਾਨਸਿਕ ਰੋਗਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਅੱਜ ਕੱਲ੍ਹ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਨੂੰ ਵਿਅਸਤ ਜਾਂ ਚਿੰਤਤ ਰੱਖਣ ਲਈ ਮੋਬਾਈਲ ਫ਼ੋਨ ਦੇਣਾ ਇੱਕ ਆਮ ਗੱਲ ਹੈ। ਉਹ ਆਪਣੇ ਬੱਚਿਆਂ ਨੂੰ ਖੁਸ਼ ਰੱਖਣ ਅਤੇ ਉਨ੍ਹਾਂ ਨੂੰ ਸ਼ਾਂਤੀ ਦੇਣ ਲਈ ਆਪਣੇ ਫ਼ੋਨ ਉਨ੍ਹਾਂ ਨੂੰ ਸੌਂਪ ਦਿੰਦੇ ਹਨ। ਆਧੁਨਿਕ ਤਕਨਾਲੋਜੀ ਨੇ ਸਾਡੀ ਜ਼ਿੰਦਗੀ ਨੂੰ ਬਦਲ ਦਿੱਤਾ ਹੈ ਅਤੇ ਹੁਣ ਹਰ ਬੱਚੇ ਕੋਲ ਮੋਬਾਈਲ ਹੋਣਾ ਆਮ ਗੱਲ ਹੋ ਗਈ ਹੈ। ਹਾਲਾਂਕਿ, ਇਹ ਅਣਚਾਹੇ ਮਾੜੇ ਪ੍ਰਭਾਵਾਂ ਦਾ ਕਾਰਨ ਵੀ ਬਣਦਾ ਹੈ। ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਮੋਬਾਈਲ ਦੀ ਸਹੀ ਵਰਤੋਂ ਸਿਖਾਉਣ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਇਸ ਦੇ ਖ਼ਤਰਨਾਕ ਪ੍ਰਭਾਵਾਂ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ।

ਪਹਿਲਾਂ ਗੱਲ ਕਰਦੇ ਹਾਂ ਕਿ ਮੋਬਾਈਲ ਫ਼ੋਨ ਦੀ ਜ਼ਿਆਦਾ ਵਰਤੋਂ ਬੱਚਿਆਂ ਲਈ ਕਿੰਨਾ ਖ਼ਤਰਨਾਕ ਹੋ ਸਕਦੀ ਹੈ। ਮੁੱਖ ਚਿੰਤਾ ਉਸਦੀ ਸਿਹਤ ਹੈ। ਬਹੁਤ ਦੇਰ ਤੱਕ ਸਕਰੀਨ ਦੇ ਸਾਹਮਣੇ ਬੈਠੇ ਬੱਚਿਆਂ ਦੇ ਨਕਲੀ ਰੋਸ਼ਨੀ ਕਾਰਨ ਨੱਕ ਵਗ ਸਕਦਾ ਹੈ ਅਤੇ ਉਨ੍ਹਾਂ ਦੀ ਨਜ਼ਰ ਪ੍ਰਭਾਵਿਤ ਹੋ ਸਕਦੀ ਹੈ।

ਮੋਬਾਇਲ ਉਹਨਾਂ ਦੀ ਸਰੀਰਕ ਸਿਹਤ ਲਈ ਵੀ ਖਤਰਾ ਪੈਦਾ ਕਰ ਸਕਦਾ ਹੈ, ਕਿਉਂਕਿ ਉਹਨਾਂ ਕੋਲ ਖੇਡਣ ਅਤੇ ਕਸਰਤ ਲਈ ਘੱਟ ਸਮਾਂ ਬਚਦਾ ਹੈ। ਬੱਚੇ ਇੰਟਰਨੈੱਟ ਦੇ ਸੰਪਰਕ ਵਿੱਚ ਆਉਂਦੇ ਹਨ ਅਤੇ ਅਣਚਾਹੀ ਜਾਂ ਬਾਲਗ ਸਮਗਰੀ ਵਿੱਚ ਸ਼ਾਮਲ ਹੋ ਸਕਦੇ ਹਨ ਜੋ ਉਹਨਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ



ਜੇਕਰ ਕਿਸੇ ਹੋਰ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਬੱਚਿਆਂ ਨੂੰ ਮੋਬਾਈਲ ਫ਼ੋਨ ਦੇਣ ਨਾਲ ਉਨ੍ਹਾਂ ਦੇ ਸਮਾਜਿਕ ਜੀਵਨ 'ਤੇ ਵੀ ਡੂੰਘਾ ਪ੍ਰਭਾਵ ਪੈਂਦਾ ਹੈ। ਉਹਨਾਂ ਕੋਲ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਬਿਤਾਉਣ ਲਈ ਘੱਟ ਸਮਾਂ ਹੁੰਦਾ ਹੈ ਅਤੇ ਉਹ ਇਕੱਲੇ ਮਹਿਸੂਸ ਕਰ ਸਕਦੇ ਹਨ। ਇਸ ਨਾਲ ਉਨ੍ਹਾਂ ਦੇ ਸਮਾਜਿਕ ਰਿਸ਼ਤੇ ਕਮਜ਼ੋਰ ਹੋ ਸਕਦੇ ਹਨ ਅਤੇ ਉਹ ਆਪਣੇ ਅਸਲ ਦੋਸਤਾਂ ਤੋਂ ਅਲੱਗ ਹੋ ਸਕਦੇ ਹਨ। ਉਹ ਨਕਾਰਾਤਮਕ ਭਾਵਨਾਵਾਂ ਵਿੱਚ ਘਿਰੇ ਹੋ ਸਕਦੇ ਹਨ ਅਤੇ ਮਾਨਸਿਕ ਤੌਰ 'ਤੇ ਕਮਜ਼ੋਰ ਹੋ ਸਕਦੇ ਹਨ।

ਮੁਢਲਾ ਹੱਲ ਇਹ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਮੋਬਾਈਲ ਫ਼ੋਨ ਦੀ ਸਹੀ ਵਰਤੋਂ ਸਿਖਾਈਏ। ਸਾਨੂੰ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨਾਲ ਕਿਸੇ ਹੋਰ ਵਿਅਕਤੀ ਵਾਂਗ ਵਿਵਹਾਰ ਨਹੀਂ ਕਰਨਾ ਚਾਹੀਦਾ। ਗੱਲਬਾਤ ਜਾਂ ਸੋਸ਼ਲ ਮੀਡੀਆ 'ਤੇ ਨਾਮ, ਪਤਾ ਜਾਂ ਸਕੂਲ ਦਾ ਖੁਲਾਸਾ ਕਰਨ ਦੀ ਕਦੇ ਲੋੜ ਨਹੀਂ ਹੈ। ਇਸ ਤੋਂ ਇਲਾਵਾ, ਸਾਨੂੰ ਉਨ੍ਹਾਂ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਉਹ ਕਦੇ ਵੀ ਇੰਟਰਨੈੱਟ 'ਤੇ ਅਣਚਾਹੇ ਸੰਦੇਸ਼ ਜਾਂ ਲਿੰਕ ਨਾ ਖੋਲ੍ਹਣ।

ਇਕ ਹੋਰ ਹੱਲ ਵਜੋਂ, ਸਾਨੂੰ ਆਪਣੇ ਬੱਚਿਆਂ ਨਾਲ ਸਮਾਂ ਬਿਤਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਖੇਡਣ, ਇਕੱਠੇ ਘੁੰਮਣ ਅਤੇ ਪਰਿਵਾਰਕ ਸਮਾਂ ਬਿਤਾਉਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਸਮਾਜਿਕ ਜੀਵਨ ਸਕਾਰਾਤਮਕ ਵਿਕਾਸ ਕਰ ਸਕੇ।

(ਬਾਕੀ ਸਫ਼ਾ 27 'ਤੇ)





# ਸੂਹੇ ਰੰਗ ਦੀ ਫੁਲਕਾਰੀ ਮੇਰੀ . . .

ਸੁਰਜੀਤ ਸਿੰਘ

ਫੁਲਕਾਰੀ ਸਿਰਫ਼ ਪਰੰਪਰਾਗਤ ਕਲਾ ਨਹੀਂ ਹੈ, ਇਹ ਪੰਜਾਬ ਦੇ ਜਜ਼ਬਾਤ, ਪਿਆਰ, ਰੰਗ, ਸੱਭਿਆਚਾਰ ਤੇ ਪਰੰਪਰਾਵਾਂ ਦੀ ਕਹਾਣੀ ਹੈ। ਫੁਲਕਾਰੀ ਦੀ ਸਾਰਥਿਕਤਾ ਅੱਜ ਵੀ ਘੱਟ ਨਹੀਂ ਹੋਈ ਹੈ ਅਤੇ ਪੰਜਾਬ ਵਿੱਚ ਹੋਣ ਵਾਲੇ ਸਾਰੇ ਵਿਆਹਾਂ, ਜਨਮ, ਤਿਉਹਾਰਾਂ ਤੇ ਰਸਮਾਂ ਦਾ ਅਨਿੱਖੜਵਾਂ ਅੰਗ ਬਣੀ ਹੋਈ ਹੈ। ਪਰ ਸਮੇਂ ਦੇ ਹਿਸਾਬ ਨਾਲ ਬਹੁਤ ਸਾਰੇ ਇਲਾਕਿਆਂ 'ਚ ਇਹ ਲੋਪ ਹੋ ਚੁੱਕੀ ਹੈ। ਫੁਲਕਾਰੀ ਅੱਜ ਕੱਲ੍ਹ ਜਿਵੇਂ ਬੁਝਾਰਤ ਬਣ ਕੇ ਗੀਤਾਂ ਆਦਿ ਵਿੱਚ ਹੀ ਸਮੋ ਕੇ ਰਹਿ ਗਈ ਹੈ। ਅੱਜ ਕਿਸੇ ਨੇ ਫੁਲਕਾਰੀ ਦੇਖਣੀ ਹੋਵੇ ਤਾਂ ਅਜਾਇਬ ਘਰਾਂ ਵਿੱਚ ਜਾਂ ਵਿਆਹ ਸ਼ਾਦੀਆਂ ਮੌਕੇ ਮੈਰਿਜ ਪੈਲਿਸਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਨ ਵਾਲਿਆਂ ਦੀ ਸਟੇਜਾਂ ਤੇ ਫੁੱਲਕਾਰੀ ਦੀ ਝਲਕ ਮਿਲ ਸਕਦੀ ਹੈ।

ਜੇਕਰ ਅਸੀਂ ਕਹੀਏ ਕਿ ਸਾਡੀਆਂ ਪੰਜਾਬਣਾਂ ਨੇ ਫੁਲਕਾਰੀ ਨੂੰ ਪੂਰੀ ਤਰਾਂ ਵਿਸਾਰ ਦਿੱਤਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ। ਫੁਲਕਾਰੀ ਕਢਾਈ ਭਾਰਤ ਤੇ ਪਾਕਿਸਤਾਨ ਦੇ ਪੰਜਾਬ ਖੇਤਰ ਤੋਂ ਇੱਕ ਰਵਾਇਤੀ ਕਢਾਈ ਤਕਨੀਕ ਹੈ। 'ਫੁਲਕਾਰੀ' ਸ਼ਬਦ ਦਾ ਅਰਥ ਹੈ 'ਫੁੱਲਾਂ ਦਾ ਕੰਮ' ਅਤੇ ਕਢਾਈ ਦੀ ਇਹ ਸ਼ੈਲੀ ਗੁੰਝਲਦਾਰ ਫੁੱਲਾਂ ਦੇ ਨਮੂਨਿਆਂ ਦੀ ਵਿਸ਼ੇਸ਼ਤਾ ਵਾਲੇ ਇਸਦੇ ਜੀਵੰਤ ਤੇ ਰੰਗੀਨ ਡਿਜ਼ਾਈਨ ਲਈ ਜਾਣੀ ਜਾਂਦੀ ਹੈ। ਫੁਲਕਾਰੀ ਦੀ ਕਢਾਈ ਅਕਸਰ ਸ਼ਾਲਾਂ, ਦੁਪੱਟਿਆਂ (ਸਕਾਰਫ਼ਾਂ) ਅਤੇ ਹੋਰ ਕੱਪੜਿਆਂ 'ਤੇ ਕੀਤੀ ਜਾਂਦੀ ਹੈ, ਅਤੇ ਇਹ ਇਸ ਖੇਤਰ ਵਿੱਚ ਸੱਭਿਆਚਾਰਕ ਅਤੇ ਪ੍ਰਤੀਕਾਤਮਕ ਮਹੱਤਵ ਰੱਖਦੀ ਹੈ। ਤਕਨੀਕ ਵਿਚ ਆਮ ਤੌਰ 'ਤੇ ਫੈਬਰਿਕ ਦੇ ਪਿਛਲੇ ਪਾਸੇ ਡਰਨ ਸਟੀਚ ਦੀ ਵਰਤੋਂ ਸ਼ਾਮਲ ਹੁੰਦੀ ਹੈ, ਜਿਸ ਨਾਲ ਸਾਹਮਣੇ ਵਾਲੇ ਪਾਸੇ ਇੱਕ ਵਿਲੱਖਣ ਦਿੱਖ ਬਣ ਜਾਂਦੀ ਹੈ।

ਜਦੋਂ ਕਿਸੇ ਸੱਜ-ਵਿਆਹੀ ਦਾ ਮਾਹੀ ਉਸ ਵੱਲ ਘੱਟ ਤਵੱਜੋਂ ਦਿੰਦਾ ਹੈ ਤਾਂ ਉਸਦੀ ਨਾਰ ਆਪਣੇ ਸੱਜਣ ਨੂੰ ਨਿਹੋਰਾ ਮਾਰ ਕੇ ਬੜੇ ਗੁੱਸੇ ਅਤੇ ਪਿਆਰ ਨਾਲ ਸਮਝਾਉਂਦੀ ਹੈ ਅਤੇ ਆਪਣੇ ਸੁਹੱਪਣ ਤੇ ਉੱਤੇ ਲਈ ਫੁਲਕਾਰੀ ਦਾ ਵਾਸਤਾ ਵੀ ਦਿੰਦੀ ਹੈ। ਨਾਲ ਹੀ ਉਨ੍ਹਾਂ ਲੋਕਾਂ ਦਾ ਚੇਤਾ ਵੀ ਕਰਵਾਉਂਦੀ ਹੈ ਜੋ ਕਿ ਸਾਰੀ ਉਮਰ ਔਰਤ ਦਾ ਸਾਥ ਨਾ ਲੱਭ ਸਕੇ ਤੇ ਲੋਕਾਂ ਵੱਲ ਦੇਖ ਕੇ ਝੁਰਦਿਆਂ ਹੀ ਉਮਰ ਬਿਤਾ ਦਿੱਤੀ,

ਸੋਹਣੀ ਸੁਨੱਖੀ ਮੁਟਿਆਰ ਤੇਰੀ, ਉੱਤੇ ਸੂਹੀ ਫੁਲਕਾਰੀ

ਕਈ ਰੰਨਾਂ ਨੂੰ ਝੂਰਦੇ ਹੋ ਗਏ ਬੁੱਢੇ, ਤੂੰ ਮੂਰਖਾ ਮਨੋਂ ਵਿਸਾਰੀ।

ਪੰਜਾਬ ਦੀਆਂ ਔਰਤਾਂ ਵੱਲੋਂ ਫੁਲਕਾਰੀ ਕਲਾ ਦਾ ਅਭਿਆਸ ਕੀਤਾ ਜਾਂਦਾ ਸੀ। ਦਰੱਖ਼ਤ ਦੀ ਸੁਰੱਖਿਆ ਵਾਲੀ ਛਾਂ ਵਿੱਚ ਖਿੱਚੀਆਂ ਚਰਖੜੀਆਂ 'ਤੇ ਬੈਠ ਕੇ, ਪੰਜਾਬ ਭਰ ਦੇ ਪਿੰਡਾਂ ਅਤੇ ਛੋਟੇ ਕਸਬਿਆਂ ਦੀਆਂ ਔਰਤਾਂ ਅਕਸਰ ਦੁਪੱਟਿਆਂ, ਸ਼ਾਲਾਂ ਜਾਂ ਹੋਰ ਕੱਪੜਿਆਂ 'ਤੇ ਸ਼ਾਨਦਾਰ 'ਫੁਲਕਾਰੀ' ਫੁੱਲਾਂ ਦੀ ਕਢਾਈ ਕਰਨ ਵਿੱਚ ਰੁੱਝੀਆਂ ਰਹਿੰਦੀਆਂ ਸਨ। ਇਹ ਕਲਾ ਪੂਰੇ ਪੰਜਾਬ ਵਿੱਚ ਪ੍ਰਚਲਿਤ ਸੀ ਜੋ 1947 ਦੀ ਵੰਡ ਤੋਂ ਬਾਅਦ ਵੰਡੀ ਗਈ ਸੀ। ਇਸ ਲਈ ਹੁਣ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿੱਚ ਫੁਲਕਾਰੀ ਦਾ ਅਭਿਆਸ ਕੀਤਾ ਜਾਂਦਾ ਹੈ। ਫੁਲਕਾਰੀ ਦੀਆਂ ਤਾਰਾਂ ਦੋਹਾਂ ਦੇਸ਼ਾਂ ਦੇ ਸੱਭਿਆਚਾਰਕ ਰਿਸ਼ਤੇ ਨੂੰ ਜੋੜਦੀਆਂ ਹਨ। ਔਰਤਾਂ ਕੱਪੜਿਆਂ 'ਤੇ ਸ਼ਾਨਦਾਰ ਕਢਾਈ ਕਰਦੇ ਲੋਕ ਗੀਤ ਗਾਉਂਦੀਆਂ ਸਨ।



ਸੂਹੇ ਰੰਗ ਦੀ ਫੁਲਕਾਰੀ ਮੇਰੀ, ਉੱਤੇ ਫੁੱਲ ਬੂਟੇ ਮੈਂ ਪਾਂਦੀ ਆਂ

ਸੱਜਣਾਂ ਦੀ ਉਡੀਕ ਵਿੱਚ, ਰੋਜ਼ ਮੈਂ ਇੱਕ ਤੰਦ ਪਾਂਦੀ ਆਂ।

ਫੁਲਕਾਰੀ ਨੂੰ ਸਿਰਫ਼ ਕਲਾ ਨਹੀਂ ਮੰਨਿਆ ਜਾਂਦਾ, ਇਹ ਇੱਕ ਲੜਕੀ ਦਾ ਆਪਣੀ ਮਾਂ ਨਾਲ ਭਾਵਨਾਤਮਕ ਬੰਧਨ ਵੀ ਸੀ। ਜਿਸਨੇ ਉਸਦੇ ਲਈ ਫੁਲਕਾਰੀ ਬੁਣਾਈ ਸੀ। ਜਦੋਂ ਕੋਈ ਕੁੜੀ, ਔਰਤ, ਪਤਨੀ ਜਾਂ ਮਾਂ ਬਣ ਜਾਂਦੀ ਸੀ ਤਾਂ ਉਸ ਲਈ ਫੁਲਕਾਰੀ ਦੁਪੱਟਾ, ਸ਼ਾਲ ਜਾਂ ਕੱਪੜੇ ਦਾ ਸੁੰਦਰ ਟੁਕੜਾ ਬਣਾਇਆ ਜਾਂਦਾ ਸੀ ਪਰ ਅੱਜ ਕੱਲ੍ਹ ਤਾਂ ਸ਼ਾਇਦ ਇਨ੍ਹਾਂ ਗੱਲਾਂ ਵਾਰੇ ਸੁਪਨੇ ਵਿੱਚ ਵੀ ਨਹੀਂ ਸੋਚਦਾ।

**ਕਢਾਈ ਦਾ ਰੂਪ**

ਫੁਲਕਾਰੀ ਕਢਾਈ ਦਾ ਪਰੰਪਰਾਗਤ ਰੂਪ ਹੈ ਜੋ ਪੰਜਾਬ ਤੋਂ ਉਪਜੀ ਹੈ। ਇਹ ਫੁੱਲਾਂ ਦੇ ਆਕਾਰ (ਫੁਲ-ਅਕਾਰੀ) ਵਿੱਚ ਅਨੁਵਾਦ ਕਰਦਾ ਹੈ, ਹਾਲਾਂਕਿ ਪੈਟਰਨ ਹੁਣ ਫੁੱਲਾਂ ਤੱਕ ਸੀਮਿਤ ਨਹੀਂ ਸਨ। ਫੁਲਕਾਰੀ ਬਾਰੇ ਸਭ ਤੋਂ ਅਜੀਬ ਗੱਲ ਇਹ ਹੈ ਕਿ ਨਮੂਨੇ ਕੱਪੜੇ ਦੇ ਮੋਟੇ ਪਾਸੇ 'ਤੇ ਬਣਾਏ ਗਏ ਹਨ। ਕਢਾਈ ਦੇ ਇਸ ਰੂਪ ਨੂੰ ਇਸ ਅਨੁਸਾਰ ਤੌਰ 'ਤੇ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ:

**ਬਾਗ਼**

ਜਿਵੇਂ ਕਿ ਤੁਸੀਂ ਜਾਣਦੇ ਹੋਵੋਗੇ ਕਿ ਪਹਿਲਾਂ ਹੀ ਬਾਗ਼ ਦਾ ਅਰਥ ਹੈ ਬਾਗ। ਇਸ ਲਈ ਬਾਗ਼ ਵਿੱਚ, ਪੂਰਾ ਅਧਾਰ ਕੱਪੜਾ ਫੁੱਲਾਂ ਨਾਲ ਭਰਿਆ ਹੁੰਦਾ ਹੈ, ਕਢਾਈ ਦੇ ਕੰਮ ਦੀ ਘਣਤਾ ਇੰਨੀ ਜ਼ਿਆਦਾ ਹੁੰਦੀ ਹੈ ਕਿ ਕੰਮ ਆਪਣੇ ਆਪ ਵਿੱਚ ਇੱਕ ਫੈਬਰਿਕ ਬਣ ਜਾਂਦਾ ਹੈ। ਇਸ ਦਾ ਨਤੀਜਾ ਵਧੇਰੇ ਸਮਾਂ ਲੈਣ ਵਾਲਾ ਅਤੇ ਮਹਿੰਗਾ ਹੁੰਦਾ ਹੈ।

**ਬਾਵਨ ਬਾਗ਼**

ਬਾਵਨ ਬਾਗ਼ ਇੱਕ ਕੱਪੜੇ ਉੱਤੇ 52 ਵੱਖ-ਵੱਖ ਪੈਟਰਨਾਂ ਵਾਲਾ ਮੋਜ਼ੇਕ ਹੈ। ਇਸਦੀ ਵਰਤੋਂ ਪੇਸ਼ੇਵਰ ਕਢਾਈ ਕਰਨ ਵਾਲੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਕਰਦੇ ਸਨ। ਅਫ਼ਸੋਸ ਕਿ ਅੱਜ ਫੁਲਕਾਰੀ ਤੇ ਬਾਗ਼ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ ਜਿਸ ਬਾਰੇ ਕਿਸੇ ਤਰ੍ਹਾਂ ਭਰਮ ਭੁਲੇਖਾ ਨਹੀਂ ਹੈ।

ਅਸੀਂ ਆਪਣੇ ਵਿਰਸੇ ਅਤੇ ਸੱਭਿਆਚਾਰ ਤੋਂ ਹੌਲੀ-ਹੌਲੀ ਦੂਰ ਹੋਈ ਜਾ ਰਹੇ ਹਾਂ ਜਿਸ ਦੇ ਅਸੀਂ ਖ਼ੁਦ ਜ਼ਿੰਮੇਵਾਰ ਹਾਂ ਕਿਉਂਕਿ ਧੀਆਂ-ਪੁੱਤ ਤਾਂ ਅਸੀਂ ਜ਼ਮੀਨਾਂ-ਜਾਇਦਾਦਾਂ ਗਹਿਣੇ, ਜਾਂ ਵੇਚ ਵੱਟ ਕੇ ਪ੍ਰਦੇਸੀਂ ਤੋਰ ਦਿੱਤੇ ਅਤੇ ਮਾਂ-ਬਾਪ ਸਾਰਾ ਪਰਿਵਾਰ ਕਰਜ਼ੇ ਦੀਆਂ ਕਿਸ਼ਤਾਂ ਉਤਾਰਦਾ ਹੀ ਬੁੱਢਾ ਹੋ ਜਾਂਦਾ। ਫਿਰ ਕਦੋਂ ਮਿਲੇਗਾ ਫੁਲਕਾਰੀਆਂ ਲਈ ਸਮਾਂ। ਬਾਕੀ ਬਚੀ-ਖੁਚੀ ਕਸਰ ਬਦਲਦੇ ਜ਼ਮਾਨੇ ਨੇ ਪੂਰੀ ਕਰ ਦਿੱਤੀ ਪਰ ਅਸੀਂ ਸ਼ਾਇਦ ਜ਼ਿਆਦਾ ਹੀ ਅਵੇਸਲੇ ਹਾਂ ਅਤੇ ਆਪਣੇ ਵਿਰਸੇ ਨੂੰ ਸਾਂਭਣ ਲਈ ਕੋਈ ਵੀ ਕਿਸੇ ਵੀ ਤਰ੍ਹਾਂ ਵੀ ਜ਼ਿੰਮੇਵਾਰੀ ਨਹੀਂ ਦਿਖਾਉਂਦੇ। ਸਾਨੂੰ ਇਹ ਯਤਨ ਕਰਨੇ ਚਾਹੀਦੇ ਹਨ ਕਿ ਸਾਡੇ ਵਿਰਸੇ ਦੀ ਪਛਾਣ ਫੁਲਕਾਰੀ ਨੂੰ ਹਮੇਸ਼ਾ ਲਈ ਆਪਣਾ ਅੰਗ ਬਣਾ ਕੇ ਰੱਖੀਏ। ਇਹ ਸਾਡੇ ਸਾਂਝੇ ਹੰਭਲੇ ਨਾਲ ਹੀ ਸੰਭਵ ਹੈ।



# ਲੋਕ ਕਲਾ ਨਕਲਾਂ



ਡਾ. ਪ੍ਰਿਤਪਾਲ ਸਿੰਘ ਮਹਿਰੋਕ

ਪੰਜਾਬੀ ਲੋਕਧਾਰਾ ਵਿੱਚ ਲੋਕ ਕਲਾਵਾਂ ਦਾ ਵਿਸ਼ੇਸ਼ ਮਹੱਤਵ ਹੈ। ਲੋਕ ਕਲਾਵਾਂ ਦੀਆਂ ਕਿਸਮਾਂ, ਰੂਪ - ਵੰਨਗੀਆਂ, ਉਨ੍ਹਾਂ ਦੇ ਸਭਾਅ, ਉਨ੍ਹਾਂ ਦੇ ਖੇਤਰ, ਉਨ੍ਹਾਂ ਨਾਲ ਜੁੜੇ ਕਲਾਕਾਰਾਂ, ਉਨ੍ਹਾਂ ਦੀਆਂ ਪੇਸ਼ਕਾਰੀਆਂ ਦੇ ਮਾਧਿਅਮ ਤੇ ਉਨ੍ਹਾਂ ਅੰਦਰ ਛੁਪੇ ਸੁਨੇਹੇ ਦੀ ਕੋਈ ਸੀਮਾਂ ਨਹੀਂ। ਪੰਜਾਬੀ ਲੋਕ ਕਲਾਵਾਂ ਵਿੱਚ ਨਕਲਾਂ ਕਰਨ ਦੀ ਕਲਾ ਵਿਸ਼ੇਸ਼ ਮਹੱਤਵ ਹੈ। ਨਕਲਾਂ ਕਰਨ ਦੀ ਕਲਾ ਨੂੰ ਆਪਣੀ ਚੜ੍ਹਤ ਵਾਲੇ ਸਮਿਆਂ ਵਿੱਚ ਲੋਕਾਂ ਵੱਲੋਂ ਭਰਵਾਂ ਪਿਆਰ ਮਿਲਦਾ ਰਿਹਾ ਹੈ। ਕਿਸੇ ਜਾਣੇ-ਪਛਾਣੇ ਵਿਅਕਤੀ ਦੀਆਂ ਕਹੀਆਂ-ਸੁਣੀਆਂ ਗੱਲਾਂ ਨੂੰ, ਗੱਲਬਾਤ ਕਰਨ ਦੇ ਅੰਦਾਜ਼ ਨੂੰ, ਉਸ ਦੀਆਂ ਆਦਤਾਂ, ਸੁਭਾਅ, ਪੇਸ਼ੇ, ਚਾਲ-ਢਾਲ, ਕਿਸੇ ਘਟਨਾ ਆਦਿ ਸਬੰਧੀ ਨਕਾਲ ਆਪਣੇ ਨਿਵੇਕਲੇ ਲਹਿਜੇ ਵਿੱਚ ਤੇ ਵਿਅੰਗਾਤਮਕ ਸੁਰ ਵਿੱਚ ਪੇਸ਼ ਕਰਦੇ ਹਨ। ਹੂ-ਬ-ਹੂ ਨਕਲ ਉਤਾਰਨ ਦੀ ਕਲਾ ਨੂੰ ਮੁੱਢਲੇ ਰੂਪ ਵਿੱਚ ਨਕਲਾਂ ਕਿਹਾ ਜਾਣ ਲੱਗ ਪਿਆ। ਲੋਕ ਨਾਟ ਦੀ ਇਸ ਵਿਧਾ ਨੂੰ ਸਾਂਗ, ਰੀਸ ਜਾਂ ਕਿਸੇ ਹੋਰ ਦੀ ਨਕਲ ਕਰਨਾ ਕਹਿ ਲਿਆ ਜਾਂਦਾ ਹੈ। ਨਕਲਾਂ ਨੂੰ ਭੰਡ-ਭੰਡੌਤੀ ਵੀ ਕਹਿੰਦੇ ਹਨ। ਭੰਡ ਅਸਲ ਵਿੱਚ ਭੰਡੀ ਕਰਨ ਵਾਲੇ ਨੂੰ ਕਹਿੰਦੇ ਹਨ। ਸਮੇਂ ਦੇ ਬਦਲਣ ਨਾਲ ਨਕਲਾਂ ਦੇ ਰੂਪ ਵਿੱਚ ਤਬਦੀਲੀ ਆਉਂਦੀ ਗਈ। ਨਕਲਾਂ ਉਤਾਰਨ ਦੀ ਕਲਾ ਵਿੱਚ ਮਾਹਿਰ ਕਲਾਕਾਰ ਆਪਣੀ ਜ਼ੁਬਾਨੀ ਅਤੇ ਅਭਿਨੈ ਰਾਹੀਂ ਕਹੀ ਹਰੇਕ ਗੱਲ ਨੂੰ ਹਾਸ-ਵਿਅੰਗ ਦਾ ਤੜਕਾ ਲਗਾ ਕੇ ਪੇਸ਼ ਕਰਦੇ ਸਨ, ਲੋਕਾਂ ਨੂੰ ਹਸਾਉਂਦੇ ਸਨ ਤੇ ਉਨ੍ਹਾਂ ਦਾ ਮਨੋਰੰਜਨ ਕਰਦੇ ਸਨ। ਉਨ੍ਹਾਂ ਦੇ ਚੁਸਤ ਵਾਰਤਾਲਾਪ, ਵਿਅੰਗ ਸਿਰਜਣ ਦੀ ਕਲਾ, ਹਾਜ਼ਰ ਜਵਾਬੀ ਤੇ ਨਾਟਕੀ ਮੌਕੇ ਸਿਰਜਣ ਦੀ ਕਲਾ ਨੂੰ ਲੋਕ ਮਾਣਦੇ ਹਨ। ਕਹਿੰਦੇ ਹਨ ਨਕਲਾਂ ਦੀ ਕਲਾ ਸਿੱਖਣ ਲਈ ਉਸਤਾਦੀ-ਸ਼ਾਗਿਰਦੀ ਦੀ ਪਰੰਪਰਾ ਚੱਲਦੀ ਆਉਂਦੀ ਰਹੀ ਹੈ।

ਮੱਧਕਾਲ ਵਿੱਚ ਨਕਾਲ, ਭੰਡ ਤੇ ਬਹੁਰੂਪੀਏ ਨਕਲਾਂ ਉਤਾਰ ਕੇ ਰਾਜਿਆਂ-ਮਹਾਰਾਜਿਆਂ, ਹੋਰ ਅਮੀਰਾਂ/ਸ਼ੌਕੀਨਾਂ ਅਤੇ ਆਮ ਲੋਕਾਂ ਦਾ ਮਨੋਰੰਜਨ ਕਰਦੇ ਸਨ। ਨਕਲਾਂ ਕਰਨ ਵਾਲੇ ਨੂੰ ਨਕਾਲ ਕਿਹਾ ਜਾਂਦਾ ਸੀ। ਨਕਾਲ, ਪੰਜਾਬੀ ਸੱਭਿਆਚਾਰ ਵਿੱਚ ਮਾਣ-ਸਨਮਾਨ ਰੱਖਣ ਵਾਲੇ ਪਾਤਰ ਭੰਡ ਦਾ ਸਮਭਾਵੀ ਸ਼ਬਦ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਇਧਰਲੇ ਪੰਜਾਬ ਦੇ ਬਹੁਤੇ ਵੱਡੇ ਪਿੰਡਾਂ ਤੇ ਸ਼ਹਿਰਾਂ ਵਿੱਚ ਭੰਡ ਤੇ ਨਕਾਲ ਰਹਿੰਦੇ ਸਨ। ਉੱਚੇ ਅਹੁਦਿਆਂ 'ਤੇ ਬੈਠੇ, ਪੈਸੇ ਤੇ ਸ਼ੋਹਰਤ ਦੇ ਪੱਖ ਤੋਂ ਨਾਮਣਾ ਖੱਟਣ ਵਾਲੇ ਧਨਾਢ ਲੋਕਾਂ ਦੇ ਦਰਬਾਰਾਂ ਵਿੱਚ ਜਾਂ ਘਰੀਂ ਜਦੋਂ ਕੋਈ ਖ਼ੁਸ਼ੀ ਦਾ ਅਵਸਰ, ਸਮਾਗਮ ਹੁੰਦਾ ਸੀ ਤਾਂ ਨਕਾਲ ਉਨ੍ਹਾਂ ਉੱਪਰ ਵਿਅੰਗ ਦੇ ਤੇਜ਼ ਤੇ ਕਾਟਵੇਂ ਹਥਿਆਰਾਂ ਨਾਲ ਵਾਰ ਕਰਦੇ ਸਨ। ਉਨ੍ਹਾਂ ਦੀ ਕਲਾ ਦੇ ਕਮਾਲ ਤੋਂ ਖ਼ੁਸ਼ ਹੋ ਕੇ ਉਨ੍ਹਾਂ ਨੂੰ ਉਹ ਕੁਝ ਪੈਸੇ, ਵਸਤਾਂ ਦੇ ਦਿੰਦੇ ਸਨ। ਉਨ੍ਹਾਂ ਦਾ ਮਾਣ ਰੱਖਦੇ ਸਨ ਤੇ ਆਪਣਾ ਮਾਣ ਵਧਾਉਂਦੇ ਸਨ। ਕਹਿੰਦੇ ਹਨ ਕਈ ਨਾਮਵਰ ਨਕਾਲਾਂ ਦੀ ਆਪਣੇ ਇਲਾਕਿਆਂ ਵਿੱਚ ਚੰਗੀ ਆਨ-ਸ਼ਾਨ, ਠਾਠ-ਬਾਠ ਤੇ ਦਬ-ਦਬਾਅ ਹੁੰਦਾ ਸੀ। ਉਹ ਰੱਜੇ-ਪੁੱਜੇ ਲੋਕ ਹੁੰਦੇ ਸਨ ਤੇ ਠਾਠ ਨਾਲ ਰਹਿੰਦੇ ਸਨ। ਉਨ੍ਹਾਂ ਵਿੱਚੋਂ ਕਈ ਕੀਮਤੀ ਪਾਲਤੂ ਪਸ਼ੂ ਤੇ ਘੋੜੇ ਰੱਖਣ ਦੇ ਸ਼ੌਕੀਨ ਹੁੰਦੇ ਸਨ। ਕਦੇ ਕਦੇ ਘੋੜਿਆਂ 'ਤੇ ਸਵਾਰ ਹੋ ਕੇ ਉਹ ਆਸ-ਪਾਸ ਦੇ ਪਿੰਡਾਂ ਵਿੱਚ ਗੇੜਾ ਵੀ ਲਗਾਉਂਦੇ ਸਨ।



ਮੁੱਖ ਤੌਰ 'ਤੇ ਨਕਲਾਂ ਦੋ ਕਿਸਮ ਦੀਆਂ ਹੁੰਦੀਆਂ ਹਨ : ਨਿੱਕੀਆਂ ਨਕਲਾਂ ਤੇ ਲੰਮੀਆਂ ਨਕਲਾਂ। ਨਿੱਕੀਆਂ ਨਕਲਾਂ ਨੂੰ ਕੇਵਲ ਦੋ ਕਲਾਕਾਰ ਖੇਡਦੇ ਹਨ। ਉਨ੍ਹਾਂ ਵਿੱਚੋਂ ਇੱਕ ਦੇ ਹੱਥ ਚਮੋਟਾ ਹੁੰਦਾ ਹੈ ਤੇ ਦੂਜੇ ਕੋਲ ਛੋਟਾ ਜਿਹਾ ਤਬਲਾ। ਗੱਲਾਂ ਕਰਨ ਦੌਰਾਨ ਤਬਲੇ ਵਾਲਾ ਕੋਈ ਬੇਤੁਕੀ ਜਾਂ ਪੁੱਠੀ ਜਿਹੀ ਗੱਲ ਕਰਦਾ ਹੈ, ਸਵਾਲਾਂ ਦੇ ਉਲਟੇ-ਸਿੱਧੇ ਤੇ ਊਲ ਜਲੂਲ ਜਵਾਬ ਦਿੰਦਾ ਹੈ ਤਾਂ ਦੂਜਾ ਤਟ-ਫਟ ਉਸਦੇ ਕੱਸ ਕੇ ਚਮੋਟਾ ਮਾਰਦਾ ਹੈ। ਇਸ ਤਰ੍ਹਾਂ ਹਾਸਾ ਪੈਦਾ ਹੋਣਾ ਸੁਭਾਵਿਕ ਹੁੰਦਾ ਹੈ। ਅਜਿਹੀਆਂ ਨਕਲਾਂ ਦਾ ਕਾਰਜ 5, 7 ਜਾਂ 10 ਮਿੰਟਾਂ ਵਿੱਚ ਨਿਪਟਾ ਲਿਆ ਜਾਂਦਾ ਹੈ। ਲੰਮੀਆਂ ਨਕਲਾਂ ਵਿੱਚ ਕਿਸੇ ਰੌਚਿਕ ਘਟਨਾ ਨੂੰ ਵੱਖ ਵੱਖ ਝਾਕੀਆਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਇਹ ਲੰਮੇ ਸਮੇਂ 'ਤੇ ਫੈਲਦੀਆਂ ਹਨ। ਇਨ੍ਹਾਂ ਨੂੰ ਖੇਡਣ ਲਈ ਦੋ ਮੁੱਖ ਪਾਤਰਾਂ ਤੋਂ ਇਲਾਵਾ ਕੁਝ ਹੋਰ ਪਾਤਰਾਂ ਦੀ ਟੋਲੀ ਵੀ ਹੁੰਦੀ ਹੈ। ਮੁੱਖ ਪਾਤਰਾਂ ਵਿੱਚੋਂ ਇੱਕ ਬਿੱਲਾ ਹੁੰਦਾ ਹੈ ਤੇ ਦੂਜਾ ਬਿਗਲਾ। ਰੰਗਾ ਗੱਲਾਂ ਨਾਲ ਕਿਲ੍ਹੇ ਉਸਾਰਦਾ ਜਾਂਦਾ ਹੈ। ਬਿਗਲਾ ਇਕ ਸੱਟ ਵਿੱਚ ਹੀ ਉਨ੍ਹਾਂ ਨੂੰ ਢਾਹ ਦਿੰਦਾ ਹੈ। ਕਹਿੰਦੇ ਹਨ ਰੰਗਾ ਆਪਣੀ ਕਲਾ ਵਿੱਚ ਡਾਹਢਾ ਨਿਪੁੰਨ ਸੀ ਤੇ ਸੁਹਣਾ ਗਾਉਂਦਾ ਸੀ। ਉਹ ਕੋਈ ਕਹਾਣੀ ਸੁਣਾਉਂਦਾ ਜਾਂਦਾ ਸੀ। ਕਹਾਣੀ ਨੂੰ ਲਮਕਾਉਂਦਾ ਜਾਂਦਾ ਸੀ। ਉਸਦਾ ਦੂਜਾ ਮਿੱਤਰ ਹਸਾਉਂਦਾ ਤਾਂ ਬਹੁਤ ਸੀ ਪਰ ਉਹ ਗਾਉਣ ਦੀ ਕਲਾ ਵਿੱਚ ਬਹੁਤ ਢਿੱਲਾ ਸੀ। ਉਹ ਉਸਦੀ ਗੱਲ ਵਿਗਾੜ ਕੇ ਉਸਦੀ ਨਕਲ ਕਰਦਾ ਸੀ। ਆਵਾਜ਼ ਤੇ ਗੱਲਾਂ ਵਿਗਾੜ ਕੇ ਕਰਨ ਕਰਕੇ ਹੀ ਉਸਨੂੰ ਬਿਗੜਾ ਕਿਹਾ ਜਾਣ ਲੱਗ ਪਿਆ ਜੋ ਸਮੇਂ ਦੇ ਫੇਰ ਬਦਲ ਨਾਲ ਬਿਗਲਾ ਬਣ ਗਿਆ ਹੋਵੇਗਾ। ਲੰਮੀਆਂ ਨਕਲਾਂ ਵਧੇਰੇ ਕਰਕੇ ਰੰਗਾ ਦੁਆਲੇ ਹੀ ਘੁੰਮਦੀਆਂ ਸਨ। ਇਨ੍ਹਾਂ ਨਕਲਾਂ ਵਿੱਚ ਦਰਸ਼ਕਾਂ ਦੀ ਭੂਮਿਕਾ ਵੀ ਵਿਸ਼ੇਸ਼ ਸਥਾਨ ਰੱਖਦੀ ਸੀ। ਨਕਲਾਂ ਖੁੱਲ੍ਹੇ ਸੁਭਾਅ ਵਾਲੀ ਕਲਾ ਦੇ ਰੂਪ ਵਜੋਂ ਜਾਣੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਬਹੁਤੀਆਂ ਗੱਲਾਂ ਸੰਕੇਤਾਂ ਰਾਹੀਂ ਕਹੀਆਂ ਜਾਂਦੀਆਂ ਸਨ। ਇਨ੍ਹਾਂ ਦੀ ਖ਼ੂਬਸੂਰਤੀ ਦਾ ਇਕ ਪਹਿਲੂ ਇਹ ਵੀ ਹੁੰਦਾ ਸੀ ਕਿ ਇਕ ਪਾਤਰ ਬਿਨਾਂ ਵਸਤਰ ਬਦਲਣ ਤੋਂ ਕਈ ਪਾਤਰਾਂ ਦੀ ਭੂਮਿਕਾ ਨਿਭਾ ਲੈਂਦਾ ਸੀ।

ਆਮ ਗੱਲਬਾਤ ਦੌਰਾਨ ਵੀ ਤੇ ਨਕਲਾਂ ਕਰਨ ਵੇਲੇ ਵੀ ਨਕਾਲ ਹਰੇਕ ਗੱਲ 'ਤੇ ਲੋਕਾਂ ਦਾ ਮਨ ਪ੍ਰਚਾਉਂਦੇ ਤੇ ਹਾਸੇ ਵੰਡਦੇ ਰਹਿੰਦੇ ਸਨ। ਪ੍ਰਸਿੱਧ ਨਕਾਲਾਂ ਦਾ ਆਪਣੇ ਇਲਾਕੇ ਵਿੱਚ ਚੰਗਾ ਚੋਖਾ ਨਾਂ ਹੁੰਦਾ ਸੀ। ਉਹ ਇਲਾਕੇ ਵਿੱਚੋਂ ਦਾਣੇ, ਰਸਦ, ਅਨਾਜ ਆਦਿ ਇਕੱਠੇ ਕਰਦੇ ਸਨ। ਉਹ ਨਕਲਾਂ ਕਰਦੇ ਸਨ ਤਾਂ ਲੋਕ ਉਨ੍ਹਾਂ ਤੋਂ ਪੈਸੇ ਵਾਰਦੇ ਸਨ ਜਾਂ ਪੈਸਿਆਂ ਦੀ ਵੇਲ ਕਰਾਉਂਦੇ ਸਨ। ਵੱਡੇ ਲੋਕਾਂ ਦੇ ਖ਼ੁਸ਼ੀ ਦੇ ਕਾਰਜਾਂ ਦੇ ਮੌਕੇ 'ਤੇ ਜਾਣ, ਨਕਲਾਂ ਕਰਨ, ਢੋਲ-ਨਗਾਰੇ ਆਦਿ ਵਜਾ ਕੇ ਵਧਾਈਆਂ ਦੇਣ ਦੇ ਬਦਲੇ ਵਿੱਚ ਪੈਸੇ ਲੈਣ ਨੂੰ ਉਹ ਆਪਣਾ ਅਧਿਕਾਰ ਸਮਝਦੇ ਸਨ। (ਬਾਕੀ ਸਫ਼ਾ 27 'ਤੇ)

# ਲੋਕ ਗੀਤਾਂ ਦੀ ਰਾਣੀ ਮਾਂ



**ਨੀਲਮ ਸੈਣੀ**

ਪਿਛਲੇ ਹਫ਼ਤੇ ਤੋਂ ਸਿਹਤ ਕੁਝ ਠੀਕ ਨਾ ਹੋਣ ਕਰ ਕੇ, ਘਰ ਬੈਠੀ ਬੋਰ ਹੁੰਦੀ ਹਾਂ। ਐਲਰਜੀ ਹਰ ਸਾਲ ਹੀ ਆ ਘੇਰਦੀ ਐ।

ਨਵੀ! ਬੇਟੇ ਮੇਰੇ ਲਈ ਪਾਣੀ ਦਾ ਗਿਲਾਸ ਲੈ ਕੇ ਆ, ਮੈਂ ਜ਼ਰਾ ਦਵਾਈ ਖਾ ਲਵਾਂ। ਮੈਂ ਨਵੀ ਨੂੰ ਆਵਾਜ਼ ਦਿੰਦਿਆਂ ਕਿਹੈ।

ਨਵੀ ਪਾਣੀ ਲੈਣ ਲਈ ਕਿਚਨ ਵੱਲ ਤੁਰਿਆ ਹੀ ਆ ਕਿ ਫੋਨ ਦੀ ਘੰਟੀ ਵੱਜ ਗਈ ਆ।

ਮੈਨੂੰ ਪਤਾ, ਹੁਣ ਤੁਸੀਂ ਕਹਿਣਾ ਕਿ ਨਵੀ ਪਾਣੀ ਰਹਿਣ ਦੇ ਪਹਿਲਾਂ ਫੋਨ ਫੜਾ ਜਾ, ਮੈਥੋਂ ਉਠਿਆ ਨਹੀਂ ਜਾਂਦਾ।

ਇਹ ਕਹਿੰਦਿਆਂ ਉਹ ਫੋਨ ਮੇਰੇ ਹੱਥ ਪਕੜਾ ਪਾਣੀ ਦਾ ਗਿਲਾਸ ਲੈਣ ਚਲਾ ਗਿਐ।

ਹੈਲੋ! ਮੇਰੀ ਆਵਾਜ਼ ਮਸਾਂ ਨਿਕਲੀ ਐ।

ਹੈਲੋ, ਨਿਧੀ! ਸੁਣਾ ਹੁਣ ਕੀ ਹਾਲ ਆ ਤੇਰਾ? ਦਵਾਈ ਚੰਗੀ ਤਰ੍ਹਾਂ ਖਾਂਦੀ ਐਂ ਕਿ ਨਹੀਂ?

ਪਹਿਲਾਂ ਨਾਲੋਂ ਕੁਝ ਚੰਗਾ ਆ ਮੰਮੀ। ਦਵਾਈ ਤਾਂ ਲਗਾਤਾਰ ਖਾ ਰਹੀ ਆਂ, ਐਲਰਜੀ ਆਪਣਾ ਜ਼ੋਰ ਪਾ ਕੇ ਈ ਹਟਦੀ ਆ। ਤੁਸੀਂ ਸੁਣਾਓ ਹੋਰ ਸਾਰੇ ਪਿੰਡ ਦੀ ਸੁੱਖ-ਸਾਂਦ!

ਸੁੱਖ-ਸਾਂਦ ਕਾਹਦੀ! ਪਰਸੋਂ ਦੀ ਬੇ-ਮੌਸਮੀ ਬਰਸਾਤ ਸ਼ੁਰੂ ਆ, ਬਿਜਲੀ ਗਰਜਦੀ ਆ, ਫ਼ਸਲਾਂ ਦਾ ਨੁਕਸਾਨ ਹੋ ਰਿਹੈ। ਸਭ ਅੰਦਰੀਂ ਬੜੇ ਬੈਠੇ ਆ। ਨਾਲੇ ਗੀਤੂ ਦੀ ਦਾਦੀ ਵੀ ਬਿਮਾਰ ਆ।

ਹੈਂ! ਕੀ ਹੋਇਆ ਮਾਂ ਜੀ ਨੂੰ? ਮੈਂ ਚਿੰਤਤ ਹੋ ਗਈ ਆਂ।

ਹੋਣਾ ਕੀ ਆ? ਇੱਕ ਦਮ ਹੀ ਤੁਰਨੋਂ-ਫਿਰਨੋਂ ਹਟ ਗਈ। ਮੰਜੇ 'ਤੇ ਪਈ ਅਲ-ਟਪਲੀਆਂ ਮਾਰਦੀ ਆ, ਲੱਗਦਾ ਘੜੀ ਪਲ ਦੀ ਪ੍ਰਾਹੁਣੀ ਆ ਹੁਣ ਤਾਂ...।

ਕਿਸੇ ਡਾਕਟਰ ਨੂੰ ਨਹੀਂ ਦਿਖਾਇਆ ਮੰਮੀ, ਮੈਂ ਚਿੰਤਾ ਨਾਲ ਪੁੱਛਦੀ ਆਂ।

ਨਹੀਂ! ਉਂਜ ਤਾਂ ਸਾਰਾ ਟੱਬਰ ਹੀ ਆਣ ਢੁੱਕਿਐ, ਪਰ ਘਰ ਦੇ ਓਹੜ-ਪੋਹੜ ਹੀ ਚੱਲ ਰਹੇ ਆ, ਉਹ ਤਾਂ ਚਾਹੁੰਦੇ ਆ ਪਈ ਕਿਹੜੀ ਘੜੀ ਮਰੇ ਤਾਂ ਅਸੀਂ ਜ਼ਮੀਨ ਵਾਲੇ ਬਣੀਏ।

ਮੰਮੀ ਜੀ! ਜ਼ਮੀਨ ਤਾਂ ਸਭ ਨੇ ਈ ਇਥੇ ਛੱਡ ਜਾਣੀ ਆ, ਜੇ ਅੱਜ ਮਾਂ ਜੀ ਦੇ ਨਾਲ ਨਹੀਂ ਜਾਵੇਗੀ ਤਾਂ ਉਨ੍ਹਾਂ ਦੀ ਵਾਰੀ ਵੀ ਤਾਂ ਇਥੇ ਹੀ ਰਹਿ ਜਾਵੇਗੀ ਨਾ।

ਪਰ ਉਨ੍ਹਾਂ ਨੂੰ ਕੌਣ ਸਮਝਾਵੇ ਧੀਏ! ਮੰਮੀ ਦੇ ਸੁਰ ਵਿੱਚ ਵੀ ਉਦਾਸੀ ਆ।

ਅੱਛਾ ਮੰਮੀ, ਤੁਸੀਂ ਮਾਂ ਜੀ ਨੂੰ ਦੇਖਣ ਜਾਂਦੇ ਈ ਰਹਿਣਾ, ਮੈਨੂੰ ਤਾਂ ਬਹੁਤ ਚੰਗੀ ਲੱਗਦੀ ਆ ਮਾਂ ਜੀ...ਯਾਦ ਆ, ਪਿਛਲੀ ਵਾਰੀ ਮੈਂ ਇੰਡੀਆ ਆਈ ਤਾਂ ਮੇਰੇ ਤੁਰਨ ਵੇਲੇ ਰੋ ਪਈ ਸੀ। ਹਾਂ ਸੱਚ ਕਹਿੰਦੀ ਸੀ ਕਿ ਨਿਧੀ, ਚੰਗੀ ਤਰ੍ਹਾਂ ਮਿਲ ਲੈ, ਅਗਲੀ ਵਾਰੀ ਆਈ ਤਾਂ ਪਤਾ ਨਹੀਂ ਮੈਂ ਹੋਵਾਂ ਜਾਂ ਨਾ...ਤੇ ਮੈਂ ਮਾਂ ਜੀ ਨੂੰ ਕਿਹਾ ਸੀ ਕਿ ਤੁਸੀਂ ਏਨੀ ਜਲਦੀ ਕਿਤੇ ਨਹੀਂ ਜਾ ਸਕਦੇ, ਮੈਂ ਜ਼ਰੂਰ ਮਿਲਾਂਗੀ।

ਹਾਂ! ਮੈਨੂੰ ਤਾਂ ਇਹ ਵੀ ਯਾਦ ਆ ਨਿਧੀ, ਪਈ ਤੇਰੇ ਡੈਡੀ ਨੇ ਹੱਸਦੇ ਹੋਏ ਇਹ ਵੀ ਕਿਹਾ ਸੀ ਕਿ ਅਸੀਂ ਮਾਂ ਜੀ ਨੂੰ ਸੁਕਾ ਕੇ ਡੱਬੇ ਵਿੱਚ ਪਾ ਕੇ ਰੱਖ ਲਵਾਂਗੇ, ਕਿਤੇ ਨਹੀਂ ਜਾਣ ਦਿੰਦੇ।

ਇੰਦੂ ਕਿਸ ਦਾ ਫੋਨ ਐ? ਡੈਡੀ ਨੇ ਅੰਦਰ ਵੜਦੇ ਈ ਪੁੱਛਿਐ।

ਨਿਧੀ ਦਾ ਹੋਰ ਕਿਹਦਾ, ਮੰਮੀ ਨੇ ਸਰਸਰੀ ਜਵਾਬ ਦਿੱਤੈ।

ਦੱਸ ਦੇ ਗੀਤੂ ਦੀ ਦਾਦੀ ਪੂਰੀ ਹੋ ਗਈ।

ਮੰਮੀ! ਮਾਂ ਕੀ? ਮਾਂ ਜੀ ਚਲੀ ਗਈ!

ਮਾਂ ਜੀ! ਫੋਨ ਮੇਰੇ ਹੱਥੋਂ ਛੁੱਟ ਗਿਐ।

ਮਾਂ ਜੀ ਦੀ ਤਸਵੀਰ ਮੇਰੀਆਂ ਅੱਖਾਂ ਮੂਹਰੇ ਘੁੰਮਦੀ ਐ। ਮੇਰਾ ਮਾਂ ਜੀ ਨਾਲ ਬਹੁਤ ਪਿਆਰ ਸੀ। ਆਪਣੀ ਦਾਦੀ ਤਾਂ ਦੇਖੀ ਵੀ ਨਹੀਂ ਸੀ, ਪਰ ਮਾਂ ਜੀ ਕੋਲੋਂ ਜੋ ਪਿਆਰ ਦਾ ਖ਼ਜ਼ਾਨਾ ਮੈਨੂੰ ਮਿਲਿਆ ਸੀ, ਉਹ ਬੇਅੰਤ ਸੀ। ਸੌ ਵਰ੍ਹਿਆਂ ਤੋਂ ਉਪਰ ਅਤੇ ਦਸ ਤੋਂ ਵੱਧ ਪੋਤ-ਦੋਹਤ ਦੀ ਨਾਨੀ ਅਤੇ ਦਾਦੀ ਨੂੰ ਮੈਂ ਦੋ ਕੁ ਦਹਾਕੇ ਪਹਿਲਾਂ ਪਿੰਡ ਵਿਚੋਂ ਲੱਗਦੇ ਇਕ ਚਾਚੇ ਦੇ ਪੁੱਤ ਦੇ ਵਿਆਹ ਵਿੱਚ ਪਰਾਤ ਵਜਾ-ਵਜਾ ਕੇ ਗਾਉਂਦੇ ਤੱਕਿਆ ਸੀ,

ਤੇਰੀ ਭੈਣਾਂ ਨੇ ਸਾਡੇ ਨਾਲ ਕੀਤੀਆਂ ਵੇ ਲਾਲ।

ਅਸੀਂ ਸ਼ਰਬਤ ਘੋਲ-ਘੋਲ ਪੀਤੀਆਂ ਵੇ ਲਾਲ।

ਕਦੀ ਬੋਲਾਂਗੇ ਦਿਲਾਂ ਦੀਆਂ ਖੋਲ੍ਹਾਂਗੇ ਵੇ ਲਾਲ।

ਕਦੀ ਵਸਾਂਗੇ ਦਿਲਾਂ ਦੀਆਂ ਦੱਸਾਂਗੇ ਵੇ ਲਾਲ।

ਪਰਾਤ 'ਤੇ ਹੱਥ ਮਾਰ-ਮਾਰ ਕੇ ਗਾਉਂਦੀ ਮਾਂ ਜੀ ਆਪਣੇ ਸੇਬ ਦੀ ਤਰ੍ਹਾਂ ਭਖਦੇ ਚਿਹਰੇ ਤੋਂ ਮਲਮਲ ਦੀ ਚੁੰਨੀ ਨਾਲ ਕਦੀ ਕਦੀ ਪਸੀਨਾ ਪੂੰਝ ਲੈਂਦੀ ਸੀ।

ਗੀਤਾਂ ਤੋਂ ਬਾਅਦ ਗਿੱਧੇ ਦੀ ਵਾਰੀ ਆਈ ਤਾਂ ਮਾਂ ਜੀ ਨੇ ਬੋਲੀ ਚੁੱਕੀ,

ਜਦੋਂ ਜਵਾਨੀ ਦਾ ਜ਼ੋਰ ਸੀ ਵੇ ਜ਼ਾਲਮਾ।

ਵੰਝਲੀ ਵਰਗਾ ਬੋਲ ਸੀ ਵੇ ਜ਼ਾਲਮਾ।

ਮੋਰਾਂ ਵਰਗੀ ਤੋਰ ਸੀ ਵੇ ਜ਼ਾਲਮਾ।

ਇੱਕ ਤੋਂ ਬਾਅਦ ਦੂਜੀ ਬੋਲੀ ਪਾਉਂਦੀ ਮਾਂ ਜੀ ਨੇ ਗਿੱਧੇ ਦਾ ਪਿੜ ਮੱਲ ਲਿਆ ਤਾਂ ਮੈਂ ਇੱਕ ਪਾਸੇ ਕੁੜੀਆਂ 'ਚ ਖੜ੍ਹੀ ਮਾਂ ਜੀ ਦਾ ਰੂਪ ਨਿਹਾਰਦੀ ਹੀ ਰਹਿ ਗਈ। ਦਿਲ ਕਰਦਾ ਸੀ ਮਾਂ ਜੀ ਨੂੰ ਕਹਾਂ ਕਿ ਤੁਸੀਂ ਤਾਂ ਜਵਾਨਾਂ ਨੂੰ ਮਾਤ ਪਾ ਰਹੇ ਹੋ, ਪਰ ਪਤਾ ਨਹੀਂ ਕਿਉਂ ਕਹਿ ਨਾ ਸਕੀ? ਉਸ ਰਾਤ ਵਿਆਹ ਵਾਲੇ ਘਰ ਇੱਕ ਤੋਂ ਬਾਅਦ ਇੱਕ ਲੋਕ ਗੀਤ ਗਾ ਕੇ ਅਤੇ ਗਿੱਧੇ ਵਿੱਚ ਗਿੱਧਿਆਂ ਦੀ ਰਾਣੀ ਬਣੀ ਮਾਂ ਜੀ ਨੇ ਮੇਰੇ ਮਨ ਵਿੱਚ ਵਿਸ਼ੇਸ਼ ਥਾਂ ਬਣਾ ਲਈ ਸੀ। ਇਸ ਤੋਂ ਪਹਿਲਾਂ ਤਾਂ ਮੈਨੂੰ ਇਹ ਹੀ ਪਤਾ ਸੀ ਕਿ ਸਾਡੇ ਘਰ ਤੋਂ ਤਿੰਨ-ਚਾਰ ਘਰ ਹਟ ਕੇ ਕੋਈ ਬੁੱਢੀ ਰਹਿੰਦੀ ਐ, ਜਿਸ ਨੂੰ ਜ਼ਿਆਦਾਤਰ ਲੋਕ ਗੀਤੂ ਦੀ ਦਾਦੀ ਜਾਂ ਚੌਧਰਾਣੀ ਆਖ ਬੁਲਾਉਂਦੇ ਸੀ।

ਅਗਲੇ ਦਿਨ ਹੱਥ ਵਿੱਚ ਕਾਪੀ-ਪੈਨ ਲੈ ਮੈਂ ਮਾਂ ਜੀ ਦੇ ਘਰ ਪਹੁੰਚ ਗਈ। ਮਾਂ ਜੀ ਮੈਨੂੰ ਦੇਖ ਹੈਰਾਨ ਹੁੰਦੇ ਬੋਲੀ, ਪੜ੍ਹੀ ਲਿਖੀ ਕੁੜੀ ਇਸ ਅਨਪੜ੍ਹ ਕੋਲ ਕਿਵੇਂ ਆਈ ਐ?

ਸਤਿ ਸ੍ਰੀ ਅਕਾਲ ਮਾਂ ਜੀ! ਕਹਿ ਕੇ ਮੈਂ ਮਾਂ ਜੀ ਦੇ ਕੋਲ ਬੈਠ ਗਈ।

ਮਾਂ ਜੀ ਤੁਸੀਂ ਤਾਂ ਰਾਤੀਂ ਕਮਾਲ ਹੀ ਕਰ ਦਿੱਤੀ। ਤੁਹਾਡੇ ਗਾਏ ਕਈ ਲੋਕ ਗੀਤ ਤਾਂ ਮੈਨੂੰ ਯਾਦ ਵੀ ਹੋ ਗਏ। ਮੈਂ ਥੋੜ੍ਹਾ ਰੁਕ ਕੇ ਕਿਹਾ।

ਲੈ ਸੁਣ ਲਓ ਕੁੜੀ ਦੀਆਂ ਗੱਲਾਂ! ਕਾਹਦੀ ਕਮਾਲ ਧੀਏ? ਬੱਸ ਟੈਮ ਪਾਸ ਕਰੀਦਾ ਹੁਣ ਤਾਂ।

ਤੁਸੀਂ ਮੰਨੋ ਜਾਂ ਨਾ ਮੰਨੋ ਮਾਂ ਜੀ, ਮੈਂ ਤਾਂ ਤੁਹਾਡੇ ਕੋਲੋਂ ਲੋਕ ਗੀਤ ਲਿਖਣ ਲਈ ਆਈ ਆਂ। ਲਿਖਵਾਓਗੇ ਨਾ?

ਮੇਰੇ ਅਨਪੜ੍ਹ ਦੇ ਗੀਤਾਂ ਨੂੰ ਇਹ ਪੜ੍ਹੀ-ਲਿਖੀ ਕੁੜੀ ਕੀ ਕਰੇਗੀ?

ਮਾਂ ਜੀ ਸਾਡੇ ਲੋਕ ਗੀਤ ਸਾਡਾ ਵਿਰਸਾ ਹਨ। ਸਾਡਾ ਸਭਿਆਚਾਰ ਹਨ। ਮੈਂ ਇਹ ਅਨਮੋਲ ਖ਼ਜ਼ਾਨਾ ਹਮੇਸ਼ਾ ਸਾਂਭ ਕੇ ਰੱਖਾਂਗੀ। ਨਾਂਹ-ਨੁੱਕਰ ਕਰਨ ਬਾਅਦ ਮਾਂ ਜੀ ਗੀਤ ਲਿਖਵਾਉਣ ਲਈ ਰਾਜ਼ੀ ਹੋ ਗਈ। ਉਸ ਦਿਨ ਤੋਂ ਬਾਅਦ ਮੈਨੂੰ ਜਦੋਂ ਵੀ ਵਿਹਲ ਮਿਲਦੀ, ਮੈਂ ਕਾਪੀ-ਪੈਨ ਲੈ ਮਾਂ ਜੀ ਕੋਲ ਬੈਠ ਜਾਂਦੀ। ਸਿੱਠਣੀਆਂ, ਸੁਹਾਗ, ਘੋੜੀਆਂ, ਟੱਪੇ ਜੋ ਕੁਝ ਵੀ ਯਾਦ ਆਉਂਦਾ, ਮਾਂ ਜੀ ਲਿਖਵਾ ਦਿੰਦੀ।

ਬਾਹਰ ਹਵਾ ਨਾਲ ਦਰਵਾਜ਼ਾ ਖੜਕਦੈ। ਮੈਨੂੰ ਯਾਦ ਆਉਂਦੈ, ਮਾਂ ਜੀ ਦੇ ਘਰ ਦਾ ਦਰਵਾਜ਼ਾ ਹਮੇਸ਼ਾਂ ਗਲੀ ਵਿੱਚ ਖੁੱਲ੍ਹਾ ਹੁੰਦਾ ਅਤੇ ਹਰ ਆਉਂਦਾ-ਜਾਂਦਾ ਇਹ ਹੀ ਸੋਚਦਾ ਕਿ ਨਿਧੀ ਦਾ ਚੌਧਰਾਣੀ ਨਾਲ ਕੀ ਮੇਲ!

ਪਿੰਡ ਦੀਆਂ ਹੋਰ ਕੁੜੀਆਂ ਤਾਂ ਮਾਂ ਜੀ ਕੋਲੋਂ ਡਰਦੀਆਂ ਵੀ ਸਨ ਤੇ ਉਸ ਨੂੰ ਪਸੰਦ ਵੀ ਨਹੀਂ ਕਰਦੀਆਂ ਸਨ। ਮਾਂ ਜੀ ਨੂੰ ਵੀ ਪਿੰਡ ਦੀ ਹਰ ਨੂੰਹ-ਧੀ ਦੀ ਖ਼ਬਰ ਹੁੰਦੀ ਸੀ। ਇੱਕ ਦਿਨ ਤਾਂ ਕਮਾਲ ਹੀ ਹੋ ਗਈ ਜਦੋਂ ਪਿੰਡ ਦੇ ਲੰਬੜਦਾਰ ਦੀਆਂ ਕੁੜੀਆਂ ਗਲੀ 'ਚੋਂ ਲੰਘੀਆਂ ਤਾਂ ਮਾਂ ਜੀ ਪੂਰੇ ਰੋਹ ਨਾਲ ਬੋਲੀ,

ਹੇ ਖਾਂ! ਵੱਡੀਆਂ ਪਾੜ੍ਹੀਆਂ! ਪੜ੍ਹਨ ਜਾਂਦੀਆਂ ਸਿਰ-ਮੁੰਨ ਕੇ, ਮੂੰਹ ਧੋ ਕੇ, ਆਪਣਾ ਆਪ ਦੇਖ-ਦੇਖ ਤੁਰਦੀਆਂ ਚਾਹੇ ਮੇਰੇ ਵਰਗੇ ਮਹਾਤੜ ਦੀਆਂ ਲੱਤਾਂ ਹੀ ਸ਼ੈਕਲ ਮਾਰ ਕੇ ਭੰਨ ਸੁੱਟਣ। ਨਾਲੇ ਵਾਲ ਮੁਨਾ ਕੇ ਆਪਣੇ ਆਪ ਨੂੰ ਇੰਦਰਾ ਗਾਂਧੀ ਨਾਲੋਂ ਘੱਟ ਨਹੀਂ ਸਮਝਦੀਆਂ। ਨਾ ਤੂੰ ਦੱਸ ਧੀਏ! ਇਹ ਨਹਿਰੂ ਦੀ ਧੀ ਦੀਆਂ ਰੀਸਾਂ ਕਰਦੀਆਂ ਜਚਦੀਆਂ!

ਮੈਂ ਹੱਸ-ਹੱਸ ਕੇ ਦੂਹਰੀ ਹੋ ਗਈ- ਬੱਸ ਵੀ ਕਰੋ ਮਾਂ ਜੀ! ਕਿਤੇ ਮੇਰੀ ਪਿੱਠ ਪਿੱਛੇ ਮੈਨੂੰ ਵੀ ਤੁਸੀਂ ਏਦਾਂ ਹੀ ਤਾਂ ਨਹੀਂ ਕਹਿੰਦੇ?

ਮਾਂ ਜੀ ਮੇਰੇ ਸਿਰ 'ਤੇ ਹੱਥ ਫੇਰਦੇ ਬੋਲੀ, ਨਾ ਧੀਏ! ਤੇਰੇ ਵਿੱਚ ਤਾਂ ਇਨ੍ਹਾਂ ਵਾਲੀ ਇੱਕ ਵੀ ਗੱਲ ਨਹੀਂ। ਲੰਘਦੇ-ਵੜਦੇ ਹਰ ਚਾਚੇ-ਤਾਏ ਨੂੰ ਤੂੰ ਬੁਲਾਏ ਬਿਨਾਂ ਨਹੀਂ ਲੰਘਦੀ ਤੇ ਇਹ ਸਿਰਮੁੰਨੀਆਂ ਦੇਖਦੇ ਈ ਮੂੰਹ ਘੁਮਾ ਲੈਂਦੀਆਂ।

ਅਚਾਨਕ ਫੋਨ ਦੀ ਘੰਟੀ ਨੇ ਮੈਨੂੰ ਮਾਂ ਜੀ ਦੀਆਂ ਯਾਦਾਂ 'ਚੋਂ ਬਾਹਰ ਕੱਢ ਦਿੱਤੈ। ਫੋਨ ਵੀ ਐਵੇਂ ਹੀ ਨਿਕਲਿਐ। ਮਾਰਗੇਜ ਕੰਪਨੀ ਦਾ। ਮੈਂ 'ਆਈ ਐਮ ਬਿਜ਼ੀ' ਆਖ ਫੋਨ ਰੱਖ ਦਿੱਤੈ। ਪਿਛਲੇ ਮਹੀਨੇ ਤੋਂ ਖ਼ਬਰੇ ਸੌ ਮਾਰਗੇਜ ਕੰਪਨੀਆਂ ਦੇ ਫੋਨ ਆ ਚੁੱਕੇ ਆ, ਘਰ ਮੇਰਾ ਤੇ ਰੀਫਾਈਨੈਂਸ ਦਾ ਫਿਕਰ ਇਨ੍ਹਾਂ ਨੂੰ ਲੱਗਾ ਹੋਇਐ।

ਮੇਰੀਆਂ ਅੱਖਾਂ 'ਚੋਂ ਪਾਣੀ ਫਿਰ ਤਿੱਪ-ਤਿੱਪ ਚੋਣ ਲੱਗ ਪਿਐ। ਗਲਾ ਸੁੱਕਦਾ ਮਹਿਸੂਸ ਹੁੰਦੈ। ਕੋਲ ਪਏ ਗਿਲਾਸ 'ਚੋਂ ਇਕ ਘੁੱਟ ਭਰ ਮੈਂ ਕੰਬਲ ਲੈ ਮੁੜ ਬੈੱਡ 'ਤੇ ਢੇਰੀ ਹੋ ਗਈ ਆਂ। ਮਾਂ ਜੀ ਦੀਆਂ ਯਾਦਾਂ ਨੇ ਮੁੜ ਘੇਰਾ ਪਾ ਲਿਐ। ਮੈਨੂੰ ਯਾਦ ਆਉਂਦੈ ਕਿ ਇੱਕ ਵਾਰੀ ਹੋਸਟਲ ਤੋਂ ਘਰ ਆਈ ਤਾਂ ਮੰਮੀ ਨੇ ਰੋਟੀ-ਪਾਣੀ ਤੋਂ ਬਾਅਦ ਕਿਹਾ ਸੀ, ਨਿਧੀ! ਆਪਣੀ ਮਾਂ ਜੀ ਨਾਲ ਅਫ਼ਸੋਸ ਕਰ ਆ। ਮਾਂ ਜੀ ਦੇ ਵਿਚਕਾਰਲੇ ਪੁੱਤ ਨੂੰ ਮਰੇ ਹੋਏ ਦੋ ਮਹੀਨੇ ਹੋ ਚੱਲੇ ਆ। ਮੈਂ ਮਾਂ ਜੀ ਕੋਲ ਗਈ ਤਾਂ ਮਾਂ ਜੀ ਮੇਰੇ ਗਲੇ ਲੱਗ ਧਾਹੀਂ ਰੋ ਪਈ।

ਮਾਂ ਜੀ! ਬੱਸ ਕਰੋ! ਕੀ ਹੋਇਆ ਸੀ ਚਾਚਾ ਜੀ ਨੂੰ, ਮਾਂ ਜੀ? ਮੈਂ ਮਾਂ ਜੀ ਦਾ ਹੱਥ ਘੁੱਟ ਕੇ ਫੜਦੇ ਪੁੱਛਿਆ।

ਹੋਣਾ ਕੀ ਸੀ ਧੀਏ! ਅਤਿ ਵੀ ਮਾੜੀ ਹੁੰਦੀ ਐ। ਮੇਰੇ ਕੋਲ ਤਾਂ ਢਿੱਡ ਫੋਲਣ ਨੂੰ ਵੀ ਕੋਈ ਨਹੀਂ ਸੀ। ਚੰਗਾ ਹੋਇਐ ਤੂੰ ਆ ਗਈ। ਇੱਕ ਦਿਨ ਸ਼ਰਾਬੀ ਹੋ ਕੇ ਆਇਆ, ਕਹਿੰਦਾ ਤੈਨੂੰ ਸ਼ਕਰੀਨ ਕੋਰਟ 'ਚ ਲਿਜਾਊਂ, ਕਟਹਿਰੇ 'ਚ ਖੜ੍ਹੀ ਕਰੂੰ, ਜ਼ਮੀਨ ਲੈ ਕੇ ਦਿਖਾਊਂ! ਮਾਂ ਜੀ ਨੇ ਚੁੰਨੀ ਨਾਲ ਅੱਖਾਂ ਸਾਫ ਕੀਤੀਆਂ।

ਸੱਚੀਂ ਮਾਂ ਜੀ! ਫਿਰ ਕੀ ਹੋਇਆ? ਮੈਂ ਗੰਭੀਰਤਾ ਨਾਲ ਪੁੱਛਿਆ।

ਫਿਰ ਕੀ ਹੋਣਾ ਸੀ ਨਿਧੀ! ਘਰੇ ਜਾਂਦਾ ਈ ਬਿਮਾਰ ਹੋ ਗਿਆ। ਕਹਿੰਦੇ ਆ ਪਈ ਜ਼ਿਆਦਾ ਈ ਪੀਤੀ ਸੀ, ਆਹ ਡਮਾਕ ਦੀ ਨਾਲੀ ਫਟ ਗਈ।

ਮਾਂ ਜੀ ਮੁੜ ਮੇਰੇ ਗਲ ਲੱਗ ਰੋਣ ਲੱਗੀ।

ਮਾਂ ਜੀ! ਚੁੱਪ ਪਲੀਜ਼ ਚੁੱਪ ਕਰੋ! ਤੁਸੀਂ ਬਿਮਾਰ ਹੋ ਜਾਓਗੇ। ਗੱਲਾਂ ਕਰੋ ਮੇਰੇ ਨਾਲ।

ਧੀਏ! ਸੋਚਦੀ ਆਂ ਚੌਧਰੀ ਆਪ ਤਾਂ ਛੁੱਟ ਗਿਆ ਮਰ ਕੇ, ਤੇ ਮੈਨੂੰ ਪਿੱਛੇ ਛੱਡ ਗਿਆ ਆਹ ਦਿਨ ਦੇਖਣੇ ਲਈ! ਮਾਂ ਜੀ ਨੇ ਮੁੜ ਅੱਖਾਂ ਭਰ ਲਈਆਂ।

ਮੈਨੂੰ ਮਾਂ ਜੀ 'ਤੇ ਬਹੁਤ ਤਰਸ ਆਇਆ।

ਮਾਂ ਜੀ ਕੁਝ ਚਿਰ ਰੁਕ ਕੇ ਬੋਲੀ, ਮੈਂ ਤਾਂ ਚੌਧਰੀ ਦਾ ਬੋਲ ਪੂਰਾ ਕੀਤਾ। ਮਰਨ ਵੇਲ਼ੇ ਕਹਿੰਦਾ ਸੀ, ਮੇਰੇ ਪਿੱਛਿਉਂ ਇਨ੍ਹਾਂ ਨੂੰ ਜਿਉਂਦੇ ਜੀ ਹੱਥ ਵੱਢ ਕੇ ਨਾ ਦੇਵੀਂ। ਮੈਂ ਸਾਰੀ ਵਸੀਤ ਇਸ ਕਰ ਕੇ ਈ ਤੇਰੇ ਨਾਂ ਕੀਤੀ ਐ, ਪਈ ਜ਼ਮੀਨ ਕਰ ਕੇ ਈ ਤੇਰੀ ਕਦਰ ਕਰਨਗੇ ਪਰ ਮੈਂ ਤਾਂ ਸਗੋਂ ਹੋਰ ਦੁਖ਼ੀ ਹੋ ਗਈ।

ਇਨ੍ਹਾਂ ਯਾਦਾਂ ਦੇ ਵਹਿਣਾਂ ਵਿੱਚ ਹੀ ਮੈਨੂੰ ਪਤਾ ਈ ਨਹੀਂ ਲੱਗਾ ਕਿ ਮੈਂ ਨੀਂਦ ਦੀ ਝੋਲੀ ਵਿੱਚ ਚਲੀ ਗਈ ਆਂ।

ਮੈਨੂੰ ਲੱਗਦੈ, ਮਾਂ ਜੀ ਸੱਚਮੁੱਚ ਈ ਮੇਰੇ ਕੋਲ ਆ ਗਈ ਆ ਤੇ ਮੈਂ ਮਾਂ ਜੀ ਦੇ ਵਾਲਾਂ ਨੂੰ ਤੇਲ ਲਾ ਉਸ ਦਾ ਸਿਰ ਝੱਸ ਰਹੀ ਆਂ। ਮਾਂ ਜੀ ਮੈਨੂੰ ਬੁੱਢ ਸੁਹਾਗਣ ਹੋਣ ਦੀਆਂ ਅਸੀਸਾਂ ਦੇ ਰਹੀ ਆ।

ਮੈ ਹੱਸ ਕੇ ਕਹਿੰਦੀ ਆਂ, ਮਾਂ ਜੀ ਤੁਸੀਂ ਆਪਣੇ ਵਿਆਹ ਬਾਰੇ ਮੈਨੂੰ ਕਦੀ ਕੁਝ ਦੱਸਿਆ ਈ ਨਹੀਂ!

ਮਾਂ ਜੀ ਖਿੜ-ਖਿੜ ਹੱਸ ਪਈ ਐ, ਨਿਧੀ! ਸਾਡੀ ਵਾਰੀ ਆਹ ਕੰਜਰਾਂ ਵਾਲੇ ਰਿਵਾਜ ਥੋੜ੍ਹਾ ਸੀ। ਮੇਰਾ ਵਿਆਹ ਤਾਂ ਨੌਂ ਸਾਲ ਦੀ ਉਮਰ 'ਚ ਈ ਹੋ ਗਿਆ ਸੀ। ਮੇਰੀਆਂ ਸਹੇਲੀਆਂ ਦੱਸਣ, ਪਈ ਜਨੇਤ ਆਈ ਤੇ ਕਿਸੇ ਨੇ ਮੇਰੇ ਬਾਪ ਨੂੰ ਪੁੱਛਿਆ, ਪਈ ਮੁੰਡਾ ਕਿਹੜੈ? ਮੇਰੇ ਬਾਪ ਨੇ ਛੋਟੇ ਜਿਹੇ ਦੀਨ ਦੇ ਚੌਧਰੀ ਵੱਲ ਇਸ਼ਾਰਾ ਕਰ ਕੇ ਕਿਹਾ ਸੀ, ਅਹੁ ਕੈਂਠੇ ਵਾਲਾ! ਕੈਂਠਾ ਪਾ ਕੇ ਚੌਧਰੀ ਵਿਆਹੁਣ ਆਇਆ ਸੀ ਮੈਨੂੰ, ਤੇ ਮੈਂ ਸੋਲ੍ਹਾਂ ਵਰ੍ਹਿਆਂ ਦੀ ਮੁਕਲਾਵੇ ਆਈ ਸਾਂ, ਦੋ ਗੁੱਤਾਂ ਕਰਦੀ। ਘਰ ਦਾ ਸਾਰਾ ਕੰਮ ਸਮੇਟਦੀ, ਸੱਸ-ਸਹੁਰੇ ਦੀ ਸੇਵਾ ਕਰਦੀ ਅਸੀਸਾਂ ਲੈਂਦੀ ਸੀ। ਆਹ ਦਾਣਿਆਂ ਵਾਲੀ ਬੋਰੀ ਇੱਕਲੀ ਚੁੱਕ ਕੇ ਆਹ ਡੰਡੇ ਵਾਲੀ ਪਾਉੜੀ ਚੜ੍ਹ ਸੁੱਕਣੇ ਪਾ ਦਿੰਦੀ ਸੀ।

ਸੱਚ ਮਾਂ ਜੀ! ਮੈਨੂੰ ਤਾਂ ਇਸ 'ਤੇ ਇਕੱਲੇ ਚੜ੍ਹਦੇ ਹੀ ਡਰ ਲੱਗਦਾ।

ਨਾ ਧੀਏ! ਤੂੰ ਐਵੇਂ ਨਾ ਡਰਿਆ ਕਰ, ਕਹਿੰਦਿਆਂ ਮਾਂ ਜੀ ਨੇ ਮੈਨੂੰ ਗਲ ਨਾਲ ਲਾ ਲਿਆ।

ਮਾਂ ਜੀ ਕੁਝ ਰੁਕ ਕੇ ਫਿਰ ਬੋਲੀ, ਹੁਣ ਤਾਂ ਪੁੱਤ ਜ਼ਮਾਨੇ ਨੂੰ ਅੱਗ ਲੱਗੀ ਹੋਈ ਆ, ਮੈਥੋਂ ਤਾਂ ਅੱਖੀਂ ਦੇਖ ਕੇ ਮੱਖੀ ਨਹੀਂ ਨਿਗਲ ਹੋਈ, ਆਹ ਦੇਖ ਵੱਡੇ ਨੇ ਕੀ ਕੀਤਾ! ਧੀਏ! ਭਰਾ ਦਾ ਸਿਵਾ ਠੰਢਾ ਨਹੀਂ ਹੋਇਆ, ਇਹ ਧੀ ਦਾ ਵਿਆਹ ਰੱਖ ਕੇ ਬੈਠ ਗਿਆ। ਅਖੇ! ਬਾਹਰਲਾ ਰਿਸ਼ਤਾ ਮਸਾਂ ਮਿਲਿਆ। ਮੈਥੋਂ ਨਹੀਂ ਇਹ ਜ਼ਰ ਹੁੰਦਾ ਸਭ, ਮੈਂ ਤਾਂ ਅੱਡ ਕਰ'ਤੇ,...ਤੇ ਆਪਣੀ ਇੱਜ਼ਤ ਦੀ ਰੋਟੀ ਬਣਾ ਕੇ ਖਾਧੀ ਆ।

ਮੈਨੂੰ ਲੱਗਦੈ ਜਿਵੇਂ ਕਿਸੇ ਨੇ ਮੇਰੇ ਬਦਨ 'ਤੇ ਮਣਾਂ-ਮੂੰਹੀਂ ਭਾਰ ਪਾ ਦਿੱਤੈ। ਮਾਂ ਜੀ ਮੇਰੇ ਕੋਲੋਂ ਪਾਣੀ ਮੰਗ ਰਹੀ ਐ। ਮੈਂ ਤ੍ਰਭਕ ਕੇ ਉਠ ਬੈਠੀ ਆਂ। ਮਾਂ ਜੀ ਅਮਰੀਕਾ 'ਚ ਕਿਵੇਂ ਆ ਸਕਦੀ ਆ? ਨਹੀਂ! ਇਹ ਮੇਰਾ ਖ਼ਿਆਲ ਈ ਐ ਤੇ ਜਾਂ ਸੁਪਨਾ!

ਮਾਂ ਜੀ ਮੈਂ ਇਸ ਵਾਰੀ ਤੁਹਾਨੂੰ ਨਹੀਂ ਮਿਲ ਸਕਾਂਗੀ। ਮਾਂ ਜੀ! ਮਾਂ ਜੀ! ਮੈਂ ਤੁਹਾਨੂੰ ਅੰਤਿਮ ਸਮੇਂ ਦੇਖ ਵੀ ਨਾ ਸਕੀ। ਮੇਰੀ ਚੀਕ ਨਿਕਲਦੀ ਆ ਅਤੇ ਮੈਨੂੰ ਲੱਗਦਾ ਕਿ ਮੈਂ ਪਿੰਡ ਪਹੁੰਚ ਗਈ ਆਂ। ਪਿੰਡ ਉਦਾਸ ਲੱਗ ਰਿਹੈ। ਮੈਂ ਮਾਂ ਜੀ ਦੇ ਘਰ ਪਹੁੰਚ ਗਈ ਆਂ। ਕੋਈ ਕਹਿ ਰਿਹਾ, ਨਿਧੀ! ਚੰਗਾ ਹੋਇਆ ਤੂੰ ਆ ਗਈ। ਮਾਂ ਜੀ ਤੈਨੂੰ ਬਹੁਤ ਚੇਤੇ ਕਰਦੀ ਸੀ। ਕਿਸੇ ਹੋਰ ਕਿਹਾ, ਗੀਤੂ ਦੀ ਦਾਦੀ ਮਰ ਗਈ।

ਮੈਂ ਉਚੀ ਸਾਰੀ ਚੀਕਦੀ ਹਾਂ..ਨਹੀਂ ਮਾਂ ਜੀ, ਨਹੀਂ। ਲੋਕ ਗੀਤਾਂ ਦੀ ਰਾਣੀ ਮਾਂ ਮਰ ਗਈ! ਮਾਂ ਜੀ! ਮਾਂ ਜੀ! ਮੇਰੀਆਂ ਚੀਕਾਂ ਹਉਕਿਆਂ 'ਚ ਬਦਲ ਰਹੀਆਂ ਨੇ। ਲੋਕ ਗੀਤਾਂ ਦੀ ਰਾਣੀ ਮਾਂ ਮਰ ਗਈ।

## ਮਿਨੀ ਕਹਾਣੀ

**ਜਗਜੀਤ ਸਿੰਘ ਲੋਹਟਬੱਦੀ**

### ਗਿਰਝਾਂ



ਹੜ੍ਹਾਂ ਨੇ ਤਬਾਹੀ ਮਚਾ ਦਿੱਤੀ ਸੀ। ਚਾਰੇ ਪਾਸੇ ਪਾਣੀ ਹੀ ਪਾਣੀ। ਮੀਂਹ ਅਜੇ ਵੀ ਵਰ੍ਹ ਰਿਹਾ ਸੀ। ਲੋਕ ਛੱਤਾਂ 'ਤੇ ਬੈਠੇ ਹੋਏ। ਸਰਕਾਰ ਕਿਤੇ ਦਿਖਾਈ ਨਹੀਂ ਸੀ ਦੇ ਰਹੀ। ਕੁਝ ਸਮਾਜ ਸੇਵੀ ਦੁੱਧ, ਬਰੈੱਡ ਅਤੇ ਹੋਰ ਜ਼ਰੂਰੀ ਵਸਤਾਂ ਲੋੜਵੰਦਾਂ ਵਿੱਚ ਵੰਡਣ ਆਉਂਦੇ ਤਾਂ ਲੋਕੀਂ ਇੱਕ ਦੂਜੇ ਤੋਂ ਮੂਹਰੇ ਹੋ ਹੱਥ ਅੱਡਦੇ। ਭੁੱਖਣ ਭਾਣੇ ਮਾਸੂਮ ਵਿਲਕ ਰਹੇ। ਲੋਕਾਂ ਨੇ ਪਸ਼ੂਆਂ ਦੇ ਸੰਗਲ ਖੋਲ੍ਹ ਦਿੱਤੇ ਸਨ।

ਕਈ ਦਿਨ ਪਿੱਛੋਂ ਪਾਣੀ ਘਟਿਆ ਤਾਂ ਬਰਬਾਦੀ ਦਾ ਮੰਜ਼ਰ ਸਾਹਮਣੇ ਆਉਣ ਲੱਗਾ। ਚਿੱਕੜ ਹੀ ਚਿੱਕੜ... ਮੁਰਦਾ ਜੀਵ-ਜੰਤੂ... ਬਦਬੂ... ਮਹਾਂਮਾਰੀ ਫੈਲਣ ਦਾ ਡਰ। ਆਸਮਾਨ 'ਚ ਗਿਰਝਾਂ ਮੰਡਰਾਉਣ ਲੱਗੀਆਂ।

ਮੰਤਰੀ ਨੇ ਹੜ੍ਹ ਮਾਰੇ ਇਲਾਕਿਆਂ ਦਾ ਹਵਾਈ ਸਰਵੇਖਣ ਕਰਨ ਤੋਂ ਬਾਅਦ, ਸ਼ਹਿਰ ਦੇ ਵੱਡੇ ਹੋਟਲ ਵਿੱਚ ਪ੍ਰੈਸ ਕਾਨਫਰੰਸ ਕਰਨ ਲਈ ਸੁਨੇਹੇ ਭੇਜ ਦਿੱਤੇ। ਉਸ ਨੇ ਕਿਹਾ, ਸਾਡੀ ਹਮਦਰਦੀ ਹੜ੍ਹ-ਪੀੜਤਾਂ ਦੇ ਨਾਲ ਹੈ... ਕਮੇਟੀ ਬਣਾ ਦਿੱਤੀ ਹੈ... ਨੁਕਸਾਨ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ...।

ਸਰ... ਹੜ੍ਹਾਂ ਦੀ ਰੋਕਥਾਮ ਲਈ ਆਏ ਕਰੋੜਾਂ ਰੁਪਏ ਦੇ ਫੰਡ ਕਿਤੇ ਨਜ਼ਰੀਂ ਨਹੀਂ ਪੈ ਰਹੇ...। ਪੱਤਰਕਾਰ ਨੇ ਸਵਾਲ ਕੀਤਾ।

ਇਸ ਦੀ ਤਫ਼ਤੀਸ਼ ਕਰਾਵਾਂਗੇ... ਪਰ ਕੁਦਰਤ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ...।

ਦੇਖਦੇ ਹੀ ਦੇਖਦੇ ਮੰਤਰੀ ਜੀ ਦਾ ਹੈਲੀਕਾਪਟਰ ਫਿਰ ਅੰਬਰ ਦੀਆਂ ਉਚਾਈਆਂ ਛੂਹਣ ਲੱਗਾ- ਗਿਰਝਾਂ ਸੰਗ...!!

## ਪ੍ਰਾਣੀ ਤੇ ਪਾਣੀ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਵਰ ਤੇ ਸਰਾਪ, ਹੋ ਨਿੱਬੜੇ ਨੇ ਪਾਣੀ,
ਕਿੰਨੀ ਅਨੋਖੀ ਹੈ, ਇਹ ਵੀ ਕਹਾਣੀ।
ਬਬੀਹੇ ਦੀ ਤਰ੍ਹਾਂ, ਹਰ ਬੂੰਦ ਨੂੰ ਤਰਸਦੇ,
ਕਦੀ ਕਦੀ ਨੇ, ਹਰ ਪੰਧੇ 'ਤੇ ਪ੍ਰਾਣੀ।
ਤੇ ਕਦੀ ਕੁੱਝ ਕਹਿਰ ਵੀ, ਐਸੇ ਨੇ ਟੁੱਟਦੇ,
ਜਿਸ ਦੀ ਕਹਾਣੀ, ਦੱਸੀ ਵੀ ਨਾ ਜਾਣੀ।
ਹੈ ਹੋਇਆ ਕਰੋਪ, ਇਹ ਜੀਵਨ ਦਾ ਦਾਨੀ,
ਮੰਗ ਰਿਹੈ ਜ਼ਿੰਦਗੀ ਦੀ, ਭਾਰੀ ਕੁਰਬਾਨੀ।
ਥਲ ਵੀ ਜਲ ਬਣਿਆ, 'ਤੇ ਜਲ ਤਾਂ ਹੈ ਜਲ ਹੀ,
ਇਹ ਆਈ ਹੈ ਆਫ਼ਤ, ਜਨ ਜੀਵਨ ਖਾਣੀ।
ਪਰਵਾਹ ਨਹੀਂ ਕੀਤੀ, ਕੀਤੇ ਪਰਵਾਹਾਂ ਦੀ,
ਖਵਾਜਾ ਡਕਾਰ ਗਿਆ, ਹਰ ਦਿੱਤੀ ਨਿਸ਼ਾਨੀ।
ਰੁੱਸ ਗਈ ਹੈ ਕੁਦਰਤ, ਆਪਣੀ ਹੀ ਦੁਨੀਆ ਤੋਂ,
ਮਿਟਾ ਰਹੀ ਐ ਆਪਣੀ, ਹਰ ਅਦਭੁੱਤ ਨਿਸ਼ਾਨੀ।
ਕੀ ਹੈ ਇਹ ਕ੍ਰਿਸ਼ਮਾ ਜਾਂ, ਹੈ ਇਹ ਕਰੋਪੀ ?
ਕਿਉਂ ਕਰਦੀ ਹੈ ਕੁਦਰਤ, ਆਪਣੀ ਮਨ ਮਾਨੀ ?
ਉੱਠ ਰਹੇ ਨੇ ਹੱਥ, ਤੋਬਾ ਤੋਬਾ ਜੋ ਕਰਦੇ,
ਲੱਭ ਰਹੇ ਸਹਾਰੇ ਲਈ, ਹਰ ਤਿਣਕਾ ਹਰ ਕਾਨੀ।
ਪਲਾਂ ਵਿੱਚ ਬਦਲ ਜਾਂਦੇ, ਸਵਰਗ ਨਰਕਾਂ ਵਿੱਚ,
ਹੈ ਅਜੀਬ ਗੋਰਖਧੰਦਾ, ਇਹ ਦੁਨੀਆ ਹੈ ਫਾਨੀ।
ਵਰ ਤੇ ਸਰਾਪ, ਹੋ ਨਿੱਬੜੇ ਨੇ ਪਾਣੀ,
ਕਿੰਨੀ ਅਨੋਖੀ ਹੈ, ਇਹ ਵੀ ਕਹਾਣੀ।

## ਛੁਪਾ ਕੇ ਹਿੱਕ ਵਿੱਚ ਸੁਫ਼ਨੇ

ਅਮਨਦੀਪ ਸਿੰਘ ਅਮਨ

ਛੁਪਾ ਕੇ ਹਿੱਕ ਵਿੱਚ ਸੁਫ਼ਨੇ, ਸਦਾ ਮੁਸਕਾਉਂਦੀਆਂ ਰਹੀਆਂ ।
ਸਹੇੜੇ ਸਾਕ ਬਾਬਲ ਦੇ, ਧੀਆਂ ਅਪਣਾਉਂਦੀਆਂ ਰਹੀਆਂ ।
ਜਿਨ੍ਹਾਂ ਦੀ ਪੇਕਿਆਂ ਦੇ ਘਰ, ਕਰੀ ਹੱਤਕ ਭਰਾਵਾਂ ਨੇ,
ਉਹ ਸਹੁਰੇ ਬੈਠੀਆਂ, ਵੀਰਾਂ ਦੇ ਗੁਣ ਹੀ ਗਾਉਂਦੀਆਂ ਰਹੀਆਂ ।
ਬਿਨਾਂ ਮਾਂ ਬਾਪ ਦੇ ਵਿਹੜਾ, ਸਦਾ ਸੁੰਨਾ ਜਿਹਾ ਲੱਗਾ,
ਧੀਆਂ ਤਾਂ ਮੋਹ ਦੇ ਵਿੱਚ ਬੱਝੀਆਂ, ਹੀ ਫੇਰਾ ਪਾਉਂਦੀਆਂ ਰਹੀਆਂ ।
ਹਮੇਸ਼ਾਂ ਬਾਜ਼, ਗਿਰਝਾਂ ਦੀ, ਨਿਗਾਹ ਤੋਂ ਬਚ ਬਚਾ ਕੇ ਹੀ,
ਇਹ ਚਿੜੀਆਂ ਖ਼ਾਬ ਦਾ ਅੰਬਰ, ਬਣਾ ਕੇ ਭਾਉਂਦੀਆਂ ਰਹੀਆਂ ।
ਕਦੇ ਖੁਲ ਕੇ ਨਹੀਂ ਦੱਸੇ, ਦਿਲਾਂ ਦੇ ਚਾਅ ਵੀ ਕੁੜੀਆਂ ਨੇ,
ਤੀਆਂ ਦੇ ਦਿਨ ਜਾਂ ਤਿਉਹਾਰਾਂ, ਤੇ ਮਨ ਪਰਚਾਉਂਦੀਆਂ ਰਹੀਆਂ ।
ਜਦੋਂ ਹੱਕਾਂ ਦੀ ਗੱਲ ਛਿੜਦੀ, ਤਾਂ ਬਾਬਲ ਵੀਰ ਵੱਲ ਖੜਦੈ,
ਧੀਆਂ ਬਾਬਲ ਦਿਆਂ ਹੁਕਮਾਂ, ਤੇ ਮਨ ਸਮਝਾਉਂਦੀਆਂ ਰਹੀਆਂ ।
'ਅਮਨ' ਸ਼ਗਨਾਂ ਦੇ ਦਿਨ ਵੇਲੇ, ਸਮਾਂ ਐਸਾ ਵੀ ਆਉਂਦਾ ਹੈ,
ਧੀਆਂ ਡੋਲੀ 'ਚ ਬਹਿ ਕੇ ਵੀ, ਜਦੋਂ ਕੁਰਲਾਉਂਦੀਆਂ ਰਹੀਆਂ ।

## ਅੱਧ ਅਧੂਰਾ ਬੰਦਾ

ਮਨਜੀਤ ਕੌਰ ਧੀਮਾਨ

ਮੈਂ ਅੱਧ ਅਧੂਰਾ ਬੰਦਾ,
ਮੈਨੂੰ ਮੁਕੰਮਲ ਕਰ ਦੇ ਤੂੰ।
ਸਭ ਜਿੱਤਾਂ ਪਾਸੇ ਕਰਕੇ
ਮੇਰੇ 'ਤੇ ਦਿਲ ਹਰ ਦੇ ਤੂੰ।
ਮੈਂ ਅੱਧ ਅਧੂਰਾ
ਮੈਂ ਤੈਥੋਂ ਮੰਗਦਾ ਤੈਨੂੰ,
ਮੇਰੀ ਝੋਲ਼ੀ ਖ਼ੈਰ ਪਾਵੀਂ।
ਤੇਰੇ ਰਾਹਾਂ ਵਿੱਚ ਜਿਹੜਾ,
ਸਾਗਰ ਵੀ ਤੈਰ ਜਾਵੀਂ।
ਮੇਰੇ ਅੰਦਰੋਂ ਖ਼ਾਲੀ ਗਾਗਰ,
ਹਾਸਿਆਂ ਨਾਲ ਭਰ ਦੇ ਤੂੰ।
ਮੈਂ ਅੱਧ ਅਧੂਰਾ
ਕੁਝ ਨਖ਼ਰੇ ਕਰ ਵੇਖੀਂ,
ਹੱਸ ਹੱਸ ਕੇ ਚੁੱਕਾਂਗਾ।
ਜੇ ਤੂੰ ਨਾ ਆਈ ਤਾਂ,
'ਕੱਲਿਆਂ ਹੀ ਮੁੱਕਾਂਗਾ।
ਮੈਂ ਬੇਫ਼ਿਕਰਾ ਜਿਹਾ ਹਾਂ,
ਮੈਨੂੰ ਕੋਈ ਡਰ ਦੇ ਤੂੰ।
ਮੈਂ ਅੱਧ ਅਧੂਰਾ
ਮੇਰੀ ਦੁਨੀਆ ਤੂੰ ਹੀ ਐਂ,
ਤੇਰਾ ਜਗ ਮੈਂ ਬਣ ਜਾਵਾਂ।
ਤੇਰੇ ਅੱਗੇ ਵਧਣੇ ਲਈ,
ਮੈਂ ਪੁਲ ਬਣ ਖੜ੍ਹ ਜਾਵਾਂ।
ਮੇਰਾ ਸੁੰਨਾ ਜਿਹਾ ਹੈ ਮਨ,
ਇਹਨੂੰ ਭਰਨ ਦਾ ਵਰ ਦੇ ਤੂੰ।
ਮੈਂ ਅੱਧ ਅਧੂਰਾ
ਤੇਰੇ ਸਾਰੇ ਸ਼ੌਕ ਪੁਗਾਵਾਂ,
ਤੂੰ ਮੇਰੇ ਸਾਹਾਂ ਨਾਲ ਜੀਵੀਂ।
ਮੇਰੇ ਪਾਟੇ ਸੁਪਨਿਆਂ ਨੂੰ,
ਸਬਰਾਂ ਦੇ ਧਾਗੇ ਨਾਲ ਸੀਵੀਂ।
ਜਿੱਥੇ ਪੂਜਾ ਕਰ ਲਾਂ, 'ਮਨਜੀਤ'
ਮੈਨੂੰ ਐਹੋ ਜਿਹਾ ਦਰ ਦੇ ਤੂੰ।
ਮੈਂ ਅੱਧ ਅਧੂਰਾ



# ਮੇਰੀ ਕਲਮ

## ਸੁਣ ਕੁੜੀਏ ਨੀ

ਅਮਨਦੀਪ ਕੌਰ ਜੋਗਾ

ਸੁਣ ਕੁੜੀਏ ਨੀ,
ਪੁੰਗਰਦੀ ਕਰੂੰਬਲੇ ਨੀ
ਤੂੰ ਅੰਬਰਾਂ 'ਤੇ ਕਿੱਕਲੀ ਪਾ
ਇਹ ਸਾਰਾ ਹੀ ਜ਼ਮਾਨਾ
ਬਣਿਆ ਤੇਰਾ ਹੀ ਦੀਵਾਨਾ
ਮੈਂ ਰੂਪ ਦੀ ਮਲਿਕਾ ਨਹੀਂ
ਅਕਲਾਂ ਦੀ ਵੀ ਹਾਂ ਵਾਰਿਸ
ਤੂੰ ਇਨ੍ਹਾਂ ਨੂੰ ਵਿਖਾ
ਸੁਣ ਕੁੜੀਏ ਨੀ
ਵੇਖ ਏਸ ਜੱਗ ਦੀ ਹੈ ਰੀਤ
ਤੇਰੇ ਜੰਮਣ 'ਤੇ ਮਾਰੇ ਚੀਕ
ਨਿਭਾਂਵਦੀ ਏ ਭਾਵੇਂ ਤੂੰ ਆਪਣੇ ਫਰਜ਼
ਮਾਂ,ਭੈਣ,ਪਤਨੀ ਤੇ ਧੀ ਦੇ ਰੂਪ 'ਚ
ਫਿਰ ਵੀ ਇਨ੍ਹਾਂ ਨੂੰ ਤਾਂ ਅਸਲੀ ਵਾਰਿਸ ਦੀ
ਉਡੀਕ, ਮਾਰਨ ਤੇਰੇ 'ਤੇ ਲੀਕ
ਇਨ੍ਹਾਂ ਨੂੰ ਤੂੰ ਆਪਣੀ ਹੈਸੀਅਤ ਵਿਖਾ
ਸੁਣ ਕੁੜੀਏ ਨੀ
ਨੀ ਤੂੰ ਸਦਾ ਹੱਸਦੀ ਵੀ ਰਹਿ
ਆਪਣਿਆਂ ਦੇ ਵਿਹੜੇ ਵੱਸਦੀ ਵੀ ਰਹਿ
ਸਮਝਣ ਜੋ ਤੈਨੂੰ ਲੋੜ ਦਾ ਸਮਾਨ
ਉਨ੍ਹਾਂ ਨੂੰ ਤੂੰ ਉਨ੍ਹਾਂ ਦੀ ਉਕਾਤ ਵਿਖਾ
ਕਦਮਾਂ ਨਾਲ ਕਦਮ ਮਿਲਾ ਕੇ
ਬਰਾਬਰਤਾ ਦਾ ਹੱਕ ਜਿਤਾ
ਸੁਣ ਕੁੜੀਏ ਨੀ

## ਦਰਦ ਸੁਣਾਵਣ ਅੱਖੀਆਂ

ਡਾ: ਸਤਿੰਦਰਜੀਤ ਕੌਰ ਬੁੱਟਰ



ਮਾਏ ਨੀ
ਮਾਏ ਨੀ ! ਦਰਦ ਸੁਣਾਵਣ ਅੱਖੀਆਂ।
ਮਾਏ ਨੀ ! ਵਰ੍ਹਦਾ ਸਾਵਣ ਅੱਖੀਆਂ।
ਉਹਦੇ ਪਿਆਰ ਨੂੰ ਯਾਦ ਕਰਦਿਆਂ,
ਛਮ ਛਮ ਨੀਰ ਵਹਾਵਣ ਅੱਖੀਆਂ
ਮਾਏ ਨੀ ! ਨੀਂਦ ਚੁਰਾਵਣ ਅੱਖੀਆਂ।
ਜਿਸ ਪਲ ਉਹ ਨਜ਼ਰੀਂ ਨਾ ਆਵੇ,
ਹੰਝੂਆਂ ਵਿੱਚ ਢਲ ਜਾਵਣ ਅੱਖੀਆਂ
ਮਾਏ ਨੀ ! ਪੀੜ ਸੁਣਾਵਣ ਅੱਖੀਆਂ।
ਰੁੱਸ ਕੇ ਉਹ ਤਾਂ ਦੂਰ ਤੁਰ ਗਿਆ ,
ਰਾਤਾਂ ਕਿੰਜ ਲੰਘਾਵਣ ਅੱਖੀਆਂ।
ਮਾਏ ਨੀ ! ਦਰਦ ਸੁਣਾਵਣ ਅੱਖੀਆਂ।
ਬਿਨ ਬੋਲੇ ਹੀ ਸਭ ਕੁਝ ਆਖਣ,
ਬਿਨ ਸ਼ਬਦਾਂ ਤੋਂ ਗਾਵਣ ਅੱਖੀਆਂ
ਮਾਏ !ਨਾ ਦਰਦ ਭੁਲਾਵਣਅੱਖੀਆਂ।
ਨਿੱਕੀ ਉਮਰੇ ਦਰਦ ਪਰਾਗਾ
'ਬੁੱਟਰ' ਝੋਲੀ ਪਾਵਣਅੱਖੀਆਂ
ਮਾਏ ! ਸੁਣੀਂ ! ਸੁਣਾਵਣ ਅੱਖੀਆਂ।

## ਪੰਜਾਬ ਖਾਲੀ ਹੋ ਰਿਹਾ

ਡਾ. ਡੀ.ਸੀ. ਵਾਤਿਸ਼

ਕੇਹੀ ਅਜੋਕੀ ਸਦੀ ਹੈ, ਪੰਜਾਬ ਖਾਲੀ ਹੋ ਰਿਹਾ।
ਮਾਝਾ ਮਾਲਵਾ ਦੁਆਬ ਖਾਲੀ ਹੋ ਰਿਹਾ।
ਰੋਜ਼ ਪਰਵਾਸ ਕਰਦੇ ਨੇ ਢਾਈ ਸੌ ਜਵਾਨ
ਅਰਥਚਾਰੇ 'ਚੋਂ ਹਿਸਾਬ, ਖਾਲੀ ਹੋ ਰਿਹਾ।
ਖੜ੍ਹੇ ਹੋ ਰਹੇ ਨੇ ਸਵਾਲਾਂ ਦੇ ਸਵਾਲ
ਉੱਤਰ ਪੱਤਰੀ 'ਚੋਂ ਇਸਦਾ ਜਵਾਬ, ਖਾਲੀ ਹੋ ਰਿਹਾ।
ਕਾਗ਼ਜ਼ੀ ਫੁੱਲਾਂ ਦੀ ਆਮਦ ਹੋ ਗਈ
ਮਹਿਕੋਂ ਅਸਲੀ ਗੁਲਾਬ, ਖਾਲੀ ਹੋ ਰਿਹਾ।
ਚਿਹਰਿਆਂ ਤੇ ਪਿਲੱਤਣ ਛਾ ਗਈ
ਪਹਿਲਾਂ ਜੇਹਾ ਸ਼ਬਾਬ, ਖਾਲੀ ਹੋ ਰਿਹਾ।
ਸੋਚਦੇ ਸਾਂ ਬਣੇਗਾ ਰੰਗਲਾ ਪੰਜਾਬ
ਲਿਆ ਸੀ ਜੋ ਖ਼ੁਆਬ, ਖਾਲੀ ਹੋ ਰਿਹਾ।
ਝੱਲ ਨਹੀਂ ਹੋਣੀ ਕਿਵੇਂ ਵੀ ਦੋਸਤੋ
ਕਰਜ਼ਿਆਂ ਦੀ ਤਾਬ, ਖਾਲੀ ਹੋ ਰਿਹਾ।
ਦੇਖਦੇ ਹਾਂ ਕਿਵੇਂ ਉੱਥੇ ਹੋਵੇਗਾ ਖੁਸ਼ਹਾਲ
ਪੁੱਤ ਜੋ ਬਣਿਆ ਉਕਾਬ, ਖਾਲੀ ਹੋ ਰਿਹਾ।
ਕੇਹੀ ਅਜੋਕੀ ਸਦੀ ਹੈ ਪੰਜਾਬ, ਖਾਲੀ ਹੋ ਰਿਹਾ।

## ਚੁੱਪ ਦਾ ਰੁੱਖ

ਅੰਮ੍ਰਿਤਾ ਪ੍ਰੀਤਮ



ਨਹੀਂ - ਚੁੱਪ ਦੇ ਇਸ ਰੁੱਖ ਤੋਂ
ਮੈਂ ਅੱਖਰ ਨਹੀਂ ਤੋੜੇ
ਇਹ ਤਾਂ ਜੋ ਰੁੱਖ ਨਾਲੋਂ ਝੜੇ ਸੀ
ਮੈਂ ਉਹੀ ਅੱਖਰ ਚੁਣੇ ਹਨ

ਨਹੀਂ — ਤੁਸਾਂ ਨੂੰ ਜਾਂ ਕਿਸੇ ਨੂੰ
ਮੈਂ ਕੁਝ ਨਹੀਂ ਆਖਿਆ
ਇਹ ਤਾਂ ਜੋ ਲਹੂ ਵਿਚ ਬੋਲੇ ਸੀ
ਮੈਂ ਉਹੀ ਅੱਖਰ ਸੁਣੇ ਹਨ

ਇਕ ਬਿਜਲੀ ਦੀ ਲੰਬੀ ਲੀਕ ਸੀ
ਛਾਤੀ ਚੋਂ ਲੰਘੀ ਸੀ
ਇਹ ਤਾਂ ਕੁਝ ਉਸੇ ਦੇ ਟੋਟੇ
ਮੈਂ ਪੋਟਿਆਂ ਤੇ ਗਿਣੇ ਹਨ

ਤੇ ਚੰਨ ਨੇ ਚਰਖੇ ਤੇ ਬਹਿ ਕੇ
ਬੱਦਲ ਦੀ ਕਪਾਹ ਕੱਤੀ
ਇਹ ਤਾਂ ਕੁਝ ਉਹੀ ਧਾਗੇ ਨੇ
ਮੈਂ ਖੱਡੀ ਤੇ ਉਣੇ ਹਨ

ਨਹੀਂ — ਚੁੱਪ ਦੇ ਇਸ ਰੁੱਖ ਤੋਂ
ਮੈਂ ਅੱਖਰ ਨਹੀਂ ਤੋੜੇ
ਇਹ ਤਾਂ ਜੋ ਰੁਖ ਨਾਲੋਂ ਝੜੇ ਸੀ
ਮੈਂ ਉਹੀ ਅੱਖਰ ਚੁਣੇ ਹਨ

## ਮੇਰਾ ਇੱਕਲਾਪਣ

ਰਸ਼ਪਿੰਦਰ ਕੌਰ ਗਿੱਲ

ਇੱਕਲਾਪਣ ਮੇਰਾ
ਮੈਨੂੰ ਸਕੂਨ ਦਿੰਦਾ ਏ
ਨਾ ਖੌਫ਼ ਏ ਕੁਝ ਗਵਾਉਣ ਦਾ
ਨਾ ਖੌਫ਼ ਏ ਦੁੱਖ ਹੰਢਾਉਣ ਦਾ
ਭੀੜ ਦੇ ਵਿਚ ਰਹਿ ਕੇ ਵੀ
ਭੀੜ ਦਾ ਹਿੱਸਾ ਨਹੀਂ ਹਾਂ ਮੈਂ
ਖ਼ੁਦ ਨੂੰ ਰੁਤਬਾ ਦੇ ਦਿੰਦੀ ਹਾਂ
ਤਾਰਿਆਂ ਵਿੱਚ ਚਮਕਦੇ ਚੰਨ ਦਾ
ਖ਼ੁਦ ਨੂੰ ਚੰਨ ਸਮਝੀ
ਜਦ ਚੰਨ ਵੱਲ ਤੱਕਦੀ ਹਾਂ
ਨਜ਼ਾਰਾ ਦੇਖਦੀ ਹਾਂ
ਚੰਨ 'ਤੇ ਲੱਗੇ ਧੱਬਿਆਂ ਦਾ।
ਕਿੰਨੇ ਦਾਗ਼ ਨੇ ਇਸ ਚੰਨ ਉੱਤੇ
ਫਿਰ ਵੀ ਸਭ ਨੂੰ ਪਿਆਰਾ ਏ
ਅਸਮਾਨ ਦੇ ਵਿੱਚ
ਇਹ ਇੱਕਲਾ ਹੀ
ਦਿਖਦਾ ਨਿਆਰਾ ਏ।
ਕਦੇ ਖ਼ੁਦ ਨੂੰ ਤੱਕਦੀ ਹਾਂ
ਕਦੇ ਚੰਨ ਨੂੰ ਤੱਕਦੀ ਹਾਂ
ਪਾ ਕੇ ਨੀਵੀਂ
ਸਾਡੇ ਦੋਵਾਂ ਦੇ
ਇੱਕਲੇਪਣ 'ਤੇ ਹੱਸਦੀ ਹਾਂ।
ਦਾਗਾਂ ਨਾਲ
ਭਰੇ ਆਪਣੇ ਦਾਮਨ ਨੂੰ
ਜਦ ਵੀ ਮੈਂ ਤੱਕਦੀ ਹਾਂ
ਕੋਈ ਸਮਝੇ ਭਾਵੇਂ ਨਾ ਸਮਝੇ
ਪਰ ਮੈਂ ਖ਼ੁਦ ਨੂੰ ਚੰਨ ਸਮਝਦੀ ਹਾਂ।
ਨਾ ਚੰਨ ਚਮਕਣਾ ਛੱਡਣਾ ਏ
ਨਾ ਹੀ ਮੈਂ ਜਿਊਣਾ ਛੱਡਣਾ ਏ
ਸਾਡੇ ਇੱਕਲੇਪਣ ਨੇ ਹੀ
ਸਾਨੂੰ ਹਮੇਸ਼ਾਂ ਹੀ
ਖ਼ੁਸ਼ ਰੱਖਣਾ ਏ।
ਸਾਨੂੰ ਇੱਕਲਿਆਂ ਦੇਖ ਕੇ ਹੀ
ਕੁੱਲ ਦੁਨੀਆ ਨੇ
ਸਾਨੂੰ ਪਿਆਰ ਕਰਨਾ ਏ।
ਇੱਕਲਾਪਣ ਮੇਰਾ
ਮੈਨੂੰ ਸਕੂਨ ਦਿੰਦਾ ਏ

## ਗ਼ਰੀਬ ਨਹੀਂ ਰਹਿਣਾ ਕੋਈ

ਰਾਜਿੰਦਰ ਜੈਦਕਾ ਅਮਰਗੜ੍ਹ

ਗ਼ਰੀਬ ਨਹੀਂ ਰਹਿਣਾ ਕੋਈ
ਸਰਕਾਰ ਨੇ 'ਗ਼ਰੀਬ' ਖਤਮ ਕਰ ਦਿੱਤਾ
ਰਹਿ ਗਈ ਹੁਣ ਗ਼ਰੀਬੀ ਪੱਲੇ
ਰਾਜੇ ਦਾ ਫ਼ਰਮਾਨ ਹੈ ਆਇਆ
ਕੋਈ 'ਗ਼ਰੀਬ' ਨਾ ਹੋਵੇ ਇੱਥੇ
ਭਾਵੇਂ ਝੌਂਪੜੀਆਂ ਦੇ ਵਿੱਚ ਰਹਿਣ
ਭਾਵੇਂ ਪੈਣ ਸੜਕਾਂ ਕੰਢੇ
ਭਾਵੇਂ ਸੌਣ ਦਰੱਖ਼ਤਾਂ ਥੱਲੇ
ਪਰ ਕੋਈ ਕਹੇ ਨਾ 'ਗ਼ਰੀਬ'
ਚੀਜ਼ਾਂ ਦੇ ਜਿੰਨੇ ਮਰਜ਼ੀ ਭਾਅ ਵਧ ਜਾਣ
ਆਟਾ ਹੋ ਜਾਵੇ ਪਹੁੰਚ ਤੋਂ ਪਰ੍ਹੇ
ਧਰਨੇ ਜਿਹੜਾ ਲਾਊ ਇੱਥੇ
ਜੇਲ੍ਹ ਜਾਵੇਗਾ ਪੈਣਗੇ ਪੰਗੇ
ਅਸੀਂ ਆਜ਼ਾਦ ਦੇਸ਼ ਦੇ ਵਾਸੀ
ਗੁਲਾਮ ਕਹਿਣ ਦਾ ਹੱਕ ਨਹੀਂ ਕੋਈ
ਜੇਕਰ ਕਿਸੇ ਦੇ ਖ਼ਿਲਾਫ਼ ਬੋਲਿਆ
ਪੈ ਜਾਊ ਪੰਗਾ, ਸੁਲਝ ਨਹੀਂ ਹੋਣਾ
ਭਾਵੇਂ ਆ ਜਾਵੇ ਨਵੀਂ ਸਰਕਾਰ
ਜਨਤਾ ਨੇ ਤਾਂ ਪਿਸਦੇ ਰਹਿਣਾ
ਦੁਖੀ ਹੋ ਕੇ ਖ਼ੁਸ਼ ਦਿਸਣਾ ਪੈਣਾ
ਨਹੀਂ ਤਾਂ ਪੰਗਾ ਪੈ ਹੈ ਜਾਣਾ
ਭਾਵੇਂ ਰੋਵੋ ਸਿਖ਼ਰ ਦੁਪਹਿਰ
ਕਿਸੇ ਨੇ 'ਗ਼ਰੀਬ' ਨ੍ਹੀਂ ਕਹਿਣਾ



## ਬ੍ਰਿਟੇਨ ਦੀ ਪਹਿਲੀ ਸਿੱਖ ਮਹਿਲਾ ਮੁੱਕੇਬਾਜ਼

# ਚਰਨ ਕੌਰ ਢੇਸੀ ਦਾ ਜੀਵਨ ਸਫ਼ਰ

## ਮੁਸ਼ਕਿਲਾਂ ਨੂੰ ਮੌਕੇ ਵਿੱਚ ਬਦਲਣ ਵਾਲੀ ਸਿੱਖ ਕੁੜੀ ਦੀ ਘਾਲਣਾ










ਚਰਨ ਕੌਰ ਢੇਸੀ ਇੱਕ ਅਜਿਹੀ ਨੌਜਵਾਨ ਕੁੜੀ ਹੈ, ਜਿਸ ਨੇ ਬ੍ਰਿਟੇਨ ਵਿੱਚ ਖੇਡ ਜਗਤ ਨੂੰ ਨਵੀਂ ਰੌਸ਼ਨੀ ਦਿੱਤੀ ਹੈ। 21 ਸਾਲ ਦੀ ਉਮਰ ਵਿੱਚ ਉਹ ਬ੍ਰਿਟੇਨ ਵਿੱਚ ਜੰਮੀ ਪਹਿਲੀ ਸਿੱਖ ਕੁੜੀ ਪੇਸ਼ੇਵਰ ਮੁੱਕੇਬਾਜ਼ ਬਣੀ ਹੈ, ਜੋ ਆਪਣੀ ਖੇਡ ਅਤੇ ਭਾਈਚਾਰੇ ਲਈ ਨਵੇਂ ਰਾਹ ਖੋਲ੍ਹ ਰਹੀ ਹੈ। ਉਸ ਦਾ ਜਨਮ ਅਤੇ ਪਾਲਣ ਪੋਸ਼ਣ ਇੰਗਲੈਂਡ ਦੇ ਸ਼ਹਿਰ ਹਲ ਵਿੱਚ ਹੋਇਆ ਹੈ, ਜਿੱਥੇ ਉਹ ਇੱਕ ਖੇਡ ਪ੍ਰੇਮੀ ਪਰਿਵਾਰ ਵਿੱਚ ਵੱਡੀ ਹੋਈ ਹੈ। ਉਸ ਦੇ ਪਰਿਵਾਰ ਵਿੱਚ ਦੋ ਭਰਾ ਅਤੇ ਇੱਕ ਪਿਤਾ ਹਨ ਜੋ ਅਕਾਦਮਿਕ ਪੜ੍ਹਾਈ ਨਾਲੋਂ ਸਰੀਰਕ ਗਤੀਵਿਧੀਆਂ ਨੂੰ ਵਧੇਰੇ ਮਹੱਤਵ ਦਿੰਦੇ ਸਨ। ਚਰਨ ਨੇ ਆਪਣੇ ਇੱਕ ਇੰਟਰਵਿਊ ਵਿੱਚ ਦੱਸਿਆ ਹੈ ਕਿ 'ਮੇਰੇ ਮਾਪਿਆਂ ਨੇ ਕਦੇ ਵੀ ਮੇਰੀ ਪੜ੍ਹਾਈ ਵੱਲ ਖ਼ਾਸ ਧਿਆਨ ਨਹੀਂ ਦਿੱਤਾ, ਲੋਕ ਇਸ ਨੂੰ ਪਾਗਲਪਨ ਸਮਝਦੇ ਹਨ। ਉਨ੍ਹਾਂ ਨੇ ਹਮੇਸ਼ਾ ਮੁੱਕੇਬਾਜ਼ੀ ਵੱਲ ਵਧੇਰੇ ਧਿਆਨ ਦਿੱਤਾ। ਮੇਰੇ ਪਿਤਾ ਨੇ ਸਾਨੂੰ ਤਿੰਨਾਂ ਨੂੰ ਖੇਡਾਂ ਵਿੱਚ ਵੱਡਾ ਕੀਤਾ।'

ਚਰਨ ਦਾ ਮੁੱਕੇਬਾਜ਼ੀ ਵੱਲ ਆਉਣਾ ਇੱਕ ਅਚਾਨਕ ਘਟਨਾ ਸੀ। ਉਹ ਅਸਲ ਵਿੱਚ ਕਰਾਟੇ ਵਿੱਚ ਸਿਖਲਾਈ ਲੈ ਰਹੀ ਸੀ ਅਤੇ ਬਰਾਊਨ ਬੈਲਟ ਹਾਸਲ ਕਰ ਚੁੱਕੀ ਸੀ। ਅੱਠ ਸਾਲ ਕਰਾਟੇ ਵਿੱਚ ਬਿਤਾਉਣ ਤੋਂ ਬਾਅਦ, ਉਸ ਨੂੰ ਮੁੱਕੇਬਾਜ਼ੀ ਬਾਰੇ ਉਦੋਂ ਪਤਾ ਲੱਗਾ ਜਦੋਂ ਉਸ ਦਾ ਛੋਟਾ ਭਰਾ ਇੱਕ ਸਥਾਨਕ ਜਿਮ ਵਿੱਚ ਸ਼ਾਮਲ ਹੋਇਆ। 13 ਸਾਲ ਦੀ ਉਮਰ ਵਿੱਚ ਉਹ ਆਪਣੇ ਭਰਾ ਨੂੰ ਜਿਮ ਛੱਡਣ ਗਈ ਅਤੇ ਦਰਵਾਜ਼ੇ ਵਿੱਚ ਖੜ੍ਹੀ ਰਹੀ। ਉਸ ਵੇਲੇ ਉਸ ਕੋਲ ਨਾ ਤਾਂ ਦਸਤਾਨੇ ਸਨ ਅਤੇ ਨਾ ਹੀ ਖੇਡ ਵਿੱਚ ਸ਼ਾਮਲ ਹੋਣ ਦਾ ਇਰਾਦਾ। ਪਰ ਕੋਚ ਨੇ ਉਸ ਨੂੰ ਅਜ਼ਮਾਉਣ ਲਈ ਕਿਹਾ ਅਤੇ ਉਸ ਨੇ ਇੱਕ ਵਾਰ ਅਜ਼ਮਾਇਆ ਤਾਂ ਕੋਚਾਂ ਨੇ ਉਸ ਦੀ ਪ੍ਰਸ਼ੰਸਾ ਕੀਤੀ। ਉਸ ਨੇ ਕਿਹਾ, 'ਮੈਂ ਇੱਕ ਦਿਨ ਇਸ ਨੂੰ ਅਜ਼ਮਾਇਆ ਅਤੇ ਸਾਰੇ ਕੋਚ ਕਹਿ ਰਹੇ ਸਨ ਕਿ ਮੈਂ ਕਿੰਨੀ ਚੰਗੀ ਤਰ੍ਹਾਂ ਇਸ ਨੂੰ ਖੇਡ ਰਹੀ ਹਾਂ। ਉਦੋਂ ਤੋਂ ਮੈਂ ਇਸ ਨੂੰ ਜਾਰੀ ਰੱਖਿਆ ਅਤੇ ਫ਼ਿਰ ਮੈਨੂੰ ਇੰਗਲੈਂਡ ਦੀ ਟੀਮ ਲਈ ਚੁਣਿਆ ਗਿਆ।'

ਉਸ ਦੇ ਮਾਪਿਆਂ ਨੇ ਖੇਡਾਂ ਨੂੰ ਪਹਿਲ ਦਿੱਤੀ ਹੋਣ ਕਾਰਨ ਉਸ ਨੇ ਰਸਮੀ ਤੌਰ 'ਤੇ ਉੱਚ ਸਿੱਖਿਆ ਨਹੀਂ ਹਾਸਲ ਕੀਤੀ। ਚਰਨ ਨੂੰ 2012 ਉਲੰਪਿਕ ਵਿੱਚ ਲੂਕ ਕੈਂਪਬੈਲ ਦੇ ਸੋਨੇ ਦੇ ਤਗਮੇ ਨੇ ਪ੍ਰੇਰਿਤ ਕੀਤਾ ਅਤੇ ਉਹ ਵੀ ਉਲੰਪਿਕ ਸੋਨਾ ਜਿੱਤਣ ਦਾ ਸੁਪਨਾ ਵੇਖਦੀ ਸੀ। ਉਸ ਨੇ ਈਸਟ ਹਲ ਅਮੈਚੂਰ ਬਾਕਸਿੰਗ ਕਲੱਬ ਵਿੱਚ ਸਿਖਲਾਈ ਲਈ ਅਤੇ ਉੱਥੇ ਹੀ ਆਪਣੀ ਪ੍ਰਤਿਭਾ ਨੂੰ ਨਿਖਾਰਿਆ। ਇਸ ਤਰ੍ਹਾਂ ਚਰਨ ਨੇ ਆਪਣੇ ਪਿਛੋਕੜ ਨੂੰ ਤਾਕਤ ਬਣਾ ਕੇ ਮੁੱਕੇਬਾਜ਼ੀ ਵਿੱਚ ਕਦਮ ਰੱਖਿਆ ਅਤੇ ਅੱਜ ਉਹ ਇੱਕ ਪਾਇਨੀਅਰ ਵਜੋਂ ਜਾਣੀ ਜਾਂਦੀ ਹੈ। ਚਰਨ ਨੇ ਆਪਣੇ ਸਫ਼ਰ ਨੂੰ ਇੱਕ ਇੰਟਰਵਿਊ ਵਿੱਚ ਵਰਣਨ ਕੀਤਾ ਕਿ ਉਹ ਮੁੱਕੇਬਾਜ਼ੀ ਨੂੰ ਆਪਣੀ ਜ਼ਿੰਦਗੀ ਸਮਝਦੀ ਹੈ ਅਤੇ ਇਸ ਤੋਂ ਬਿਨਾਂ ਕੁਝ ਨਹੀਂ। ਉਸ ਨੇ ਕਿਹਾ, 'ਮੈਂ ਮੁੱਕੇਬਾਜ਼ੀ ਨਾਲ ਜੀਉਂਦੀ ਹਾਂ ਅਤੇ ਸਾਹ ਲੈਂਦੀ ਹਾਂ। ਇਹੀ ਮੈਂ ਹਮੇਸ਼ਾ ਗੱਲ ਕਰਦੀ ਹਾਂ ਅਤੇ ਇਹੀ ਮੈਂ ਕਰਦੀ ਹਾਂ।' ਉਸ ਨੇ ਆਪਣੇ ਪਰਿਵਾਰ ਨੂੰ ਆਪਣੀ ਸਫ਼ਲਤਾ ਦਾ ਅਸਲ ਕਾਰਨ ਮੰਨਿਆ ਅਤੇ ਕਿਹਾ ਕਿ ਉਨ੍ਹਾਂ ਦੇ ਸਮਰਥਨ ਬਿਨਾਂ ਇਹ ਸਭ ਸੰਭਵ ਨਹੀਂ ਸੀ।

**ਸਾਹਮਣੇ ਆਈਆਂ ਚੁਣੌਤੀਆਂ ਅਤੇ ਸਮੱਸਿਆਵਾਂ**

ਚਰਨ ਕੌਰ ਢੇਸੀ ਦਾ ਸਫ਼ਰ ਆਸਾਨ ਨਹੀਂ ਰਿਹਾ। ਇੱਕ ਦੱਖਣੀ ਏਸ਼ੀਆਈ ਮਹਿਲਾ ਵਜੋਂ ਉਸ ਨੂੰ ਇੱਕ ਪੁਰਸ਼ ਪ੍ਰਧਾਨ ਖੇਡ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਸੀ। ਉਸ ਨੇ ਸੱਭਿਆਚਾਰਕ ਵਿਰੋਧ, ਨਕਾਰਾਤਮਕ ਟਿੱਪਣੀਆਂ ਅਤੇ ਵਿੱਤੀ ਦਬਾਅ ਨੂੰ ਝੱਲਿਆ ਹੈ। ਉਸ ਨੇ ਦੱਸਿਆ ਕਿ ਉਸ ਨੂੰ ਆਪਣੇ ਭਾਈਚਾਰੇ ਵਿੱਚੋਂ ਅਜਿਹੀਆਂ ਗੱਲਾਂ ਸੁਣਨ ਨੂੰ ਮਿਲੀਆਂ ਜਿਵੇਂ 'ਜੇ ਤੁਹਾਨੂੰ ਸੱਟ ਲੱਗੀ ਤਾਂ ਤੁਹਾਡੇ ਨਾਲ ਕੌਣ ਵਿਆਹ ਕਰੇਗਾ?', 'ਕੀ ਤੁਹਾਨੂੰ ਰਸੋਈ ਵਿੱਚ ਨਹੀਂ ਹੋਣਾ ਚਾਹੀਦਾ?' ਅਤੇ 'ਤੁਹਾਡਾ ਪਲਾਨ ਬੀ ਕੀ ਹੈ?' ਇਹ ਨਕਾਰਾਤਮਕ ਟਿੱਪਣੀਆਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰਦੀਆਂ ਸਨ ਪਰ ਉਸ ਨੇ ਇਨ੍ਹਾਂ ਨੂੰ ਆਪਣੀ ਤਾਕਤ ਬਣਾਇਆ। ਉਸ ਨੇ ਕਿਹਾ, 'ਮੇਰੇ ਭਾਈਚਾਰੇ ਤੋਂ ਅਜਿਹਾ ਕਰਨ ਵਾਲੀ ਪਹਿਲੀ ਔਰਤ ਹੋਣਾ ਬਹੁਤ ਦਬਾਅ ਵਾਲਾ ਸੀ ਪਰ ਤੁਸੀਂ ਕੀ ਕਹਿ ਸਕਦੇ ਹੋ? ਦਬਾਅ ਕਾਰਨ ਹੀ ਹੀਰੇ ਬਣਦੇ ਹਨ।'

ਵਿੱਤੀ ਤੌਰ 'ਤੇ ਵੀ ਉਸ ਨੂੰ ਮੁਸ਼ਕਿਲਾਂ ਆਈਆਂ। ਬਿਨਾਂ ਸਪਾਂਸਰਸ਼ਿਪ ਦੇ ਉਸ ਦੇ ਮਾਪੇ ਅਜੇ ਵੀ ਉਸ ਦੇ ਕੈਰੀਅਰ ਨੂੰ ਵਿੱਤੀ ਮਦਦ ਕਰ ਰਹੇ ਹਨ। ਉਹ ਕਹਿੰਦੀ ਹੈ, 'ਮੈਂ ਕੰਮ ਨਹੀਂ ਕਰਦੀ ਕਿਉਂਕਿ ਮੈਂ ਸਿਖਲਾਈ 'ਤੇ ਕੇਂਦ੍ਰਿਤ ਹਾਂ। ਇਸ ਲਈ ਇਹ ਔਖਾ ਹੈ। ਮੈਂ ਸਿਖਲਾਈ ਦੇ ਮੌਕਿਆਂ ਤੋਂ ਖੁੰਝ ਰਹੀ ਹਾਂ, ਬਿਹਤਰ ਕਿੱਟ ਹਾਸਲ ਕਰ ਰਹੀ ਹਾਂ।' ਇਸ ਤੋਂ ਇਲਾਵਾ ਉਸ ਨੂੰ ਸੱਟਾਂ ਵੀ ਲੱਗੀਆਂ ਜਿਵੇਂ ਕਿ ਗੁੱਟ ਦੀ ਸੱਟ ਜਿਸ ਕਾਰਨ ਉਹ ਸੱਤ ਮਹੀਨੇ ਬਾਹਰ ਰਹੀ ਅਤੇ ਇਸ ਨੇ ਉਸ ਨੂੰ ਪੇਸ਼ੇਵਰ ਬਣਨ ਲਈ ਪ੍ਰੇਰਿਤ ਕੀਤਾ। ਮਈ 2025 ਵਿੱਚ ਉਸ ਨੇ ਆਪਣੇ ਪੇਸ਼ੇਵਰ ਡੈਬਿਊ ਵਿੱਚ ਨਾਕਆਊਟ ਨਾਲ ਜਿੱਤ ਹਾਸਲ ਕੀਤੀ ਅਤੇ ਉਸ ਵੀਡੀਓ ਨੇ ਵਾਇਰਲ ਹੋ ਕੇ ਉਸ ਨੂੰ ਨਵੀਂ ਪਛਾਣ ਦਿੱਤੀ। ਚਰਨ ਦੀਆਂ ਚੁਣੌਤੀਆਂ ਨੇ ਉਸ ਨੂੰ ਮਜ਼ਬੂਤ ਬਣਾਇਆ ਅਤੇ ਉਹ ਅੱਜ ਨੌਜਵਾਨ ਕੁੜੀਆਂ ਨੂੰ ਸੰਦੇਸ਼ ਦਿੰਦੀ ਹੈ ਕਿ ਡਰ ਨੂੰ ਦੂਰ ਕਰ ਕੇ ਅੱਗੇ ਵਧੋ। ਉਸ ਨੇ ਸਿੱਖ ਧਰਮ ਨੂੰ ਆਪਣੀ ਤਾਕਤ ਬਣਾਇਆ ਅਤੇ ਕਿਹਾ ਕਿ ਇਹ ਉਸ ਨੂੰ ਸ਼ਾਂਤ ਚੜ੍ਹਦੀਕਲਾ ਅਤੇ ਨਿਸ਼ਾਨੇ ਪ੍ਰਤੀ ਕੇਂਦ੍ਰਿਤ ਰੱਖਦੀ ਹੈ। ਉਸ ਨੇ ਵਿੱਤੀ ਮੁਸ਼ਕਿਲਾਂ ਨੂੰ ਵੀ ਝੱਲਿਆ ਕਿਉਂਕਿ ਉਸ ਨੂੰ ਅਜੇ ਵੀ ਸਪਾਂਸਰ ਨਹੀਂ ਮਿਲੇ ਅਤੇ ਮਾਪੇ ਉਸ ਨੂੰ ਫ਼ੰਡ ਕਰ ਰਹੇ ਹਨ। ਇਹ ਚੁਣੌਤੀਆਂ ਉਸ ਨੂੰ ਰੋਕ ਨਹੀਂ ਸਕੀਆਂ ਅਤੇ ਉਹ ਅੱਗੇ ਵਧਦੀ ਰਹੀ। ਚਰਨ ਨੇ ਆਪਣੇ ਸਫ਼ਰ ਵਿੱਚ ਸਿੱਖਿਆ ਕਿ ਨਕਾਰਾਤਮਕਤਾ ਨੂੰ ਮੋਟੀਵੇਸ਼ਨ ਵਜੋਂ ਵਰਤੋ ਅਤੇ ਆਪਣੇ ਟੀਚੇ 'ਤੇ ਕੇਂਦ੍ਰਿਤ ਰਹੋ। ਉਸ ਨੇ ਆਪਣੀ ਸੱਟਾਂ ਤੋਂ ਵੀ ਸਿੱਖ ਕੇ ਵਾਪਸੀ ਕੀਤੀ ਅਤੇ ਪੇਸ਼ੇਵਰ ਬਣਨ ਦਾ ਫ਼ੈਸਲਾ ਕੀਤਾ। ਇਹ ਸਭ ਉਸ ਨੂੰ ਇੱਕ ਮਜ਼ਬੂਤ ਵਿਅਕਤੀ ਬਣਾਉਂਦਾ ਹੈ ਅਤੇ ਉਹ ਨੌਜਵਾਨਾਂ ਨੂੰ ਪ੍ਰੇਰਿਤ ਕਰਦੀ ਹੈ।

**ਪ੍ਰਾਪਤੀਆਂ ਅਤੇ ਕਾਮਯਾਬੀਆਂ**

ਚਰਨ ਕੌਰ ਢੇਸੀ ਨੇ ਆਪਣੇ ਕੈਰੀਅਰ ਵਿੱਚ ਬਹੁਤ ਸਾਰੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ ਜੋ ਉਸ ਨੂੰ ਇੱਕ ਪਾਇਨੀਅਰ ਬਣਾਉਂਦੀਆਂ ਹਨ। ਉਸ ਨੇ ਅਮੈਚੂਰ ਵਜੋਂ ਤਿੰਨ ਰਾਸ਼ਟਰੀ ਖਿਤਾਬ, ਇੱਕ ਯੂਰਪੀਅਨ ਚਾਂਦੀ ਦਾ ਤਗਮਾ ਅਤੇ ਤਿੰਨ ਅੰਤਰਰਾਸ਼ਟਰੀ ਖਿਤਾਬ ਜਿੱਤੇ ਹਨ। ਉਹ ਵਿੰਟਰ ਬਾਕਸ ਕੱਪ ਚੈਂਪੀਅਨ ਵੀ ਰਹੀ ਅਤੇ ਪੰਜ ਸਾਲ ਇੰਗਲੈਂਡ ਦੀ ਅੰਤਰਰਾਸ਼ਟਰੀ ਟੀਮ ਦਾ ਹਿੱਸਾ ਰਹੀ। ਉਸ ਨੇ ਆਪਣੀ ਪਹਿਲੀ ਨੈਸ਼ਨਲ ਚੈਂਪੀਅਨਸ਼ਿਪ ਆਪਣੇ ਪੰਜਵੇਂ ਫ਼ਾਈਟ ਵਿੱਚ ਜਿੱਤੀ ਸੀ।

(ਬਾਕੀ ਸਫ਼ਾ 27 'ਤੇ)

# ਸਕੂਲੀ ਖੇਡਾਂ 'ਚ ਹੋ ਜਾਂਦੇ ਨੇ ਕਈ ਵਾਰ ਘਾਲੇ ਮਾਲੇ

## ਖਿਡਾਰੀਆਂ ਦੀ ਅਸਲ ਉਮਰ ਦਾ ਪਤਾ ਲਗਾਉਣ ਲਈ ਕੀਤਾ ਜਾਵੇ ਮੈਡੀਕਲ ਟੈਸਟ



ਭਾਰਤ ਵਿੱਚ ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਵੱਲੋਂ ਹਰ ਸਾਲ ਜ਼ੋਨ ਪੱਧਰ, ਜ਼ਿਲ੍ਹਾ ਪੱਧਰ, ਰਾਜ ਪੱਧਰ ਅਤੇ ਨੈਸ਼ਨਲ ਪੱਧਰ ਦੀਆਂ ਸਕੂਲ ਖੇਡਾਂ ਦੇ ਮੁਕਾਬਲੇ ਵੱਖ-ਵੱਖ ਉਮਰ ਵਰਗਾਂ ਜਿਵੇਂ ਅੰਡਰ 11 ਸਾਲ, ਅੰਡਰ 14 ਸਾਲ, ਅੰਡਰ 17 ਸਾਲ ਅਤੇ ਅੰਡਰ 19 ਸਾਲ ਵਿਚਕਾਰ ਕਰਵਾਏ ਜਾਂਦੇ ਹਨ। ਪਰ ਬੜੇ ਦੁੱਖ ਦੀ ਗੱਲ ਹੈ ਕਿ ਇਹ ਮੁਕਾਬਲੇ ਕਹਿਣ ਨੂੰ ਤਾਂ ਵੱਖ-ਵੱਖ ਉਮਰ ਵਰਗਾਂ ਦੇ ਹੋ ਰਹੇ ਹੁੰਦੇ ਹਨ, ਪਰ ਅਸਲੀਅਤ ਵਿੱਚ ਬਹੁਤੀਆਂ ਟੀਮਾਂ ਦੇ ਖਿਡਾਰੀ ਕਿਸੇ ਨਾ ਕਿਸੇ ਢੰਗ ਤਰੀਕੇ ਨਾਲ ਆਪਣੀ ਉਮਰ ਦੇ ਜਾਅਲੀ ਸਰਟੀਫਿਕੇਟ ਤਿਆਰ ਕਰਵਾ ਲੈਂਦੇ ਹਨ, ਜਿਨ੍ਹਾਂ ਵਿੱਚ ਉਨ੍ਹਾਂ ਖਿਡਾਰੀਆਂ ਦੀ ਉਮਰ ਅਸਲੀ ਨਾਲੋਂ ਕਈ ਕਈ ਸਾਲ ਘੱਟ ਲਿਖੀ ਹੁੰਦੀ ਹੈ। ਜਿਸ ਖਿਡਾਰੀ ਕੋਲ ਉਮਰ ਦਾ ਸਰਟੀਫਿਕੇਟ ਹੁੰਦਾ ਹੈ ਤਾਂ ਉਸ ਸਬੂਤ ਦੇ ਆਧਾਰ 'ਤੇ ਨਿਯਮਾਂ ਅਨੁਸਾਰ ਉਸ ਖਿਡਾਰੀ ਨੂੰ ਕਿਸੇ ਵੀ ਤਰੀਕੇ ਨਾਲ ਖੇਡਣ ਤੋਂ ਰੋਕਿਆ ਨਹੀਂ ਜਾ ਸਕਦਾ। ਜਿਸ ਕਰਕੇ ਸਹੀ ਉਮਰ ਵਾਲੇ ਖਿਡਾਰੀਆਂ ਦਾ ਹੱਕ ਮਾਰਿਆ ਜਾਂਦਾ ਹੈ ਅਤੇ ਇੱਕ ਪਾਸੜ ਮੁਕਾਬਲੇ ਵੇਖਣ ਨੂੰ ਮਿਲਦੇ ਹਨ।

ਜੇਕਰ ਖੇਡ ਦੀ ਅਸਲ ਭਾਵਨਾ ਨੂੰ ਬਰਕਰਾਰ ਰੱਖਣਾ ਅਤੇ ਨਵੇਂ ਉੱਭਰਦੇ ਖਿਡਾਰੀਆਂ ਨੂੰ ਲੰਬੇ ਸਮੇਂ ਤੱਕ ਖੇਡਾਂ ਨਾਲ ਜੋੜ ਕੇ ਰੱਖਣਾ ਹੈ ਤਾਂ ਇਸ ਗੱਲ ਨੂੰ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਖਿਡਾਰੀ ਆਪਣੇ ਉਮਰ ਵਰਗ ਵਿੱਚ ਹੀ ਮੁਕਾਬਲਾ ਕਰਨ। ਕੋਈ ਵੀ ਵੱਡੀ ਉਮਰ ਦਾ ਖਿਡਾਰੀ ਉਮਰ ਦੀ ਹੇਰਾਫੇਰੀ ਕਰਕੇ ਹੇਠਲੇ ਉਮਰ ਗਰੁੱਪ ਵਿੱਚ ਨਾ ਖੇਡੇ। ਇਸ ਲਈ ਖਿਡਾਰੀਆਂ ਦੀ ਅਸਲ ਉਮਰ ਜਾਣਨ ਲਈ ਮੈਡੀਕਲ ਟੈਸਟ ਕਰਨਾ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ। ਇਸ ਦਾ ਸਭ ਤੋਂ ਵੱਡਾ ਫਾਇਦਾ ਇਹ ਹੋਵੇਗਾ ਕਿ ਖਿਡਾਰੀਆਂ ਨੂੰ ਆਪਣੀ ਉਮਰ ਅਨੁਸਾਰ ਆਪਣੇ ਬਰਾਬਰ ਦੇ ਖਿਡਾਰੀ ਮਿਲਣਗੇ ਅਤੇ ਉਨ੍ਹਾਂ ਵਿਚਕਾਰ ਸਿਹਤਮੰਦ ਮੁਕਾਬਲੇ ਵੇਖਣ ਨੂੰ ਮਿਲਣਗੇ।

ਜਿਸ ਤਰ੍ਹਾਂ ਡੋਪ ਟੈਸਟ ਕਰਕੇ ਪਾਬੰਦੀਸ਼ੁਦਾ ਤਾਕਤ ਵਧਾਊ ਦਵਾਈਆਂ ਦੀ ਵਰਤੋਂ ਕਰਨ ਦਾ ਪਤਾ ਲਗਾਇਆ ਜਾਂਦਾ ਹੈ, ਉਸ ਤਰਜ਼ 'ਤੇ ਖਿਡਾਰੀਆਂ ਦੀ ਅਸਲ ਉਮਰ ਦਾ ਪਤਾ ਲਗਾਉਣ ਲਈ ਮੈਡੀਕਲ ਟੈਸਟ ਵੀ ਕਰਨਾ ਚਾਹੀਦਾ ਹੈ। ਕਿਉਂਕਿ ਕਈ ਵਿਅਕਤੀ ਵੱਡੀ ਉਮਰ ਦੇ ਖਿਡਾਰੀਆਂ ਨੂੰ ਘੱਟ ਉਮਰ ਵਰਗ ਵਿੱਚ ਖਿਡਾਉਣ ਲਈ ਮਿਲੀਭੁਗਤ ਕਰਕੇ ਉਮਰ ਦੇ ਜਾਅਲੀ ਦਸਤਾਵੇਜ਼ ਤਿਆਰ ਕਰਵਾ ਲੈਂਦੇ ਹਨ, ਪਰ ਇਸ ਟੈਸਟ ਵਿੱਚ ਵੀ ਇਮਾਨਦਾਰੀ ਜ਼ਰੂਰੀ ਹੈ। ਉਮਰ ਦੀ ਇਸ ਹੇਰਾਫੇਰੀ ਵਿੱਚ ਖਿਡਾਰੀ, ਕੋਚ, ਸਕੂਲ, ਖੇਡ ਫੈਡਰੇਸ਼ਨਾਂ ਤੇ ਮਾਪੇ ਬਰਾਬਰ ਦੇ ਜ਼ਿੰਮੇਵਾਰ ਹੁੰਦੇ ਹਨ।

ਇਸ ਵਰਤਾਰੇ ਕਾਰਨ ਜਿੱਥੇ ਨਵੇਂ ਉੱਭਰਦੇ ਖਿਡਾਰੀਆਂ ਦਾ ਮਨੋਬਲ ਟੁੱਟਦਾ ਹੈ, ਉੱਥੇ ਨਾਲ ਹੀ ਘੱਟ ਉਮਰ ਦੇ ਸਬੂਤ ਤਿਆਰ ਕਰਵਾ ਕੇ ਖੇਡਣ ਵਾਲੇ ਵੱਡੀ ਉਮਰ ਦੇ ਖਿਡਾਰੀਆਂ ਦੀ ਖੇਡ ਦਾ ਪੱਧਰ ਵੀ ਨਹੀਂ ਵਧਦਾ। ਕਿਉਂਕਿ ਆਪਣੇ ਤੋਂ ਕਮਜ਼ੋਰ ਖਿਡਾਰੀਆਂ ਨਾਲ ਖੇਡਣ ਕਰਕੇ ਉਨ੍ਹਾਂ ਨੂੰ ਬਰਾਬਰ ਦਾ ਮੁਕਾਬਲਾ ਨਹੀਂ ਮਿਲਦਾ ਜਿਸ ਕਾਰਨ ਉਨ੍ਹਾਂ ਦੇ ਪ੍ਰਦਰਸ਼ਨ ਵਿੱਚ ਸੁਧਾਰ ਦੀ ਗੁੰਜਾਇਸ਼ ਹੌਲੀ ਹੌਲੀ ਖ਼ਤਮ ਹੋ ਜਾਂਦੀ ਹੈ।

ਇਸ ਨੂੰ ਸਾਡੇ ਦੇਸ਼ ਦਾ ਦੁਖਾਂਤ ਹੀ ਕਿਹਾ ਜਾ ਸਕਦਾ ਹੈ ਕਿ ਹਰ ਖੇਡ ਵਿੱਚ ਇਹ ਮਾੜਾ ਵਰਤਾਰਾ ਵਾਪਰ ਰਿਹਾ ਹੈ। ਭਾਰਤ ਸਰਕਾਰ ਦੇ ਖੇਡ ਮੰਤਰਾਲੇ ਨੂੰ ਇਨ੍ਹਾਂ ਗੱਲਾਂ ਦਾ ਜ਼ਰੂਰ ਨੋਟਿਸ ਲੈਣਾ ਚਾਹੀਦਾ ਹੈ। ਇੱਕ ਖਿਡਾਰੀ ਜਿਹੜਾ ਸਾਰਾ ਸਾਲ ਇਸ ਉਮੀਦ ਨਾਲ ਮਿਹਨਤ ਕਰਦਾ ਹੈ ਕਿ ਉਹ ਆਪਣੀ ਮਿੱਥੀ ਹੋਈ ਮੰਜ਼ਿਲ 'ਤੇ ਜ਼ਰੂਰ ਪਹੁੰਚੇਗਾ, ਪਰ ਖੇਡਾਂ ਵਿੱਚ ਚੱਲ ਰਹੇ ਮਾੜੇ ਵਰਤਾਰਿਆਂ ਕਾਰਨ ਉਸ ਦੀਆਂ ਇੱਛਾਵਾਂ ਧਰੀਆਂ-ਧਰਾਈਆਂ ਹੀ ਰਹਿ ਜਾਂਦੀਆਂ ਹਨ। ਸਖ਼ਤ ਮਿਹਨਤਾਂ ਕਰਕੇ ਅੱਗੇ ਆਏ 14 ਸਾਲ ਤੋਂ ਘੱਟ ਉਮਰ ਦੇ ਖਿਡਾਰੀ (ਜੋ ਆਪਣੇ ਉਮਰ ਵਰਗ ਵਿੱਚ ਪਿੰਡੇ 'ਤੇ ਮਿੱਟੀ ਵੀ ਨਹੀਂ ਸੀ ਲੱਗਣ ਦਿੰਦੇ) ਨੂੰ ਜ਼ੋਨ, ਜ਼ਿਲ੍ਹਾ, ਰਾਜ ਜਾਂ ਨੈਸ਼ਨਲ ਸਕੂਲ ਖੇਡਾਂ ਵਿੱਚ ਜਦੋਂ ਉਮਰ ਦੀ ਹੇਰਾਫੇਰੀ ਕਰਕੇ ਘੱਟ ਉਮਰ ਗਰੁੱਪ ਵਿੱਚ ਖੇਡ ਰਹੇ ਵੱਡੀ ਉਮਰ ਦੇ ਖਿਡਾਰੀਆਂ ਨਾਲ ਖੇਡਣ ਲਈ ਮਜਬੂਰ ਹੋਣਾ ਪੈਂਦਾ ਹੈ ਤਾਂ ਸਹੀ ਖਿਡਾਰੀਆਂ ਦੇ ਮਨ ਦੀਆਂ ਸੱਧਰਾਂ ਦਮ ਤੋੜਨ ਲੱਗਦੀਆਂ ਹਨ ਅਤੇ ਉਹ ਦੁਖੀ ਹੋ ਕੇ ਖੇਡ ਤੋਂ ਦੂਰ ਹੋ ਜਾਂਦੇ ਹਨ। ਕੇਂਦਰ ਸਰਕਾਰ ਵੱਲੋਂ ਖੇਡਾਂ ਵਿੱਚ ਉਮਰ ਦੀ ਜਾਅਲਸਾਜ਼ੀ ਕਰਨ ਤੋਂ ਰੋਕਣ ਲਈ 2010 ਵਿੱਚ ਭਾਵੇਂ ਨੈਸ਼ਨਲ ਕੋਡ ਅਗੇਂਸਟ ਏਜ਼ ਇਨ ਸਪੋਰਟਸ ਬਣਿਆ ਹੋਇਆ ਹੈ, ਪਰ ਫਿਰ ਵੀ ਇਹ ਜਾਅਲਸਾਜ਼ੀ ਰੁਕਣ ਦਾ ਨਾਮ ਨਹੀਂ ਲੈ ਰਹੀ। ਭਾਰਤ ਵੱਲੋਂ 1936 ਦੀਆਂ ਉਲੰਪਿਕ ਖੇਡਾਂ ਕਰਵਾਉਣ ਲਈ ਦਾਅਵੇਦਾਰੀ ਪੇਸ਼ ਕੀਤੀ ਜਾ ਰਹੀ ਹੈ, ਇਸ ਨੂੰ ਚੰਗਾ ਕਦਮ ਕਿਹਾ ਜਾ ਸਕਦਾ ਹੈ, ਪਰ ਉਲੰਪਿਕ ਖੇਡਾਂ ਕਰਵਾਉਣ ਤੋਂ ਪਹਿਲਾਂ ਭਾਰਤ ਦੇ ਖੇਡ ਢਾਂਚੇ ਵਿਚਲੀਆਂ ਊਣਤਾਈਆਂ ਨੂੰ ਦੂਰ ਕਰਨਾ ਬਹੁਤ ਜ਼ਰੂਰੀ ਹੈ। ਖੇਡਾਂ ਦੌਰਾਨ ਹੁੰਦੀਆਂ ਹੇਰਾਫੇਰੀਆਂ ਨੂੰ ਰੋਕਣ ਲਈ ਭਾਵੇਂ ਕਾਨੂੰਨ ਬਣੇ ਹੋਏ ਹਨ, ਪਰ ਉਨ੍ਹਾਂ ਨੂੰ ਸਖ਼ਤੀ ਅਤੇ ਇਮਾਨਦਾਰੀ ਨਾਲ ਲਾਗੂ ਕਰਨ ਦੀ ਲੋੜ ਹੈ। ਵੱਡੇ ਰਾਜਾਂ ਅਤੇ ਰਾਜਨੀਤਕ ਲੋਕਾਂ ਦਾ ਖੇਡ ਫੈਡਰੇਸ਼ਨਾਂ ਉੱਤੇ ਬਣਾਇਆ ਹੋਇਆ ਦਬਦਬਾ ਖ਼ਤਮ ਕਰਕੇ ਖੇਡ ਫੈਡਰੇਸ਼ਨ ਵਿੱਚ ਆਪਣੇ ਸਮੇਂ ਦੇ ਵਧੀਆ ਖਿਡਾਰੀ ਰਹਿ ਚੁੱਕੇ ਲੋਕਾਂ ਨੂੰ ਪ੍ਰਤੀਨਿਧਤਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਇੱਕ ਖਿਡਾਰੀ ਹੋਣ ਦੇ ਨਾਂ 'ਤੇ ਆਉਂਦੀਆਂ ਦਿੱਕਤਾਂ ਨੂੰ ਆਸਾਨੀ ਨਾਲ ਹੱਲ ਕਰ ਸਕਣ।



# ਦੋਹਾਂ ਪੰਜਾਬਾਂ ਦੀ ਲੋਕ ਗਾਇਕੀ ਦਾ ਧਰੂ ਤਾਰਾ : ਆਲਮ ਲੁਹਾਰ


**ਡਾ. ਰਣਜੀਤ ਸਿੰਘ**

ਯਮਲਾ ਜੱਟ ਅਤੇ ਆਲਮ ਲੁਹਾਰ ਪੰਜਾਬੀ ਲੋਕ ਗਾਇਕੀ ਦੇ ਦੋ ਅਜਿਹੇ ਫ਼ਨਕਾਰ ਸਨ ਜਿਨ੍ਹਾਂ ਦੀ ਸੁਰੀਲੀ ਆਵਾਜ਼ ਨੇ ਦੇਸ਼ ਦੀ ਵੰਡ ਉਪਰੰਤ ਰਾਵੀ ਦੇ ਦੋਵੇਂ ਪਾਸੇ ਵਸਦੇ ਪੰਜਾਬੀਆਂ ਨੂੰ ਕੀਲੀ ਰੱਖਿਆ। ਜੇਕਰ ਲਹਿੰਦੇ ਪੰਜਾਬ ਦੇ ਲੋਕ ਯਮਲੇ ਦੀ ਗਾਇਕੀ ਦੇ ਆਸ਼ਕ ਬਣੇ ਰਹੇ ਤਾਂ ਚੜ੍ਹਦੇ ਪੰਜਾਬ ਦੇ ਪਿੰਡਾਂ ਵਿੱਚ ਵੀ ਆਲਮ ਦੇ ਗੀਤਾਂ ਨੂੰ ਰੱਜਵਾਂ ਪਿਆਰ ਮਿਲਿਆ। ਇਨ੍ਹਾਂ ਦੋਵਾਂ ਫ਼ਨਕਾਰਾਂ ਨੂੰ ਤੂੰਬੀ ਅਤੇ ਚਿਮਟੇ ਦੇ ਸਹਾਰੇ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਨੂੰ ਆਪਣੇ ਗੀਤਾਂ ਦੇ ਮਾਧਿਅਮ ਰਾਂਹੀ ਸਰਹੱਦਾਂ ਤੋਂ ਪਾਰ ਵਿਦੇਸ਼ਾਂ ਤੱਕ ਪੁੱਜਦਾ ਕਰਨ ਦਾ ਮਾਣ ਹਾਸਲ ਹੈ। ਜੇਕਰ ਇਕ ਤਾਰੇ ਨੂੰ ਜਗਤ ਪ੍ਰਸਿੱਧ ਕਰਨ ਦਾ ਸਿਹਰਾ ਯਮਲੇ ਜੱਟ ਦੇ ਸਿਰ ਬੱਝਦਾ ਹੈ ਉਹ ਚਿਮਟਾ ਜੋ ਗਲੀਆਂ ਵਿਚ ਖ਼ੈਰ ਮੰਗਣ ਵਾਲੇ ਵਜਾਉਂਦੇਸਨ, ਆਲਮ ਦੇ ਹੱਥਾਂ ਦੀ ਛੋਹ ਨਾਲ ਲੋਕ ਸਾਜ਼ ਬਣ ਗਿਆ।

ਅੱਜ ਗੱਲ ਆਲਮ ਲੁਹਾਰ ਦੀ ਕਰਾਂਗੇ। ਭਰਿਆ ਭਰਿਆ ਸਰੀਰ, ਕੱਦ ਦਰਮਿਆਨਾ, ਗਲ ਕੱਢਿਆ ਹੋਇਆ ਰੰਗੀਲਾ ਕੁੜਤਾ, ਗੂੜ੍ਹੇ ਰੰਗ ਦਾ ਲਾਚਾ (ਧੋਤੀ), ਪੈਰੀਂ ਚਮਕੀਲੇ ਤਿੱਲੇ ਨਾਲ ਕੱਢਿਆ ਹੋਇਆ ਰਿਵਾਇਤੀ ਖੁੱਸਾ, ਲੰਮੀਆਂ ਜ਼ੁਲਫ਼ਾਂ ਤੇ ਹੱਥ ਵਿਚ ਚਿਮਟਾ ਫ਼ੜਕੇ ਜਦ ਉਹ ਢੋਲਕ ਦੀ ਥਾਪ ਤੇ ਮੰਚ 'ਤੇ ਝੂਮਦਾ ਹੋਇਆ ਗੇੜਾ ਦਿੰਦਾ ਤਾਂ ਪੂਰੇ ਪੰਡਾਲ ਵਿੱਚ ਚੁੱਪ ਪਸਰ ਜਾਂਦੀ ਸੀ। ਆਲਮ ਦੀ ਗਾਈ ਜੁਗਨੀ ਨੂੰ ਕੌਣ ਭੁੱਲ ਸਕਦਾ ਹੈ। ਨੱਕੋ-ਨੱਕ ਭਰੇ ਪੰਡਾਲ ਵਿੱਚ ਲੋਕ ਜੁਗਨੀ ਨੂੰ ਸਾਹ ਸੂਤ ਕੇ ਸੁਣਦੇ। ਸੱਤ ਭੈਣਾਂ ਦੇ ਇਕਲੌਤੇ ਵੀਰ ਆਲਮ ਨੇ ਛੋਟੀ ਉਮਰ ਵਿੱਚ ਹੀ ਸੁਲਤਾਨ ਬਾਹੂ ਦੇ ਕਲਾਮ, ਬੁੱਲੇ ਸ਼ਾਹ ਦੇ ਕਲਾਮ, ਬਾਬਾ ਫ਼ਰੀਦ ਦੀ ਬਾਣੀ, ਮੁਹੰਮਦ ਬਖ਼ਸ਼ ਦੇ ਦੋਹਿੜੇ, ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂ, ਯੂਸਫ਼ ਜ਼ੁਲੈਖਾਂ, ਮਿਰਜ਼ਾ ਸਾਹਿਬਾਂ, ਦੁੱਲਾ ਭੱਟੀ ਦੇ ਕਿਸੇ ਯਾਦ ਕਰ ਲਏ ਸਨ ਤੇ ਇਨ੍ਹਾਂ ਨੂੰ ਸਾਰੀ-ਸਾਰੀ ਰਾਤ ਪਿੰਡਾਂ ਦੀਆਂ ਮਹਿਫ਼ਲਾਂ, ਮੇਲਿਆਂ ਤੇ ਗਾ ਕੇ ਲੋਕਾਂ ਦਾ ਮਨੋਰੰਜਨ ਕਰਦਾ ਰਹਿੰਦਾ ਲੋਕ ਸਾਹਮਣੇ ਬੈਠੇ ਸੁਣਦੇ ਨਾ ਅੱਕਦੇ। ਲੋਕ ਵੀ ਇਸ ਦੀ ਗਾਇਕੀ ਨੂੰ ਸੁਣਨ ਲਈ ਦੂਰੋਂ ਦੂਰੋਂ ਵਹੀਰਾਂ ਘੱਤ ਕੇ ਆਉਂਦੇ। ਲਹਿੰਦੇ ਪੰਜਾਬ ਦੇ ਜ਼ਿਲ੍ਹਾ ਗੁਜਰਾਤ ਦੇ ਆਛ/ਆਸ਼ਕੋਸ਼ ਨੇੜੇ ਕਸਬਾ ਲਾਲਾਮੂਸਾ ਜ਼ਿਲ੍ਹਾ ਗੁਜਰਾਤ ਵਿਚ ਮੁਸਲਮਾਨ ਲੁਹਾਰਾਂ ਦੇ ਘਰ 22 ਅਗਸਤ, 1928 (ਕੁਝ ਵਿਦਵਾਨਾਂ ਅਨੁਸਾਰ 1 ਮਾਰਚ, 1928) ਨੂੰ ਪਿਤਾ ਜੁੰਮਾਂ ਖ਼ਾਂ ਦੇ ਘਰ ਆਲਮ ਦਾ ਜਨਮ ਹੋਇਆ। ਪੂਰਾ ਨਾਮ ਮੁਹੰਮਦ ਆਲਮ ਸੀ। ਸੁਰੀਲੀ ਗਾਇਕਾ ਰੇਸ਼ਮਾ ਵਾਂਗ ਆਲਮ ਨੇ ਵੀ ਸੰਗੀਤ ਦੀ ਕੋਈ ਰਸਮੀ ਤਾਲੀਮ ਪ੍ਰਾਪਤ ਨਾ ਕੀਤੀ। ਪਿਤਾ ਜੁੰਮਾਂ ਖ਼ਾਂ ਜੱਦੀ ਪੁਸ਼ਤੀ ਰੰਬੇ ਦਾਤਰੀਆਂ ਬਣਾਉਣ ਦਾ ਕੰਮ ਕਰਦਾ ਸੀ ਅਤੇ ਲਾਲਾਮੂਸਾ ਵਿਖੇ ਇਨ੍ਹਾਂ ਦੀ ਹੁੱਕਿਆਂ ਦੀ ਦੁਕਾਨ ਵੀ ਸੀ ਜਿਥੇ ਆਲਮ ਵੀ ਹੱਥ ਵਟਾਉਂਦਾ। ਮਾਮੇ ਮੁਹੰਮਦ ਦੀਨ ਨੇ ਉਸ ਨੂੰ ਉਂਗਲ ਫ਼ੜ ਕੇ ਸੰਗੀਤ ਰੂਪੀ ਸਮੁੰਦਰ ਵੱਲ ਤੋਰ ਦਿੱਤਾ। ਉਨ੍ਹਾਂ ਦਿਨ੍ਹਾਂ ਵਿੱਚ ਗ੍ਰਾਮੋਫ਼ੋਨ ਦੇ ਤਵਿਆਂ ਰਾਹੀਂ ਨਵਾਬ ਘੁਮਾਰ ਦੀ ਗਾਇਕੀ ਲੋਕਾਂ ਦੇ ਸਿਰ ਚੜ੍ਹ ਬੋਲਦੀ ਸੀ। ਆਲਮ ਲੁਹਾਰ ਨੇ ਵੀ ਇਸ ਦਾ ਪ੍ਰਭਾਵ ਕਬੂਲਿਆ। ਇਸੇ ਲਈ ਹੀ ਆਲਮ ਦੀ ਅਰੰਭਿਕ ਗਾਇਕੀ ਨਵਾਬ ਘੁਮਾਰ ਦੀ ਗਾਇਕੀ ਨਾਲ ਮੇਲ ਖਾਂਦੀ ਸੀ। ਆਲਮ ਨੇ ਪਹਿਲੀ ਵਾਰ ਸੱਤ-ਅੱਠ ਸਾਲ ਦੀ ਉਮਰ ਵਿਚ ਆਪਣੇ ਅਤੇ ਨਜ਼ਦੀਕੀ ਪਿੰਡ ਚੱਕ ਦੀ ਲੋਕ ਸੱਥ ਵਿੱਚ ਗਾਇਆ ਜਿਸ ਨੂੰ ਲੋਕਾਂ ਨੇ ਪਸੰਦ ਕੀਤਾ ਤੇ ਫ਼ਿਰ ਪਿੱਛਾ ਮੁੜ ਨਾ ਵੇਖਿਆ।

ਉਨ੍ਹਾਂ ਦਿਨ੍ਹਾਂ ਵਿੱਚ ਲਾਹੌਰ ਦੀ ਮੇਵਾ ਮੰਡੀ ਵਿੱਚ ਗਾਇਕ ਫ਼ਨਕਾਰਾਂ ਦਾ ਮੇਲਾ ਲਗਦਾ ਹੁੰਦਾ ਸੀ ਜਿਥੇ ਆਲਮ ਨੂੰ ਬੁਲਾਇਆ ਗਿਆ। 13 ਕੁ ਸਾਲ ਦੀ ਛੋਟੀ ਉਮਰ ਵਿੱਚ ਹੀ ਉਸ ਨੇ ਆਪਣੇ ਫ਼ਨ ਦਾ ਐਸਾ ਮੁਜ਼ਾਹਰਾ ਕੀਤਾ ਕਿ ਉਥੇ ਮੌਜੂਦ ਵੱਡੇ-ਵੱਡੇ ਕਲਾਕਾਰ ਅਤੇ ਲੋਕ ਹੈਰਾਨ ਰਹਿ ਗਏ। ਇਥੇ ਹੀ ਮੌਜੂਦ ਰਿਕਾਰਡਿੰਗ ਕੰਪਨੀ ਦੇ ਇੱਕ ਕਰਮਚਾਰੀ ਜਾਨਕੀ ਦਾਸ ਨੇ ਆਲਮ ਨੂੰ ਤਵਾ ਰਿਕਾਰਡ ਕਰਨ ਦੀ ਪੇਸ਼ਕਸ਼ ਕੀਤੀ ਤੇ ਉਸ ਦੀ ਪਹਿਲੀ ਰਿਕਾਰਡਿੰਗ ਤਸਵੀਰ-ਏ-ਯੂਸਫ਼ (ਟਾਈਟਲ: ਜੈਨਬ ਦੀ ਫ਼ਰਿਆਦ) ਵਜੋਂ ਹੋਈ।

ਆਲਮ ਅਨੁਸਾਰ ਥੀਏਟਰ ਅਤੇ ਲੋਕਾਂ ਨੇ ਹੀ ਉਸ ਨੂੰ ਗਾਇਕ ਬਣਾਇਆ। ਥੀਏਟਰ ਵਿੱਚ ਕੰਮ ਕਰਨ ਵਾਲੇ ਕਲਾਕਾਰਾਂ ਤੋਂ ਹੀ ਉਹ ਗਾਇਕੀ ਦੇ ਗੁਰ ਸਿੱਖਦਾ ਗਿਆ। 35 ਕੁ ਸਾਲ ਤੱਕ ਉਹ ਥੀਏਟਰ ਦੇ ਮਾਧਿਅਮ ਰਾਹੀਂ ਹੀ ਮੰਚ ਉਤੇ ਗਾਉਂਦਾ ਰਿਹਾ। ਜਦ ਉਹ ਲੋਕ ਪ੍ਰਸਿੱਧੀ ਹਾਸਿਲ ਕਰ ਗਿਆ ਤਾਂ ਉਸ ਨੇ ਆਪਣੇ ਨਾਂਅ 'ਤੇ ਥੀਏਟਰ ਬਣਾ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਲਾਹੌਰ ਰੇਡੀਓ ਨੇ ਆਲਮ ਦੀ ਅਵਾਜ਼ ਨੂੰ ਆਮ ਲੋਕਾਈ ਤੱਕ ਪੁੱਜਦਾ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਉਸ ਦੇ ਗਾਏ ਹੋਏ ਗੀਤ/ਲੋਕ ਗੀਤ/ਕਿੱਸੇ ਅੱਜ ਵੀ ਰੇਡੀਓ ਪਾਕਿਸਤਾਨ ਦੀ ਲਾਇਬਰੇਰੀ ਦਾ ਸ਼ਿੰਗਾਰ ਹਨ। 1960-70 ਦੇ ਦਹਾਕਿਆਂ ਵਿੱਚ ਤਾਂ ਆਲਮ ਦੀ ਗਾਇਕੀ ਸਭ ਹੱਦਾਂ ਸਰਹੱਦਾਂ ਪਾਰ ਕਰਕੇ ਲੋਕ ਮਨਾਂ ਵਿੱਚ ਜਾ ਵਸੀ।



ਆਲਮ ਲੁਹਾਰ ਦੀ ਬਹੁਤ ਸਾਰੀ ਗਾਇਕੀ ਤਵਿਆਂ ਦੇ ਰੂਪ ਵਿੱਚ ਮਿਲਦੀ ਹੈ। ਚਿਮਟਾ, ਅਲਗੋਜ਼ਿਆਂ ਅਤੇ ਢੋਲਕ ਦੀ ਥਾਪ ਨਾਲ ਗਾਈਆਂ ਇਨ੍ਹਾਂ ਰਚਨਾਵਾਂ ਦੀ ਰਿਕਾਰਡਿੰਗ ਸੁਣਨ ਤੋਂ ਪਤਾ ਲੱਗਦਾ ਹੈ ਕਿ ਇਸ ਵਿੱਚ ਆਲਮ ਲੁਹਾਰ ਦੀ ਏਕਲ ਅਵਾਜ਼ ਹੀ ਹੈ। ਉਸ ਦਾ ਕੋਈ ਪਾਛੂ (ਸਹਾਇਕ ਕਲਾਕਾਰ) ਨਹੀ ਹੈ। ਆਲਮ ਲੁਹਾਰ ਨੇ ਸੈਫ਼-ਉਲ-ਮਲੂਕ (1948), ਕਿੱਸਾ ਦੁੱਲਾ ਭੱਟੀ (1959), ਕਿੱਸਾ ਯੂਸਫ਼ ਜ਼ੁਲੈਖ਼ਾਂ (1961), ਕਿੱਸਾ ਹਿਰਨੀ (1963), ਗੀਤ ਬੋਲ ਮਿੱਟੀ ਦਿਆ ਬਾਵਿਆ (1964), ਜੁਗਨੀ (1965), ਕਿੱਸਾ ਮਿਰਜ਼ਾ ਸਾਹਿਬਾਂ (1967), ਮਿਰਜ਼ੇ ਦੀ ਮਾਂ (1968), ਹੀਰ (1969), ਮਾਂ ਦਾ ਪਿਆਰ (1971), ਕਿੱਸਾ ਸੱਸੀ ਪੁਨੂੰ (1972), ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ (1973), ਕਿਸਾ ਬਾਰਹ ਮਾਹ (1974), ਦਿਲ ਵਾਲਾ ਦੁੱਖੜਾ (1975) ਆਦਿ ਹਿੱਟ ਕਿੱਸੇ/ਗੀਤਾਂ ਦੇ ਰਿਕਾਰਡ ਦਰਸ਼ਕਾਂ ਦੀ ਝੋਲੀ ਪਾਏ। ਵਾਰਿਸ਼ ਸ਼ਾਹ ਦੀ ਹੀਰ ਨੂੰ 36 ਤਰਜ਼ਾਂ ਵਿੱਚ ਗਾਉਣ ਦਾ ਸਿਹਰਾ ਵੀ ਉਸ ਦੇ ਸਿਰ ਬੱਝਦਾ ਹੈ। ਉਹ ਗੁਰਬਾਣੀ ਗਾਉਣਾ ਨਾ ਭੁੱਲਿਆ। ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ, ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ, ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ਆਦਿ ਸ਼ਬਦਾਂ ਨੂੰ ਵੀ ਉਸ ਆਪਣੀ ਸੁਰੀਲੀ ਅਵਾਜ਼ ਵਿੱਚ ਗਾਇਆ।

ਆਲਮ ਲੁਹਾਰ ਦੇ ਗਾਏ ਹੋਏ ਕਈ ਗੀਤ ਅੱਜ ਅੱਧੀ ਸਦੀ ਬੀਤ ਜਾਣ ਬਾਅਦ ਵੀ ਭਾਰਤ-ਪਾਕਿਸਤਾਨ ਦੇ ਰੇਡੀਓ/ਟੀ.ਵੀ. ਤੇ ਆਮ ਹੀ ਪ੍ਰਸਾਰਿਤ ਹੁੰਦੇ ਰਹਿੰਦੇ ਹਨ ਜਿਵੇਂ 'ਦਿਲ ਵਾਲਾ ਦੁਖੜਾ ਨਹੀਂ ਕਿਸੇ ਨੂੰ ਸੁਣਾਈਦਾ, ਬੋਲ ਮਿੱਟੀ ਦਿਆ ਬਾਵਿਆ, ਜੁਗਨੀ, ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ, ਮਾਹੀਆ, ਟੱਪੇ, ਹੀਰ, ਮੈਂ ਗੱਭਰੂ ਜੱਟ ਪੰਜਾਬ ਦਾ, ਧਰਤੀ ਪੰਜ ਦਰਿਆਵਾਂ ਦੀ, ਸੁੱਤੀ ਰਹਿ ਗਈ ਵੇ ਮੈਂ ਪੱਟ ਦੇ ਭੁਲੇਖੇ, ਮਿਰਜ਼ਾ, ਛੇੜ ਨਾ ਗੱਲਾਂ ਡੋਲ ਨ ਹੰਝੂ ਕੀ-ਕੀ ਦੁੱਖੜੇ ਝੱਲੇ, ਐਬਾਂ ਵਾਲਿਆਂ ਦਾ ਰੱਬਾ ਐਬ ਕੱਜੀਂ, ਲੱਗੀ ਵਾਲ਼ਿਆਂ ਨੂੰ ਨੀਦ ਨਹੀ ਪੈਂਦੀ, ਸਾਰੀ ਸਾਰੀ ਰਾਤ, ਯੂਸਫ਼ ਪੁੱਛੇ ਦੱਸ ਜ਼ੁਲੈਖਾਂ, ਬਾਗ ਬਹਾਰਾਂ ਤੇ ਗੁਲਜ਼ਾਰਾਂ, ਹੱਸ ਕੇ ਨਜ਼ਾਰਾ ਦੇਣਾ, ਇਸ਼ਕ ਅਵੱਲੜੀ ਪੀੜ, ਦੱਬਕੇ ਜ਼ਮੀਨਾਂ ਵਾਹ ਲੁੱਟ ਲੈ ਮੌਜਾਂ ਰੱਜ ਕੇ ਖਾਹ ਕਿਸਾਨਾ ਦੇਸ਼ ਦਿਆ' ਆਦਿ ।ਦੋਗਾਨਿਆਂ ਵਿੱਚ ਬਾਲੀ ਜੱਟੀ, ਨਜ਼ੀਰ ਬੇਗਮ, ਕੇ.ਬੀਬਾ, ਸੁਰਿੰਦਰ ਕੋਚਰ, ਸਮਰ ਇਕਬਾਲ, ਚਰਨਜੀਤ ਭੰਵਰਾ ਨੇ ਉਸ ਦਾ ਸਾਥ ਨਿਭਾਇਆ। ਦੋਗਾਨਿਆਂ ਵਿਚੋਂ ਕੁਝ ਦਾ ਵੇਰਵਾ ਇਸ ਤਰ੍ਹਾਂ ਹੈ: ਬਾਗ ਲਾਵਾਂ

(**ਬਾਕੀ ਸਫ਼ਾ 27 'ਤੇ**)

# ਸੁਰਾਂ ਦਾ ਸਿਰਨਾਵਾਂ

# ਸਰਦੂਲ ਸਿਕੰਦਰ





**ਸੁਖਵਿੰਦਰ ਸਿੰਘ ਮੁੱਲਾਂਪੁਰ**

ਸਰਦੂਲ ਸਿਕੰਦਰ ਦਾ ਜਨਮ 15 ਜਨਵਰੀ 1961 ਨੂੰ ਪਿੰਡ ਖੇੜੀ ਨੌਧ ਸਿੰਘ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਖੇ ਪਿਤਾ ਤਬਲਾਵਾਦਕ ਸਾਗਰ ਮਸਤਾਨਾ ਦੇ ਘਰ ਅਤੇ ਮਾਤਾ ਲੀਲਾਵਤੀ ਦੀ ਕੁੱਖੋਂ ਹੋਇਆ। ਇਸ ਦੇ ਪਿਤਾ ਬਹੁਤ ਵਧੀਆ ਗਾ ਲੈਂਦੇ ਸਨ, ਆਪਣੀ ਗਾਇਕੀ ਦੀ ਸੇਵਾ ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਕਰਦੇ ਰਹਿੰਦੇ। ਸਰਦੂਲ ਸਿਕੰਦਰ ਨੇ ਆਪਣੀ ਗਾਇਕੀ ਆਪਣੇ ਪਿਤਾ ਕੋਲੋਂ ਸਿੱਖੀ ਪਰ ਇਹ ਚਰਨਜੀਤ ਅਹੂਜਾ ਨੂੰ ਆਪਣਾ ਉਸਤਾਦ ਮੰਨਦਾ। ਇਹ ਪਰਿਵਾਰ ਸੰਗੀਤ ਦੇ ਪਟਿਆਲਾ ਘਰਾਣੇ ਨਾਲ ਸਬੰਧਿਤ ਹੈ।

ਸਰਦੂਲ ਸਿਕੰਦਰ ਹੋਰੀ ਤਿੰਨ ਭਰਾ ਸਨ ਸਭ ਤੋਂ ਵੱਡਾ ਗਮਦੂਰ, ਇਸ ਤੋਂ ਛੋਟਾ ਭਰਭੂਰ ਅਲੀ, ਸਭ ਤੋਂ ਛੋਟਾ ਸਰਦੂਲ ਸਿਕੰਦਰ ਸੀ। ਸਰਦੂਲ ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਮਤਲਬ ਬੱਬਰ ਸ਼ੇਰ ਹੁੰਦਾ ਹੈ। ਸਿਕੰਦਰ ਸ਼ਬਦ ਸਿਕੰਦਰ ਮਹਾਨ ਹੋਣ ਕਰਕੇ ਇਸ ਦੇ ਨਾਮ ਨਾਲ ਦਰਸ਼ਕਾਂ ਨੇ ਲਾ ਦਿੱਤਾ। ਇਹ ਤਿਨੇ ਭਰਾ 1976-77 ਵਿੱਚ ਬਹੁਤ ਵਧੀਆ ਧਾਰਮਿਕ ਪ੍ਰੋਗਰਾਮ ਕਰਦੇ ਸਨ। ਸਰਦੂਲ ਸਿਕੰਦਰ ਬਹੁਤ ਵਧੀਆ ਕੀਰਤਨ ਕਰ ਲੈਂਦਾ ਸੀ। ਪਰ ਅਫ਼ਸੋਸ ਅੱਜ ਤਿੰਨੇ ਭਰਾ ਹੀ ਇਸ ਦੁਨੀਆਂ 'ਤੇ ਨਹੀ ਹਨ।

ਸਰਦੂਲ ਸਿਕੰਦਰ ਦਾ ਵਿਆਹ ਫ਼ਿਲਮੀ ਕਲਾਕਾਰ ਅਮਰ ਨੂਰੀ ਨਾਲ 1993 ਵਿੱਚ ਹੋਇਆ। ਇਸ ਦੇ ਘਰ ਦੋ ਪੁਤਰਾਂ ਅਲਾਪ ਸਿਕੰਦਰ ਅਤੇ ਸਾਰੰਗ ਸਿਕੰਦਰ ਨੇ ਜਨਮ ਲਿਆ, ਦੋਵੇ ਹੀ ਸੰਗੀਤਕ ਇੰਡਸਟਰੀ ਨਾਲ ਜੁੜੇ ਹੋਏ ਹਨ।



ਸਰਦੂਲ ਸਿਕੰਦਰ ਨੇ ਆਪਣੀ ਗਾਇਕੀ ਦੀ ਸ਼ੁਰੂਆਤ 1980 ਵਿੱਚ ਰੇਡੀਓ ਅਤੇ ਟੈਲੀਵੀਜ਼ਨ ਤੋਂ ਸ਼ੁਰੂ ਕੀਤੀ। ਸਰਦੂਲ ਸਿਕੰਦਰ ਇੱਕ ਵਾਰ ਦਿੱਲੀ ਐਚ ਐਮ ਵੀ ਕੰਪਨੀ ਵਿੱਚ ਕਰਤਾਰ ਰਮਲੇ ਦੇ ਗੀਤ ਵਿੱਚ ਤੂੰਬੀ ਵਜਾਉਣ ਗਿਆ ਉੱਥੇ ਇਹ ਆਪਣੀ ਆਵਾਜ਼ ਵਿੱਚ ਗੁਣ ਗੁਣਾ ਰਿਹਾ ਸੀ ਅਤੇ ਇਸ ਦੀ ਆਵਾਜ਼ ਕੰਪਨੀ ਦੇ ਕੰਨੀ ਪੈ ਗਈ। ਕੰਪਨੀ ਨੇ ਇਸ ਨੂੰ ਰਿਕਾਡਿੰਗ ਲਈ ਹਾਮੀ ਭਰ ਦਿੱਤੀ। ਇਹ ਮਜ਼ਾਕੀਆ ਸੁਭਾਹ ਦਾ ਇੰਨਸਾਨ ਸੀ ਇਹ ਹੋਰ ਵਿਅਕਤੀਆਂ ਦੀ ਬੋਲੀ ਆਪਣੀ ਆਵਾਜ਼ ਵਿੱਚ ਸਹਿਜੇ ਹੀ ਬੋਲ ਲੈਂਦਾ ਸੀ। ਲਗਭਗ 1980 ਨੂੰ ਐਚ ਐਮ ਵੀ ਕੰਪਨੀ ਵਿੱਚ ਇਸ ਦੀ ਇਕ ਕੈਸਿਟ 'ਆ ਗਈ ਰੋਡਵੇਜ਼ ਦੀ ਲਾਰੀ' ਆਈ ਇਸ ਗੀਤ ਵਿੱਚ ਇਸ ਨੇ ਕਈ ਕਲਾਕਾਰਾਂ ਦੇ ਸਟਾਇਲ ਨੂੰ ਆਪਣੀ ਆਵਾਜ਼ ਵਿੱਚ ਗਾਇਆ ਜੋ ਬੇਹੱਦ ਮਕਬੂਲ ਹੋਇਆ ਸੀ ਅਤੇ ਇਸ ਗੀਤ ਤੋਂ ਹੀ ਇਸ ਦੀ ਗਾਇਕੀ ਦਾ ਮੁੱਢ ਬੱਝਿਆ ਸੀ।

ਜਦ ਸਾਡੀ ਪੰਜਾਬੀ ਗਾਇਕੀ 'ਤੇ ਪੱਛਮੀ ਸੱਭਿਆਚਾਰ ਦਾ ਅਸਰ ਹੋਣ ਲੱਗਿਆ ਤਾਂ ਸਾਡੇ ਗਾਇਕਾਂ ਨੇ ਆਪਣੀ ਗਾਇਕੀ ਦੀ ਟਿਊਨ ਬਦਲਣੀ ਸ਼ੁਰੂ ਕਰ ਦਿੱਤੀ ਫਿਰ ਇਸ ਨੇ ਸਮਸ਼ੇਰ ਸੰਧੂ ਦਾ ਲਿਖਿਆ ਗੀਤ ਗਾਇਆ 'ਗਾਉਣ ਵਾਲਿਆਂ ਨੂੰ ਡਿਸਕੋ ਬੁਖਾਰ ਹੋ ਗਿਆ' ਇਹ ਗੀਤ ਬੇਹੱਦ ਮਕਬੂਲ ਹੋਇਆ।

ਇਸ ਦੇ ਹੋਰ ਗੀਤ, ਸਿੱਖ ਲੈ ਕਲਿਹਰੀਆ ਮੋਰਾ ਤੁਰਨਾ ਤੋਰ ਪੰਜਾਬਣ ਦੀ, ਫੁੱਲਾਂ ਦੀਏ ਕੱਚੀਏ ਵਪਾਰਨੇ, ਸਾਡਿਆਂ ਪਰਾਂ ਤੋਂ ਸਿੱਖੀ ਉਡਣਾ, ਇੱਕ ਚਰਖ਼ਾ ਗਲੀ ਦੇ ਵਿੱਚ ਡਾਹ ਲਿਆ, ਹਾਸੇ ਨਾਲ ਸੀ ਚਲਾਵਾਂ ਫੁੱਲ ਮਾਰਿਆ, ਭਾਬੀਏ ਗਿੱਧੇ ਦੇ ਵਿੱਚ ਨੱਚ ਲੈ, ਤੇਰਾ ਲਿਖਦੂ ਸਫੈਦਿਆਂ 'ਤੇ ਨਾਂ ਆਦਿ ਬਹੁਤ ਸਾਰੇ ਹਿਟ ਗੀਤ ਗਾ ਕੇ ਸਰੋਤਿਆਂ ਦੀ ਝੋਲੀ ਪਾਏ। ਸਰਦੂਲ ਸਿਕੰਦਰ ਨੇ ਲਗਭਗ 50 ਦੇ ਕਰੀਬ ਸੰਗੀਤ ਦੀਆਂ ਐਲਬਮਾਂ ਸਰੋਤਿਆਂ ਦੀ ਝੋਲੀ ਪਾਈਆਂ।

ਇਸ ਨੇ ਬਹੁਤ ਸਾਰੀਆਂ ਫਿਲਮਾਂ ਵਿੱਚ ਕੰਮ ਕੀਤਾ ਜਿਵੇ ਜੱਗਾ ਡਾਕੂ, ਖੁਸ਼ੀਆਂ, ਪਿੰਡ ਦੀ ਕੁੜੀ, ਚੂੜੀਆਂ, ਪੰਚਾਇਤ, ਪੁਲੀਸ ਇੰਨ ਪੋਲੀਵੁਡ ਆਦਿ ਫਿਲਮਾਂ ਵਿੱਚ ਕੰਮ ਕੀਤਾ।

ਸਰਦੂਲ ਸਕੰਦਰ ਦੇ ਸਰੀਰ ਛੱਡਣ ਤੋਂ ਪੰਜ ਸਾਲ ਪਹਿਲਾਂ ਸਰਦੂਲ ਸਿਕੰਦਰ ਦਾ ਗੁਰਦਾ ਬਦਲੀ ਕੀਤਾ ਗਿਆ ਇਹ ਗੁਰਦਾ ਅਮਰ ਨੂਰੀ ਵੱਲੋਂ ਦਿੱਤਾ ਗਿਆ ਸੀ। ਕਰੋਨਾ ਦੀ ਲਹਿਰ ਵੇਲੇ ਦਸੰਬਰ 2020 ਵਿੱਚ ਸਰਦੂਲ ਸਿਕੰਦਰ ਨੂੰ ਕਰੋਨਾ ਪਾਜ਼ਿਟਵ ਆ ਗਿਆ ਅਤੇ ਸਾਹ ਲੈਣ ਵਿੱਚ ਸਮੱਸਿਆ ਆ ਰਹੀ ਸੀ। ਇਸ ਕਰਕੇ ਡੇਢ ਮਹੀਨਾ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਰਿਹਾ, ਉਹ ਦਿਲ ਅਤੇ ਸ਼ੂਗਰ ਦਾ ਮਰੀਜ਼ ਵੀ ਸੀ ਉਸ ਦੀ ਹਾਲਤ ਦਿਨੋ ਦਿਨ ਵਿਗੜਦੀ ਜਾ ਰਹੀ ਕਰਕੇ 24 ਫ਼ਰਵਰੀ 2021 ਨੂੰ ਸਾਡੇ ਕੋਲੋ ਸਦਾ ਲਈ ਵਿੱਛੜ ਗਿਆ। 25 ਫ਼ਰਵਰੀ ਨੂੰ ਉਸ ਦੇ ਪਿੰਡ ਖੇੜੀਨੋਧ ਸਿੰਘ ਵਿਖੇ ਸਪੁਰਦ-ਏ-ਖਾਕ ਕੀਤਾ ਗਿਆ।

## ਡੇਟਨ, ਓਹਾਇਓ ਦੇ ਸਿੱਖਾਂ ਨੇ ਅਮਰੀਕਾ ’ਤੇ

ਦੱਸਣਯੋਗ ਹੈ ਕਿ ਉਸ ਸਮੇਂ ਹਮਲਾਵਰ 11 ਸਤੰਬਰ ਦੇ ਹਮਲਿਆਂ ਦਾ ਬਦਲਾ ਲੈਣ ਲਈ ਮੁਸਲਮਾਨਾਂ ਨੂੰ ਮਾਰਨਾ ਚਾਹੁੰਦਾ ਸੀ। ਇਹ 9/11 ਦੇ ਹਮਲੇ ਤੋਂ ਬਾਅਦ ਦਾ ਪਹਿਲਾ ਘਾਤਕ ਨਫ਼ਰਤੀ ਅਪਰਾਧ ਸੀ।

ਇੱਥੇ ਇਹ ਦੱਸਣਾ ਵਰਨਣਯੋਗ ਹੈ ਕਿ ਵਰਲਡ ਟਰੇਡ ਸੈਂਟਰ ਦੇ ਬਹੁਰ ਸਾਰੇ ਇਹਨਾਂ ਪਿਲਰਾਂ ਨੂੰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬਣਾਈਆਂ ਯਾਦਗਾਰਾਂ ’ਤੇ ਸਥਾਪਿਤ ਕੀਤਾ ਗਿਆ ਹੈ ਜਿੱਥੇ ਲੋਕ ਕਿਸੇ ਵੀ ਸਮੇਂ ਸ਼ਰਧਾਂਜਲੀ ਭੇਂਟ ਕਰ ਸਕਦੇ ਹਨ।

***

## ਕੇਂਦਰ ਸਰਕਾਰ ਦਾ ਅਜੀਬ ਫ਼ੈਸਲਾ

ਮੈਚ ਖੇਡੇ ਜਾ ਸਕਦੇ ਹਨ, ਤਾਂ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਕਿਉਂ ਨਹੀਂ ਜਾ ਸਕਦਾ? ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਵੀ ਮੁੜ ਖੋਲ੍ਹਿਆ ਜਾਵੇ, ਜਿਸ ਨੂੰ ਸਿੱਖ ਸੰਗਤ ਲੰਬੇ ਸਮੇਂ ਤੋਂ ਮੰਗ ਕਰ ਰਹੀ ਹੈ।

ਇਹ ਫੈਸਲਾ ਸਿੱਖ ਸੰਗਤ ਵਿੱਚ ਨਿਰਾਸ਼ਾ ਅਤੇ ਰੋਸ ਦਾ ਕਾਰਨ ਬਣਿਆ ਹੈ। ਸਿੱਖ ਸਮਾਜ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਇੱਕ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਮੌਕੇ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਦੀ ਇੱਛਾ ਹਰ ਸਿੱਖ ਦੇ ਦਿਲ ਵਿੱਚ ਹੁੰਦੀ ਹੈ। ਪਰ ਸਰਕਾਰ ਦੇ ਇਸ ਫੈਸਲੇ ਨੇ ਇਸ ਇੱਛਾ ’ਤੇ ਪਾਣੀ ਫੇਰ ਦਿੱਤਾ ਹੈ। ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਨੂੰ ਸੁਰੱਖਿਆ ਦੇ ਨਾਂ ’ਤੇ ਅਜਿਹੇ ਫੈਸਲੇ ਲੈਣ ਤੋਂ ਪਹਿਲਾਂ ਸੰਗਤ ਦੀਆਂ ਭਾਵਨਾਵਾਂ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਯਾਤਰਾ ਸਿੱਖ ਸਮਾਜ ਲਈ ਨਾ ਸਿਰਫ਼ ਧਾਰਮਿਕ ਮਹੱਤਤਾ ਰੱਖਦੀ ਹੈ, ਸਗੋਂ ਇਹ ਸੱਭਿਆਚਾਰਕ ਅਤੇ ਇਤਿਹਾਸਕ ਜੜ੍ਹਾਂ ਨਾਲ ਵੀ ਜੁੜੀ ਹੋਈ ਹੈ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਮੁੱਦੇ ’ਤੇ ਮੁੜ ਵਿਚਾਰ ਕੀਤਾ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਕ੍ਰਿਕਟ ਵਰਗੀਆਂ ਗਤੀਵਿਧੀਆਂ ਲਈ ਦੋਵਾਂ ਦੇਸ਼ਾਂ ਵਿਚਾਲੇ ਸੰਪਰਕ ਬਣ ਸਕਦਾ ਹੈ, ਤਾਂ ਧਾਰਮਿਕ ਯਾਤਰਾਵਾਂ ਲਈ ਵੀ ਸੰਪਰਕ ਸਥਾਪਤ ਕੀਤਾ ਜਾਣਾ ਚਾਹੀਦਾ।

ਪੰਥਕ ਹਲਕਿਆਂ ਅਨੁਸਾਰ ਕੁੱਲ ਮਿਲਾ ਕੇ, ਕੇਂਦਰ ਸਰਕਾਰ ਦਾ ਇਹ ਫੈਸਲਾ ਸਿੱਖ ਸਮਾਜ ਲਈ ਵੱਡਾ ਝਟਕਾ ਹੈ। ਸੰਗਤ ਵਿੱਚ ਇਸ ਫੈਸਲੇ ਨੂੰ ਲੈ ਕੇ ਨਿਰਾਸ਼ਾ ਦੇ ਨਾਲ-ਨਾਲ ਰੋਸ ਵੀ ਵਧ ਰਿਹਾ ਹੈ। ਸਿੱਖ ਸੰਗਠਨ ਅਤੇ ਸਮਾਜਿਕ ਨੇਤਾ ਸਰਕਾਰ ਨਾਲ ਗੱਲਬਾਤ ਦੀਆਂ ਸੰਭਾਵਨਾਵਾਂ ’ਤੇ ਵਿਚਾਰ ਕਰ ਰਹੇ ਹਨ, ਤਾਂ ਜੋ ਸ਼ਰਧਾਲੂਆਂ ਦੀ ਯਾਤਰਾ ਨੂੰ ਸੰਭਵ ਬਣਾਇਆ ਜਾ ਸਕੇ। ਇਸ ਦੇ ਨਾਲ ਹੀ, ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦੀ ਮੰਗ ਵੀ ਤੇਜ਼ ਹੋ ਰਹੀ ਹੈ, ਜਿਸ ਨੂੰ ਸਿੱਖ ਸਮਾਜ ਆਪਣੀ ਆਸਥਾ ਅਤੇ ਸੱਭਿਆਚਾਰਕ ਵਿਰਾਸਤ ਦਾ ਅਹਿਮ ਹਿੱਸਾ ਮੰਨਦਾ ਹੈ।

## ਵਿਦੇਸ਼ੀ ਸੰਪਤੀਆਂ ਕਾਰਨ ਕੈਪਟਨ ਪਰਿਵਾਰ

ਇਹਨਾਂ ਕੰਪਨੀਆਂ ਨੇ ਵਿਦੇਸ਼ੀ ਬੈਂਕਾਂ ਵਿੱਚ ਫੰਡ ਟਰਾਂਸਫਰ ਕੀਤੇ, ਜੋ ਫੇਮਾ ਅਧੀਨ ਆਉਂਦੇ ਹਨ। ਫਰਾਂਸ ਵੱਲੋਂ ਮਿਲੀ ਜਾਣਕਾਰੀ ਵਿੱਚ ਰਣਿੰਦਰ ਨੂੰ ਸਵਿਟਜ਼ਰਲੈਂਡ ਦੇ ਐਚਐਸਬੀਸੀ ਬੈਂਕ ਖਾਤੇ ਨਾਲ ਜੋੜਿਆ ਗਿਆ, ਜਿੱਥੇ ਕਥਿਤ ਅਵਾਰਾ ਪੂੰਜੀ ਸੀ। ਦੁਬਈ ਵਿੱਚ ਮਰੀਨਾ ਮੈਨਸ਼ਨਜ਼ ਦੀ ਪ੍ਰਾਪਰਟੀ ਵੀ ਇਸ ਟਰੱਸਟ ਨਾਲ ਜੁੜੀ ਹੈ, ਜੋ ਰਣਿੰਦਰ ਨੇ ਪਰਿਵਾਰ ਨੂੰ ਟਰਾਂਸਫਰ ਕੀਤੀ ਗਈ ਸੀ।

ਇਸ ਤੋਂ ਪਹਿਲਾਂ 2015 ਵਿੱਚ ਲੁਧਿਆਣਾ ਸਿਟੀ ਸੈਂਟਰ ਸਕੈਮ ਵਿੱਚ ਵੀ ਰਣਿੰਦਰ ਨਾਂ ਆਇਆ ਸੀ, ਜਿੱਥੇ ਕੈਪਟਨ ਦੇ ਰਾਜ ਕਾਲ ਸਮੇਂ ਵਿੱਚ 1,144 ਕਰੋੜ ਦੀ ਧੋਖਾਧੜੀ ਹੋਈ ਸੀ। ਈਡੀ ਨੇ ਇਸ ਨੂੰ ਪੀਐੱਮਐੱਲਏ ਅਧੀਨ ਲਿਆ, ਪਰ ਰਣਿੰਦਰ ਨੇ ਇਨਕਾਰ ਕੀਤਾ। 2020 ਵਿੱਚ ਫੇਮਾ ਕੇਸ ਵਿੱਚ ਈ.ਡੀ. ਨੇ ਰਣਿੰਦਰ ਨੂੰ ਤਿੰਨ ਵਾਰ ਸੱਦਾ ਭੇਜਿਆ, ਪਰ ਉਹ ਸਿਹਤ ਅਜਿਹੇ ਕਾਰਨਾਂ ਨਾਲ ਨਹੀਂ ਆਏ। ਹੁਣ ਹਾਈ ਕੋਰਟ ਦੇ ਫੈਸਲੇ ਨਾਲ ਈ.ਡੀ. ਨੂੰ ਤਾਜ਼ਾ ਡਾਕੂਮੈਂਟਸ ਵੇਖਣ ਨੂੰ ਮਿਲਣਗੇ, ਜੋ ਰਣਿੰਦਰ ਨੂੰ ਹੋਰ ਫਸਾ ਸਕਦੇ ਹਨ। ਪਰਿਵਾਰ ਨੇ ਸਾਰੇ ਦੋਸ਼ਾਂ ਨੂੰ ਰਾਜਨੀਤਕ ਸਾਜ਼ਿਸ਼ ਦੱਸਿਆ ਹੈ, ਪਰ ਜਾਂਚ ਨੂੰ ਰੋਕਣ ਵਾਲੀ ਯਾਚਿਕਾ ਖਾਰਜ ਹੋ ਗਈ ਹੈ।

ਇਹ ਮਾਮਲਾ ਕੈਪਟਨ ਪਰਿਵਾਰ ਦੀ ਸਿਆਸੀ ਸਥਿਤੀ ਨੂੰ ਹੋਰ ਕਮਜ਼ੋਰ ਕਰ ਰਿਹਾ ਹੈ। ਕੈਪਟਨ 2021 ਵਿੱਚ ਕਾਂਗਰਸ ਛੱਡ ਕੇ ਪੰਜਾਬ ਲੋਕ ਕਾਂਗਰਸ ਬਣਾਈ ਅਤੇ ਫਿਰ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੇ ਭਾਜਪਾ ਦੀ ਟਿਕਟ ’ਤੇ 2024 ਲੋਕ ਸਭਾ ਚੋਣਾਂ ਵਿੱਚ ਪਟਿਆਲਾ ਹਲਕੇ ਤੋਂ ਹਾਰੀ ਸੀ। ਕੈਪਟਨ ਦੀ ਸਿਹਤ ਵੀ ਠੀਕ ਨਹੀਂ। ਹੁਣ ਕਾਂਗਰਸ ਵਾਪਸੀ ਦੀਆਂ ਚਰਚਾਵਾਂ ਵਿੱਚ ਇਹ ਈ.ਡੀ. ਜਾਂਚ ਰੁਕਾਵਟ ਬਣ ਰਹੀ ਹੈ। ਪੰਜਾਬ ਵਿੱਚ ਭਾਜਪਾ ਨੂੰ ਵੀ ਇਸ ਨਾਲ ਨੁਕਸਾਨ ਹੋ ਸਕਦਾ ਹੈ, ਕਿਉਂਕਿ ਕੈਪਟਨ ਉਹਨਾਂ ਦੇ ਸਾਥੀ ਹਨ। ਕਾਂਗਰਸ ਨੇ ਪਹਿਲਾਂ ਵੀ ਮੋਦੀ ਸਰਕਾਰ ਉਪਰ ਦੋਸ਼ ਲਗਾਏ ਹਨ ਕਿ ਕੇਂਦਰ ਈ.ਡੀ. ਰਾਹੀਂ ਇਹ ਜਾਂਚਾਂ ਵਿਰੋਧੀਆਂ ਨੂੰ ਦਬਾਉਣ ਲਈ ਕਰ ਰਿਹਾ ਹੈ। ਈ.ਡੀ. ਕੇਂਦਰ ਸਰਕਾਰ ਦਾ ਰਾਜਨੀਤਕ ਹਥਿਆਰ ਹੈ। ਇਸ ਨਾਲ ਪੰਜਾਬ ਦੀ ਸਿਆਸਤ ਵਿੱਚ ਨਵਾਂ ਤਣਾਅ ਪੈਦਾ ਹੋ ਰਿਹਾ ਹੈ, ਜੋ ਅਗਲੀਆਂ ਚੋਣਾਂ ਨੂੰ ਪ੍ਰਭਾਵਿਤ ਕਰੇਗਾ।

***

## ਮਾਮਲਾ ਅਪਰਾਧੀ ਪਰਵਾਸੀ ਮਜ਼ਦੂਰ

ਪੁਲਿਸ ਨੇ ਇਸ ਕਾਰਨ ਪ੍ਰੇਮ ਨਗਰ ਪਿੰਡ ਦੇ ਸਰਪੰਚ ਮੋਹਨ ਗੁਪਤਾ ਅਤੇ ਉਸ ਦੇ ਪੁੱਤਰ ਸੁਜੀਤ ਕੁਮਾਰ ਸਮੇਤ ਛੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ। ਇਹਨਾਂ ਘਟਨਾਵਾਂ ਨੇ ਖੇਤਰੀ ਭਾਵਨਾਵਾਂ ਨੂੰ ਭੜਕਾ ਦਿੱਤਾ ਹੈ ਅਤੇ ਸਰਪੰਚਾਂ ਦੇ ਫੈਸਲੇ ਨੂੰ ਲੋਕਾਂ ਵੱਲੋਂ ਸਮਰਥਨ ਮਿਲ ਰਿਹਾ ਹੈ। ਇਸ ਫੈਸਲੇ ਨਾਲ ਪੰਜਾਬ ਵਿੱਚ ਪਰਵਾਸੀ ਮਜਦੂਰਾਂ ਦੀ ਆਬਾਦੀ ਅਤੇ ਅਪਰਾਧਾਂ ਨਾਲ ਜੁੜੀਆਂ ਚੁਣੌਤੀਆਂ ਤੇ ਨਵੀਂ ਚਰਚਾ ਸ਼ੁਰੂ ਹੋ ਗਈ ਹੈ।

ਰੂਪਨਗਰ ਤੋਂ ਗ੍ਰਾਮ ਪੰਚਾਇਤ ਲੋਦੀਪੁਰ, ਪੰਚਾਇਤ ਲੋਦੀਪੁਰ ਬਰੋਟੂ ਬਾਸ, ਪੰਚਾਇਤ ਝੁੱਗੀਆਂ ਬਾਸ ਨੇ ਇੱਕ ਮਤਾ ਪਾਸ ਕਰਕੇ ਦੂਜੇ ਰਾਜਾਂ ਦੇ ਲੋਕਾਂ ਨੂੰ ਆਪਣੀ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਲਈ ਦਸ ਦਿਨ ਦਾ ਸਮਾਂ ਦਿੱਤਾ ਹੈ। ਇਨ੍ਹਾਂ ਤਿੰਨਾਂ ਪੰਚਾਇਤਾਂ ਨੇ ਕਿਹਾ ਕਿ ਜੇਕਰ ਅੰਤਰਰਾਜੀ ਵਿਅਕਤੀ ਦਸ ਦਿਨਾਂ ਦੇ ਅੰਦਰ ਪੁਲਿਸ ਵੈਰੀਫਿਕੇਸ਼ਨ ਨਹੀਂ ਕਰਵਾਉਂਦਾ ਤਾਂ ਉਸਨੂੰ ਪਿੰਡ ਤੋਂ ਬਾਹਰ ਕੱਢ ਦਿੱਤਾ ਜਾਵੇਗਾ।

ਗ੍ਰਾਮ ਪੰਚਾਇਤ ਲੋਦੀਪੁਰ ਝੁੱਗੀਆਂ ਦੀ ਸਰਪੰਚ ਨਵਪ੍ਰੀਤ ਕੌਰ, ਲੋਦੀਪੁਰ ਬਰੋਟੂ ਬਾਸ ਦੀ ਸਰਪੰਚ ਨੀਲਮ ਸ਼ਰਮਾ ਅਤੇ ਪਿੰਡ ਲੋਦੀਪੁਰ ਦੇ ਸਰਪੰਚ ਬਾਬੂ ਰਾਮ ਨੇ ਕਿਹਾ ਕਿ ਦੂਜੇ ਰਾਜਾਂ ਦੇ ਲੋਕ ਪੰਜਾਬ ਵਿੱਚ ਗੈਰ-ਕਾਨੂੰਨੀ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਸਾਡੇ ਪਿੰਡ ਵਿੱਚ ਵੱਡੀ ਗਿਣਤੀ ਵਿੱਚ ਦੂਜੇ ਰਾਜਾਂ ਦੇ ਲੋਕ ਰਹਿੰਦੇ ਹਨ। ਜਿਸ ਕਾਰਨ ਪਿੰਡ ਵਾਸੀਆਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਪਰੋਕਤ ਘਟਨਾਵਾਂ ਕਾਰਨ ਉਨ੍ਹਾਂ ਨੇ ਪਿੰਡ ਵਿੱਚ ਰਹਿਣ ਵਾਲੇ ਦੂਜੇ ਰਾਜਾਂ ਦੇ ਲੋਕਾਂ ਨੂੰ ਜਨਰਲ ਕੋਰਟ ਵਿੱਚ ਆਪਣੀ ਪੰਜਾਬ ਵੈਰੀਫਿਕੇਸ਼ਨ ਕਰਵਾਉਣ ਲਈ ਦਸ ਦਿਨ ਦਾ ਸਮਾਂ ਦਿੱਤਾ। ਪੰਚਾਇਤਾਂ ਨੇ ਕਿਹਾ ਕਿ ਜੇਕਰ ਕੋਈ ਇਨ੍ਹਾਂ ਦਸ ਦਿਨਾਂ ਦੇ ਅੰਦਰ ਵੈਰੀਫਿਕੇਸ਼ਨ ਨਹੀਂ ਕਰਵਾਉਂਦਾ ਤਾਂ ਉਸਨੂੰ ਪਿੰਡ ਤੋਂ ਬਾਹਰ ਕੱਢ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਕਿਰਾਏਦਾਰਾਂ ਅਤੇ ਕੈਂਪਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਲਈ ਇੱਕ ਪ੍ਰਸਤਾਵ ਪਾਸ ਕੀਤਾ ਗਿਆ।

ਸ਼ੋਸ਼ਲ ਵਰਕਰ ਗੰਗਵੀਰ ਰਠੌਰ ਦਾ ਮੰਨਣਾ ਹੈ ਕਿ ਵੱਡੇ ਪੁਲਿਸ ਅਫ਼ਸਰ ਪੰਜਾਬ ਤੋਂ ਬਾਹਰੋਂ ਹੋਣ ਕਰਕੇ ਇਸ ਖਿੱਤੇ ਦੇ ਲੋਕਾਂ ਅਤੇ ਆਪਣੇ ਖਿੱਤੇ ਦੇ ਲੋਕਾਂ ਵਿੱਚ ਫਰਕ ਕਰ ਰਹੇ ਹਨ? ਕੁੰਭੜ੍ਹਾ ਵਿੱਚ ਪ੍ਰਵਾਸੀਆਂ ਵੱਲੋ ਹੋਏ ਕਤਲਾਂ ਤੋਂ ਬਾਅਦ ਜਦੋਂ ਪਿੰਡਾਂ ਵਿੱਚ ਬਾਈਕਾਟ ਦੀ ਖ਼ਬਰ ਚੱਲੀ ਸੀ ਤਾਂ ਪੁਲਿਸ ਇੱਕ ਦਮ ਉਸਨੂੰ ਰੋਕਣ ਲਈ ਵੀ ਸ਼ਾਇਦ ਕਿਸੇ ਵੱਡੇ ਪੁਲਿਸ ਅਫ਼ਸਰ ਦੇ ਇਸ਼ਾਰੇ ’ਤੇ ਕੰਮ ਕਰ ਰਹੀ ਸੀ। ਪੰਜਾਬ ਵਿੱਚ ਇਸ ਘਟਨਾ ਕਾਰਨ ਪੰਜਾਬੀਆਂ ਵਿੱਚ ਸਖਤ ਰੋਸ ਫੈਲ ਰਿਹਾ ਹੈ। ਹੁਸ਼ਿਆਰਪੁਰ ਵਿੱਚ ਹੋਏ ਇਸ ਕਤਲ ਵਾਰੇ ਜ਼ਿਆਦਾ ਗੱਲ ਕਿਉ ਨਹੀਂ ਹੋ ਰਹੀ? ਕੀ ਇਸਦਾ ਵੱਡਾ ਕਾਰਨ ਇਹ ਹੈ ਕੇ ਕਤਲ ਕਰਨ ਵਾਲਾ ਪਰਵਾਸੀ ਮਜਦੂਰ ਹੈ ਅਤੇ ਕਤਲ ਹੋਣ ਵਾਲਾ ਸਥਾਨਕ ਬੱਚਾ ਹੈ? ਸਿੱਖ ਚਿੰਤਕ ਪਰਮਿੰਦਰ ਸਿੰਘ ਸ਼ੌਂਕੀ ਦਾ ਕਹਿਣਾ ਹੈ ਕਿ ਹੁਸ਼ਿਆਰਪੁਰ ਅੰਦਰ ਇੱਕ ਬੱਚੇ ਨਾਲ ਕੁਕਰਮ ਕਰਨ ਤੋਂ ਬਾਅਦ ਉਸ ਦੀ ਜੋ ਹਾਲਤ ਕਰਕੇ ਹੱਤਿਆ ਕੀਤੀ ਗਈ ਹੈ, ਉਹ ਪੰਜਾਬ ਅੰਦਰ ਪਰਵਾਸੀ ਮਜਦੂਰਾਂ ਦੇ ਅਪਰਾਧਾਂ ਦਾ ਇੱਕ ਨਮੂਨਾ ਮਾਤਰ ਹੈ। ਤੁਸੀਂ ਧਿਆਨ ਦਿੱਤਾ ਹੋਣਾ ਕਿ ਸ਼ਹਿਰਾਂ ਵਿੱਚ ਰੇਹੜੀਆਂ ਲੱਗਣ ਦੇ ਝਗੜੇ ਤੋਂ ਲੈ ਕੇ ਪਿੰਡਾਂ ਵਿਚੋਂ ਕੁੜੀਆਂ ਭਜਾ ਕੇ ਲੈ ਜਾਣ ਤੱਕ ਸਮੇਤ ਹੁਣ ਹਰ ਅਪਰਾਧ ਵਿੱਚ ਪਰਵਾਸੀ ਮਜਦੂਰ ਹੱਦੋਂ ਵੱਧ ਸ਼ਾਮਲ ਹੋ ਚੁੱਕੇ ਹਨ। ਪੰਜਾਬ ਅੰਦਰ ਵੱਸ ਚੁੱਕੀ ਪਰਵਾਸੀ ਮਜਦੂਰਾਂ ਦੀ ਇੱਕ ਵੱਡੀ ਤਾਦਾਦ ਅਪਰਾਧਕ ਕਿਸਮ ਦੀ ਹੈ ਤੇ ਇਸ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਜਿਉਂ-ਜਿਉਂ ਪਰਵਾਸੀ ਮਜਦੂਰਾਂ ਦੀ ਗਿਣਤੀ ਵਧੀ ਹੈ, ਪੰਜਾਬ ਵਿੱਚ ਅਪਰਾਧ ਉਸੇ ਦਰ ਨਾਲ ਵਧਿਆ ਹੈ। ਕਮਾਲ ਦੀ ਗੱਲ ਇਹ ਵੀ ਹੈ ਕਿ ਇਸ ਦਰ ਪ੍ਰਤੀ ਕੋਈ ਫਿਕਰਮੰਦ ਵੀ ਨਹੀਂ ਹੈ। ਇਸ ਦੀ ਇਕ ਦਿਲਚਸਪ ਉਦਾਹਰਨ ਤੁਹਾਨੂੰ ਇਸੇ ਤੱਥ ਵਿਚੋਂ ਮਿਲ ਸਕਦੀ ਹੈ ਕਿ ਪੰਜਾਬ ਵਿਚਲੀ ਅਜਿਹੀ ਕਿਸੇ ਵੀ ਦਰ ਨੂੰ ਦਰਜ ਕਰਨ ਵਿੱਚ ਸਰਕਾਰ ਦੀ ਕੋਈ ਸੁਚੇਤ ਦਿਲਚਸਪੀ ਹੀ ਨਹੀਂ ਹੈ ਕਿ ਉਸ ਦੇ ਰਾਜ ਅੰਦਰ ਆ ਕੇ ਪ੍ਰਵਾਸੀ ਲੋਕ ਕਿਸ ਤਰ੍ਹਾਂ ਅਪਰਾਧ ਨੂੰ ਅੰਜਾਮ ਦੇ ਰਹੇ ਹਨ. ਅਤੇ ਨਾ ਹੀ ਇਸ ਬਾਬਤ ਉਸ ਨੇ ਕਦੀ ਉਨ੍ਹਾਂ ਰਾਜਾਂ ਨਾਲ ਇਸ ਸਮੱਸਿਆ ਬਾਬਤ ਜ਼ਿਕਰ ਕੀਤਾ ਹੈ, ਜਿੱਥੋਂ ਇਹ ਲੋਕ ਆਉਂਦੇ ਹਨ. ਇਸ ਲਈ ਇਸ ਬਾਰੇ ਅਜੇ ਤੱਕ ਕੋਈ ਬੱਝਵਾਂ ਯਤਨ ਹੀ ਨਹੀਂ ਹੋ ਸਕਿਆ ਕਿ ਇਸ ਸਮੱਸਿਆ ਦਾ ਕੀ ਹੱਲ ਕੀਤਾ ਜਾਏ। ਸੋ ਜ਼ਿੰਮੇਵਾਰ ਲੋਕਾਂ ਨੇ ਇਸ ਦਾ ਇੱਕ ਹੱਲ ਪਰਵਾਸੀ ਮਜਦੂਰਾਂ ਨੂੰ ਪੰਜਾਬ ਵਿੱਚੋਂ ਬਾਹਰ ਕੱਢਣ ਦਾ ਚੁਣਿਆ ਹੈ। ਉਹਨਾਂ ਕਿਹਾ ਕਿ ਇਸ ਲਈ ਜ਼ਰੂਰੀ ਹੈ ਕਿ ਪੰਜਾਬ ਅੰਦਰ ਇੱਕ ਸਖ਼ਤ ਨੀਤੀ ਬਣੇ ਜੋ ਨਾ ਸਿਰਫ ਅਪਰਾਧੀ ਪ੍ਰਵਾਸੀਆਂ ਨੂੰ ਬੇਨਕਾਬ ਕਰੇ, ਸਗੋਂ ਉਨ੍ਹਾਂ ਦੀ ਵਾਪਸੀ ਲਈ ਵੀ ਪ੍ਰਬੰਧ ਕਰੇ। ਇਸ ਦੇ ਨਾਲ-ਨਾਲ ਪੰਜਾਬ ਦੇ ਆਪਣੇ ਮਜ਼ਦੂਰ ਵਰਗ ਨੂੰ ਰੋਜ਼ਗਾਰ ਦੇ ਕੇ ਮਜ਼ਬੂਤ ਕੀਤਾ ਜਾਵੇ ਤਾਂ ਜੋ ਪੰਜਾਬੀ ਖੇਤੀਬਾੜੀ, ਉਦਯੋਗ ਤੇ ਵਪਾਰ ਨੂੰ ਗੈਰ-ਪੰਜਾਬੀ ਤਾਕਤਾਂ ਉੱਤੇ ਨਿਰਭਰ ਨਾ ਰਹਿਣਾ ਪਵੇ। ਪੰਜਾਬੀਆਂ ਦਾ ਮੰਨਣਾ ਹੈ ਕਿੜ ਬਹੁਤੀ ਵਾਰ ਇਹ ਪਰਵਾਸੀ ਆਪਣੇ ਰਾਜ ਵਿੱਚ ਅਪਰਾਧ ਕਰ ਕੇ ਪੰਜਾਬ ਵਿਚ ਆ ਕੇ ਰਹਿਣ ਲੱਗ ਜਾਂਦੇ ਹਨ ਅਤੇ ਇੱਥੇ ਆਪਣੇ ਨਵੇਂ ਪਛਾਣ ਪੱਤਰ ਬਣਵਾ ਲੈਂਦੇ ਹਨ। ਜ਼ਿਆਦਾ ਕਰਕੇ ਉਹ ਦੋ-ਦੋ ਪਛਾਣ ਪੱਤਰ ਲਈ ਫਿਰਦੇ ਹਨ ਅਤੇ ਇਸ ਮਾਮਲੇ ਵਿੱਚ ਪ੍ਰਸ਼ਾਸਨ ਨੇ ਕਦੇ ਵੀ ਜਾਂਚ-ਪੜਤਾਲ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਹਨਾਂ ਦੇ ਵੱਲੋਂ ਪੱਕੇ ਤੌਰ ਤੇ ਰਹਿਣ ਲਈ ਜਗ੍ਹਾ ਲੈਣ ਰਾਸ਼ਨ ਕਾਰਡ ਵੋਟਰ ਕਾਰਡ ਬਣਨ ਤੇ ਵੀ ਪਾਬੰਦੀ ਲੱਗਣੀ ਚਾਹੀਦੀ ਹੈ। ਹਿਮਾਚਲ ਪ੍ਰਦੇਸ਼, ਰਾਜਸਥਾਨ ਸਣੇ ਹੋਰ ਕਈ ਸਟੇਟਾਂ ਵਿੱਚ ਕਨੂੰਨ ਬਣੇ ਹੋਏ ਹਨ ਕਿ ਪੰਜਾਬੀਆਂ ਸਣੇ ਬਾਕੀ ਬਾਹਰ ਦੀਆ ਸਟੇਟਾਂ ਵਾਲੇ ਜਮੀਨ ਨਹੀਂ ਖਰੀਦ ਸਕਦੇ, ਨਾ ਰਾਸ਼ਨ ਕਾਰਡ, ਵੋਟਰ ਕਾਰਡ ਬਣਵਾ ਸਕਦੇ ਹਨ ਪੰਜਾਬ ਵਿੱਚ ਵੀ ਅਜਿਹਾ ਕਾਨੂੰਨ ਜਲਦ ਬਣਨਾ ਚਾਹੀਦਾ ਹੈ। ਹੁਣ ਜਦ ਪੰਜਾਬ ਵਿੱਚ ਇਨ੍ਹਾਂ ਖ਼ਿਲਾਫ਼ ਆਵਾਜ਼ ਉੱਠਣ ਲੱਗੀ ਹੈ ਤਾਂ ਪੁਲਿਸ ਅਤੇ ਪ੍ਰਸ਼ਾਸਨ ਸਥਾਨਕ ਲੋਕਾਂ ਨੂੰ ਦਬਾਉਣ ਲੱਗੇ ਹਨ ਅਤੇ ਲੀਡਰਾਂ ਦੀ ਸ਼ਹਿ ’ਤੇ ਪਰਚੇ ਦਰਜ ਕਰਨ ਦੀਆਂ ਧਮਕੀਆਂ ਦੇਣ ਲੱਗ ਪਏ ਹਨ। ਸਾਨੂੰ ਹਾਲੇ ਵੀ ਸਮਝ ਤੋਂ ਕੰਮ ਲੈਂਦੇ ਹੋਏ ਆਪਣੇ ਪੰਜਾਬ ਨੂੰ ਸੰਭਾਲਣ ਦੀ ਲੋੜ ਹੈ। ਸਾਨੂੰ ਸਾਰੇ ਪੰਜਾਬੀਆਂ ਨੂੰ ਪੰਜਾਬ ਦੇ ਵਾਰਿਸ ਬਣਨਾ ਪੈਣਾ ਹੈ। ਨਹੀਂ ਤਾਂ ਇੱਕ ਦਿਨ ਅਸੀਂ ਇਹੀ ਕਹਿੰਦੇ ਸੁਣਾਈ ਦੇਵਾਂਗੇ ਕਿ ਸਾਡਾ ਪੰਜਾਬ ਕਿੱਥੇ ਗੁਆਚ ਗਿਆ?

***

## ਪਟਿਆਲਾ ਜੇਲ੍ਹ ’ਚ ਸਿੱਖ ਨੌਜਵਾਨ

ਉਨ੍ਹਾਂ ਨੇ ਭਗਵੰਤ ਮਾਨ ਸਰਕਾਰ ਨੂੰ ਅਪੀਲ ਕੀਤੀ ਕਿ ਦੋਸ਼ੀ ਅਧਿਕਾਰੀਆਂ ਦੀ ਬੈਰਕ ਬਦਲੀ ਜਾਵੇ ਅਤੇ ਸੰਦੀਪ ਨੂੰ ਸਹੂਲਤਾਂ ਦਿੱਤੀਆਂ ਜਾਣ, ਨਹੀਂ ਤਾਂ ਪੰਜਾਬ ਦਾ ਮਹੌਲ ਵਿਗੜ ਸਕਦਾ ਹੈ। ਪਰਿਵਾਰ ਨੇ ਦੇਸ ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਭਾਈ ਸੰਦੀਪ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਜਾਵੇ ਅਤੇ ਪੰਜਾਬ ਵਿੱਚ ਸਿੱਖ ਜਥੇਬੰਦੀਆਂ ਉੱਤੇ ਦਬਾਅ ਪਾਇਆ ਜਾਵੇ ਕਿ ਉਹ ਪਰਿਵਾਰ ਦਾ ਸਾਥ ਦੇਣ। ਉਨ੍ਹਾਂ ਨੇ ਭਗਵੰਤ ਮਾਨ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਪੰਥਕ ਮੁੱਦੇ ਨੂੰ ਹਲ ਨਾ ਕੀਤਾ ਤਾਂ ਵੱਡਾ ਅੰਦੋਲਨ ਖੜ੍ਹਾ ਹੋ ਸਕਦਾ ਹੈ।

### ਅਕਾਲ ਤਖ਼ਤ ਅਤੇ ਪੰਥਕ ਨੇਤਾਵਾਂ ਦਾ ਸਟੈਂਡ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਅਦਾਲਤੀ ਹੁਕਮਾਂ ਦੀ ਅਣਦੇਖੀ ਅਤੇ ਤਬਾਦਲਾ ਤਸ਼ੱਦਦ ਦੀ ਪੁਸ਼ਟੀ ਕਰਦਾ ਹੈ। ਜਥੇਦਾਰ ਨੇ ਜੇਲ੍ਹ ਪ੍ਰਸ਼ਾਸਨ ਨੂੰ ਤੁਰੰਤ ਮੈਡੀਕਲ ਜਾਂਚ ਕਰਵਾਉਣ ਅਤੇ ਰਿਪੋਰਟ ਅਦਾਲਤ ਵਿੱਚ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਜੇ ਤਸ਼ੱਦਦ ਪੁਸ਼ਟੀ ਹੋਈ ਤਾਂ ਦੋਸ਼ੀ ਅਧਿਕਾਰੀਆਂ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਮੁਅੱਤਲ ਕਰਨ ਅਤੇ ਸਜ਼ਾ ਦੇਣ ਦੀ ਮੰਗ ਕੀਤੀ। ਉਨ੍ਹਾਂ ਨੇ ਪੰਜਾਬ ਜੇਲ੍ਹ ਮੰਤਰੀ ਨੂੰ ਉੱਚ ਪੱਧਰੀ ਨਿਰਪੱਖ ਜਾਂਚ ਅਤੇ ਸਖ਼ਤ ਕਾਰਵਾਈ ਦੀ ਅਪੀਲ ਕੀਤੀ। ਜਥੇਦਾਰ ਨੇ ਚਿੰਤਾ ਜ਼ਾਹਰ ਕੀਤੀ ਕਿ ਜੇਲ੍ਹ ਵਿੱਚ ਹੀ ਕੈਦੀਆਂ ਉੱਤੇ ਤਸ਼ੱਦਦ ਹੋਣਾ ਪ੍ਰਸ਼ਾਸਨ ਦੀ ਨਾਕਾਮੀ ਨੂੰ ਉਜਾਗਰ ਕਰਦਾ ਹੈ ਅਤੇ ਜੇ ਬੈਰਕ ਪਹਿਲਾਂ ਬਦਲੀ ਜਾਂਦੀ ਤਾਂ ਇਹ ਘਟਨਾ ਨਾ ਵਾਪਰਦੀ।ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਹੋਰ ਪੰਥਕ ਨੇਤਾਵਾਂ ਨੇ ਵੀ ਜੇਲ੍ਹ ਪ੍ਰਸ਼ਾਸਨ ਦੇ ਵਿਵਹਾਰ ਨੂੰ ਦੁਖਦਾਈ ਅਤੇ ਬੇਇਨਸਾਫ਼ੀ ਵਾਲਾ ਕਿਹਾ ਹੈ। ਇਹ ਮਾਮਲਾ ਸਿੱਖ ਕੈਦੀਆਂ ਦੀ ਸੁਰੱਖਿਆ ਅਤੇ ਜੇਲ੍ਹ ਪ੍ਰਸ਼ਾਸਨ ਦੀ ਜਵਾਬਦੇਹੀ ਉੱਤੇ ਗੰਭੀਰ ਸਵਾਲ ਉਠਾਉਂਦਾ ਹੈ।

ਇਹ ਘਟਨਾ ਪੰਜਾਬ ਦੇ ਜੇਲ੍ਹ ਸਿਸਟਮ ਅਤੇ ਕੈਦੀਆਂ ਦੇ ਅਧਿਕਾਰਾਂ ਬਾਰੇ ਗੰਭੀਰ ਚਿੰਤਾ ਪੈਦਾ ਕਰਦੀ ਹੈ। ਸਰਕਾਰ ਨੂੰ ਜਲਦੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਇਨਸਾਫ਼ ਮਿਲ ਸਕੇ ਅਤੇ ਮਹੌਲ ਸ਼ਾਂਤ ਰਹੇ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ-ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

## ਚਰਨ ਕੌਰ ਢੇਸੀ ਦਾ ਜੀਵਨ ਸਫ਼ਰ

ਮਈ 2025 ਵਿੱਚ ਉਸ ਨੇ ਆਪਣੇ ਪੇਸ਼ੇਵਰ ਡੈਬਿਊ ਵਿੱਚ ਐਮੀ ਗ੍ਰੀਟੋਰੈਕਸ ਨੂੰ ਚੌਥੇ ਰਾਊਂਡ ਵਿੱਚ ਸਟਾਪ ਕਰ ਕੇ ਜਿੱਤ ਹਾਸਲ ਕੀਤੀ, ਜੋ ਉਸ ਨੂੰ ਬ੍ਰਿਟੇਨ ਵਿੱਚ ਜੰਮੀ ਪਹਿਲੀ ਸਿੱਖ ਮਹਿਲਾ ਪੇਸ਼ੇਵਰ ਮੁੱਕੇਬਾਜ਼ ਬਣਾਉਂਦੀ ਹੈ। ਇਹ ਜਿੱਤ ਵਾਇਰਲ ਹੋਈ ਅਤੇ ਉਸ ਨੂੰ ਵੱਡੀ ਪਛਾਣ ਮਿਲੀ। ਉਸ ਨੇ 2024 ਵਿੱਚ ਏਸ਼ੀਅਨ ਵੂਮੈਨ ਆਫ਼ ਅਚੀਵਮੈਂਟ ਅਵਾਰਡ ਵਿੱਚ ਸਪੋਰਟ ਕੈਟੇਗਰੀ ਜਿੱਤੀ ਹੈ।

ਚਰਨ ਨੂੰ ਆਪਣੇ ਮੈਨੇਜਰ ਈਸ਼ਮ ਪਿਕਰਿੰਗ ਨੇ ਵਿਸ਼ਵ ਚੈਂਪੀਅਨ ਬਣਨ ਦੀ ਸੰਭਾਵਨਾ ਵਾਲੀ ਕੁੜੀ ਕਿਹਾ ਹੈ ਅਤੇ ਕਿਹਾ ਕਿ ਉਹ 2027 ਤੱਕ ਵਿਸ਼ਵ ਚੈਂਪੀਅਨ ਬਣ ਸਕਦੀ ਹੈ। ਉਸ ਨੇ ਆਪਣੀਆਂ ਪ੍ਰਾਪਤੀਆਂ ਨੂੰ ਸਿੱਖ ਪੰਥ ਤੇ ਪੰਜਾਬੀ ਭਾਈਚਾਰੇ ਲਈ ਮਾਣ ਵਜੋਂ ਵੇਖਿਆ ਅਤੇ ਕਿਹਾ ਕਿ ਉਹ ਪਹਿਲੀ ਸਿੱਖ ਮਹਿਲਾ ਵਿਸ਼ਵ ਚੈਂਪੀਅਨ ਬਣੇਗੀ। ਉਸ ਨੇ ਅਮੈਚੂਰ ਵਿੱਚ ਸਭ ਕੁਝ ਜਿੱਤਿਆ ਅਤੇ ਪੇਸ਼ੇਵਰ ਬਣਨ ਤੋਂ ਬਾਅਦ ਉਸ ਨੂੰ ਨਵੀਂ ਊਰਜਾ ਮਿਲੀ। ਉਸ ਨੇ ਆਪਣੀ ਅਗਲੀ ਫ਼ਾਈਟ ਨਵੰਬਰ 2025 ਵਿੱਚ ਕਰਨ ਦੀ ਯੋਜਨਾ ਬਣਾਈ ਹੈ ਅਤੇ ਉਹ ਧੀਰੇ ਧੀਰੇ ਅੱਗੇ ਵਧਣਾ ਚਾਹੁੰਦੀ ਹੈ।

ਚਰਨ ਨੇ ਆਪਣੀਆਂ ਕਾਮਯਾਬੀਆਂ ਨੂੰ ਨੌਜਵਾਨ ਸਿੱਖ ਕੁੜੀਆਂ ਲਈ ਪ੍ਰੇਰਨਾ ਵਜੋਂ ਵਰਤਿਆ ਅਤੇ ਕਿਹਾ ਕਿ ਉਹ ਉਨ੍ਹਾਂ ਨੂੰ ਮਦਦ ਕਰੇਗੀ। ਉਸ ਨੇ ਆਪਣੀਆਂ ਪ੍ਰਾਪਤੀਆਂ ਨੂੰ ਆਪਣੀ ਸਿੱਖੀ ਨਾਲ ਜੋੜਿਆ ਅਤੇ ਕਿਹਾ ਕਿ ਇਹ ਉਸ ਨੂੰ ਯੋਧੇ ਵਾਂਗ ਬਣਾਉਂਦੀ ਹੈ। ਉਸ ਨੇ ਆਪਣੇ ਕੋਚ ਅਤੇ ਪਰਿਵਾਰ ਨੂੰ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਸਮਰਥਨ ਨਾਲ ਉਹ ਅੱਗੇ ਵਧ ਰਹੀ ਹੈ।

ਚਰਨ ਦੀਆਂ ਕਾਮਯਾਬੀਆਂ ਨੇ ਉਸ ਨੂੰ ਇੱਕ ਰੋਲ ਮਾਡਲ ਬਣਾਇਆ ਅਤੇ ਉਹ ਅੱਜ ਵਿਸ਼ਵ ਪੱਧਰ ਤੇ ਪਛਾਣੀ ਜਾਂਦੀ ਹੈ। ਉਸ ਨੇ ਆਪਣੇ ਸਫ਼ਰ ਨੂੰ ਇੱਕ ਉਦਾਹਰਣ ਵਜੋਂ ਪੇਸ਼ ਕੀਤਾ ਕਿ ਕਿਵੇਂ ਮਿਹਨਤ ਨਾਲ ਵੱਡੇ ਟੀਚੇ ਹਾਸਲ ਕੀਤੇ ਜਾ ਸਕਦੇ ਹਨ। ਉਸ ਨੇ ਆਪਣੀ ਅਗਲੀ ਪੀੜ੍ਹੀ ਲਈ ਇੱਕ ਜਿਮ ਖੋਲ੍ਹਣ ਦੀ ਯੋਜਨਾ ਵੀ ਬਣਾਈ ਹੈ ਜਿੱਥੇ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾਵੇਗੀ।

ਯਾਹੂ ਸਪੋਰਟਸ ਨੇ ਚਰਨ ਕੌਰ ਢੇਸੀ ਨੂੰ ਪਹਿਲੀ ਬ੍ਰਿਟਿਸ਼ ਜੰਮੀ ਸਿੱਖ ਮਹਿਲਾ ਪੇਸ਼ੇਵਰ ਮੁੱਕੇਬਾਜ਼ ਵਜੋਂ ਉਜਾਗਰ ਕੀਤਾ ਅਤੇ ਉਸ ਨੂੰ ਬੈਰੀਅਰ ਤੋੜਨ ਵਾਲੀ ਕੁੜੀ ਕਿਹਾ। ਫ਼ਾਈਟਪੋਸਟ ਨੇ ਉਸ ਨੂੰ ਭਵਿੱਖੀ ਵਿਸ਼ਵ ਚੈਂਪੀਅਨ ਵਜੋਂ ਵੇਖਿਆ ਅਤੇ ਉਸ ਨੂੰ ਉਸ ਦੇ ਡੈਬਿਊ ਨੂੰ ਸਭ ਤੋਂ ਵਧੀਆ ਕਿਹਾ। ਡੈਸੀਬਲਿਟਜ਼ ਨੇ ਉਸ ਨੂੰ ਟ੍ਰੇਲਬਲੇਜ਼ਰ ਵਜੋਂ ਪੇਸ਼ ਕੀਤਾ ਅਤੇ ਉਸ ਨੂੰ ਲੂਕ ਕੈਂਪਬੈਲ ਤੋਂ ਪ੍ਰੇਰਿਤ ਕਿਹਾ। ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਨੇ ਉਸ ਨੂੰ ਨਵੀਂ ਪੀੜ੍ਹੀ ਦੇ ਅਥਲੀਟ ਵਜੋਂ ਸਰਾਹਿਆ ਅਤੇ ਕਿਹਾ ਕਿ ਉਹ ਆਪਣੇ ਵਿਸ਼ਵਾਸ ਨੂੰ ਖੇਡਾਂ ਰਾਹੀਂ ਪ੍ਰਚਾਰ ਕਰ ਰਹੀ ਹੈ।

***

## ਦੋਹਾਂ ਪੰਜਾਬਾਂ ਦੀ ਲੋਕ ਗਾਇਕੀ

ਬਗੀਚਾ ਲਾਵਾਂ, ਮੇਰੀ ਗੱਲ ਸੁਣ ਜਾ ਮੁਟਿਆਰੇ, ਗੱਲ ਮੇਰੀ ਸੁਣ ਬੱਲੀਏ, ਜੇ ਕਰਨਾ ਏ ਪਿਆਰ, ਮੇਲਾ ਦੋ ਦਿਨ ਦਾ, ਖੂਹੇ ਤੋਂ ਪਾਣੀ ਭਰੇਂਦੀਏ ਮੁਟਿਆਰੇ ਨੀ, ਜਦ ਪਿਆਰ ਦਾ ਪੇਚਾ, ਬੱਲੇ-ਬੱਲੇ ਤੋਰ ਪੰਜਾਬਣ ਦੀ, ਮੈਂ ਹਾਂ ਹੀਰ ਸਿਆਲਾਂ ਦੀ, ਬਾਗੇ ਵਿਚ ਸੀ ਮੋਇਆ ਨੀਂ, ਸਾਡਾ ਇਸ਼ਕ ਅਜੀਬ ਹੋਵੇ, ਬੂਹੇ ਬੰਦ ਨੇ ਦਲੀਲਾਂ ਦੇ (ਟੱਪੇ) ਆਦਿ।

ਮਨਜ਼ੂਰ ਝੱਲਾ ਪਾਕਿਸਤਾਨ ਦਾ ਐਸਾ ਸ਼ਾਇਰ ਸੀ ਜਿਸ ਦੇ ਗੀਤ/ਸ਼ੇਅਰ ਗਾ ਕੇ ਬਹੁਤ ਸਾਰੇ ਗਾਇਕ ਹਿੱਟ ਹੋਏ। ਆਲਮ ਦੇ ਚਾਰ ਗੀਤਾਂ 'ਚੁੱਕ ਸੋਹਣਿਆਂ ਪਰਦਾ ਮੁੱਖੜੇ ਤੋਂ ਲੁਕ ਲੁਕ ਕੇ ਗੁਜ਼ਾਰਾ ਨਹੀਂ ਹੋਣਾ', 'ਇਥੇ ਬੈਠ ਕਿਸੇ ਨਹੀਂ ਰਹਿਣਾ', 'ਲਾਈ ਬੇਕਦਰਾਂ ਨਾਲ ਯਾਰੀ', 'ਅੱਜ ਘਰ ਸੱਜਣਾਂ ਦੇ ਜਾਣਾ' ਵਿੱਚ ਮਨਜ਼ੂਰ ਝੱਲਾ ਨੇ ਵੀ ਆਵਾਜ਼ ਦਿੱਤੀ।

ਤਾਰ ਸਪਤਕ ਦੇ ਸੁਰਾਂ ਵਿੱਚ ਗਾਉਣ ਵਾਲੇ ਆਲਮ ਦੀ ਆਵਾਜ਼ ਨੂੰ ਫ਼ਿਲਮਾਂ ਵਿੱਚ ਵੀ ਜਗ੍ਹਾ ਮਿਲੀ। ਪੰਜਾਬੀ ਫ਼ਿਲਮਾਂ 'ਬਾਈਕਾਟ', 'ਅਜ਼ਾਦੀ ਜਾਂ ਮੌਤ', 'ਹਥਿਆਰ', 'ਖਾਨਾਜੰਗੀ', 'ਖ਼ਾਨ-ਏ-ਆਜ਼ਮ' ਵਿੱਚ ਵੀ ਉਨ੍ਹਾਂ ਦੇ ਗੀਤ ਰਿਕਾਰਡ ਹੋਏ। ਸੰਨ 1964 ਵਿੱਚ ਬਣੀ ਫ਼ਿਲਮ 'ਲਾਈਲੱਗ' ਵਿੱਚ ਰਿਕਾਰਡ ਹੋਏ ਗੀਤ 'ਐ ਧਰਤੀ ਪੰਜ ਦਰਿਆਵਾਂ ਦੀ' ਅਤੇ 1966 ਵਿੱਚ ਬਣੀ ਫ਼ਿਲਮ 'ਅਜ਼ਾਦੀ ਔਰ ਮੌਤ' ਦੇ ਗੀਤ 'ਦੁਨੀਆਂ ਜਾਣੇ ਮੇਰੇ ਵਤਨ ਕੀ ਸ਼ਾਨ' ਅਤੇ 'ਹਥਿਆਰ' ਫ਼ਿਲਮ ਦੇ ਗੀਤ 'ਗੱਭਰੂ ਜੱਟ ਪੰਜਾਬ ਦਾ' ਨੇ ਉਸ ਸਮੇਂ ਬਹੁਤ ਮਕਬੂਲੀਅਤ ਹਾਸਿਲ ਕੀਤੀ ਸੀ। ਉਸ ਦੀ ਫ਼ਿਲਮ 'ਮਿੱਟੀ ਦਾ ਬਾਵਾ' ਰਿਲੀਜ਼ ਨਾ ਹੋ ਸਕੀ।

ਚਿਮਟੇ ਨੂੰ ਲੋਕ ਸਾਜ਼ ਵਜੋਂ ਮਾਨਤਾ ਦਿਵਾਉਣ ਵਿੱਚ ਆਲਮ ਦਾ ਨਾਮ ਫ਼ਖਰ ਨਾਲ ਲਿਆ ਜਾ ਸਕਦਾ ਹੈ। ਆਲਮ ਲੁਹਾਰ ਆਪਣੀ ਗਾਇਕੀ ਦੇ ਸ਼ੁਰੂਆਤ ਵਿੱਚ ਪ੍ਰਸੰਗ ਬੋਲਦਿਆਂ 'ਮਸਕੀਨ ਲੁਹਾਰ ਆਛਗੋਛੀ ਆਂਹਦੈ ਜੀ' ਬੋਲਣਾ ਨਾ ਭੁੱਲਦਾ। ਲੁਹਾਰ ਬੋਲਣਾ/ਅਖਵਾਉਣਾ ਉਸ ਨੂੰ ਚੰਗਾ ਲਗਦਾ। ਜੁਗਨੀ ਗਾਉਂਦਿਆਂ ਇੱਕ ਬੰਦ ਵਿੱਚ ਉਹ ਆਖਦਾ ਹੈ: ਓ ਛੱਡ ਲੁਹਾਰਾ ਗਾਉਣ ਦਾ ਖਹਿੜਾ ਤੇ ਸੰਨੀ ਥੋੜ੍ਹਾ ਵਾਹੀਏਓ ਸਾਈਂ ਮੇਰਿਆ ਵੇ ਜੁਗਨੀ।

ਆਲਮ 3 ਜੁਲਾਈ, 1979 ਨੂੰ ਉਹ ਇੱਕ ਦੁਰਘਟਨਾ ਕਾਰਨ ਸਦਾ ਲਈ ਅੱਖਾਂ ਤੋਂ ਓਹਲੇ ਹੋ ਗਿਆ।

***

## ਬੱਚੇ ਮਜ਼ਦੂਰੀ ਕਰਨ ਲਈ ਕਿਉਂ

ਦੇਸ਼ ਦੀ ਤਰੱਕੀ ਸਿਰਫ਼ ਇਨ੍ਹਾਂ ਬੱਚਿਆਂ ਦੇ ਵਿਕਾਸ 'ਤੇ ਨਿਰਭਰ ਕਰਦੀ ਹੈ, ਜੇਕਰ ਦੇਸ਼ ਦੀ ਆਬਾਦੀ ਵਿੱਚ ਸ਼ਾਮਲ ਕਰੋੜਾਂ ਬੱਚਿਆਂ ਨੂੰ ਬਾਲ ਮਜ਼ਦੂਰੀ ਦੀ ਭੱਠੀ ਵਿੱਚ ਸੁੱਟ ਦਿੱਤਾ ਜਾਵੇ ਤਾਂ ਅਸੀਂ ਉੱਜਵਲ ਭਵਿੱਖ ਕਿਵੇਂ ਬਣਾ ਸਕਦੇ ਹਾਂ? ਆਜ਼ਾਦੀ ਦੇ ਇਤਿਹਾਸ ਵਿੱਚ ਸਿਆਸਤਦਾਨਾਂ ਨੇ ਨਾ ਸਿਰਫ਼ ਵੋਟਾਂ ਹਾਸਲ ਕਰਨ ਲਈ ਵਾਅਦੇ ਕੀਤੇ ਸਗੋਂ ਲੋਕਾਂ ਨੂੰ ਫੁੱਲਾਂ ਦੇ ਭਾਸ਼ਨ ਵੀ ਖੁਆਉਣ ਦੀ ਕੋਸ਼ਿਸ਼ ਕੀਤੀ। ਜੇਕਰ ਅਸੀਂ ਕੰਮ ਕੀਤਾ ਤਾਂ ਅਸੀਂ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਾਂਗੇ। ਅਜਿਹਾ ਨਹੀਂ ਹੈ ਕਿ ਬਾਲ ਮਜ਼ਦੂਰੀ ਰੋਕਣ ਲਈ ਕੋਈ ਕਾਨੂੰਨ ਨਹੀਂ ਬਣਾਇਆ ਗਿਆ ਹੈ। ਭਾਰਤੀ ਸੰਵਿਧਾਨ ਬਾਲ ਮਜ਼ਦੂਰੀ ਦੀ ਮਨਾਹੀ ਕਰਦਾ ਹੈ। ਸੰਵਿਧਾਨ ਦੀ ਧਾਰਾ 24 ਅਨੁਸਾਰ 14 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਨੂੰ ਕਿਸੇ ਵੀ ਕਾਰਖਾਨੇ ਜਾਂ ਖਾਣ ਜਾਂ ਕਿਸੇ ਹੋਰ ਖਤਰਨਾਕ ਰੁਜ਼ਗਾਰ ਵਿੱਚ ਕੰਮ ਕਰਨ ਲਈ ਨਹੀਂ ਲਗਾਇਆ ਜਾ ਸਕਦਾ। ਫੈਕਟਰੀ ਐਕਟ 1948, 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਰੁਜ਼ਗਾਰ ਦੇਣ 'ਤੇ ਵੀ ਪਾਬੰਦੀ ਲਗਾਉਂਦਾ ਹੈ। ਇਸ ਤੋਂ ਬਾਅਦ ਚਾਈਲਡ ਲੇਬਰ ਪ੍ਰੋਹਿਬਿਸ਼ਨ ਐਕਟ 1986 ਬਣਾਇਆ ਗਿਆ, ਜਿਸ ਨੂੰ 2016 ਵਿੱਚ ਸੋਧਿਆ ਗਿਆ। ਬਾਲ ਮਜ਼ਦੂਰੀ ਦੀ ਗੱਲ ਕਰੀਏ ਤਾਂ ਆਮ ਸਮਾਜ ਨੇ ਵੀ ਬਾਲ ਅਧਿਕਾਰਾਂ ਦੀ ਉਲੰਘਣਾ ਨੂੰ ਉਦਾਸੀਨ ਨਜ਼ਰਾਂ ਨਾਲ ਦੇਖਣ ਤੋਂ ਸਿਵਾਏ ਕੁਝ ਨਹੀਂ ਕੀਤਾ। ਦੇਸ਼ ਅਤੇ ਦੁਨੀਆਂ ਨੂੰ ਬਾਲ ਮਜ਼ਦੂਰੀ ਦੀ ਤ੍ਰਾਸਦੀ ਤੋਂ ਮੁਕਤ ਕਰਵਾਉਣ ਲਈ ਜਿੱਥੇ ਸਰਕਾਰੀ ਪੱਧਰ 'ਤੇ ਠੋਸ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ, ਉਥੇ ਸਮਾਜਿਕ ਤੌਰ 'ਤੇ ਵੀ ਪਹਿਲਕਦਮੀ ਕੀਤੀ ਜਾਣੀ ਚਾਹੀਦੀ ਹੈ।

***

## ਬੱਚਿਆਂ ਨੂੰ ਮੋਬਾਈਲ ਫ਼ੋਨ

ਇਸ ਨਾਲ ਉਨ੍ਹਾਂ ਦੀ ਮਾਨਸਿਕ ਸਿਹਤ ਵੀ ਚੰਗੀ ਰਹੇਗੀ ਅਤੇ ਉਹ ਮਨੋਰੰਜਨ ਲਈ ਮੋਬਾਈਲ ਫ਼ੋਨ ਦੀ ਤਲਾਸ਼ ਕਰਨ ਤੋਂ ਦੂਰ ਰਹਿਣਗੇ।

ਸਾਨੂੰ ਸਮੇਂ-ਸਮੇਂ 'ਤੇ ਉਨ੍ਹਾਂ ਦੇ ਮੋਬਾਈਲ ਫ਼ੋਨ ਦੀ ਵਰਤੋਂ 'ਤੇ ਸੀਮਾਵਾਂ ਲਗਾਉਣੀਆਂ ਚਾਹੀਦੀਆਂ ਹਨ। ਉਹਨਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ ਉਹ ਰੋਜ਼ਾਨਾ ਕਿੰਨੀ ਦੇਰ ਤੱਕ ਫ਼ੋਨ ਦੀ ਵਰਤੋਂ ਕਰ ਸਕਦੇ ਹਨ ਅਤੇ ਨਹੀਂ ਕਰ ਸਕਦੇ। ਉਨ੍ਹਾਂ ਨੂੰ ਇਹ ਵੀ ਦੱਸਿਆ ਜਾਵੇ ਕਿ ਫ਼ੋਨ ਵਰਤੋਂ ਨਾਲ ਉਨ੍ਹਾਂ ਦੀ ਪੜ੍ਹਾਈ ਅਤੇ ਹੋਰ ਕੰਮ ਪ੍ਰਭਾਵਿਤ ਨਹੀਂ ਹੋਣੇ ਚਾਹੀਦੇ।

ਬਹੁਤ ਸਾਰੇ ਮਾਪੇ ਆਪਣੀ ਸੁਰੱਖਿਆ ਲਈ ਆਪਣੇ ਬੱਚਿਆਂ ਨੂੰ ਮੋਬਾਈਲ ਫੜਾ ਦਿੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਬੱਚਾ ਮੁਸੀਬਤ ਵਿੱਚ ਹੁੰਦਾ ਹੈ ਤਾਂ ਉਹ ਸੰਪਰਕ ਕਰ ਸਕਦਾ ਹੈ। ਕੰਮ ਕਰਨ ਵਾਲੇ ਮਾਪੇ ਅਕਸਰ ਅਜਿਹਾ ਕਰਦੇ ਹਨ, ਕਿਉਂਕਿ ਉਨ੍ਹਾਂ ਦਾ ਬੱਚਾ ਸਕੂਲ ਤੋਂ ਬਾਅਦ ਕੁਝ ਸਮੇਂ ਲਈ ਘਰ ਵਿੱਚ ਇਕੱਲਾ ਰਹਿੰਦਾ ਹੈ। ਕੁਝ ਮਾਪੇ ਆਪਣੇ ਬੱਚਿਆਂ ਨੂੰ ਉਲਝਾਉਣ ਲਈ ਫ਼ੋਨ ਵੀ ਉਨ੍ਹਾਂ ਨੂੰ ਦੇ ਦਿੰਦੇ ਹਨ, ਜੋ ਕਿ ਬਿਲਕੁਲ ਵੀ ਸਹੀ ਨਹੀਂ ਹੈ। ਸਿੱਟੇ ਵਜੋਂ, ਅਸੀਂ ਕਹਿ ਸਕਦੇ ਹਾਂ ਕਿ ਮੋਬਾਈਲ ਫ਼ੋਨ ਬੱਚਿਆਂ ਲਈ ਖਤਰਨਾਕ ਹੋ ਸਕਦਾ ਹੈ, ਪਰ ਇਹ ਵੀ ਸੱਚ ਹੈ ਕਿ ਅਸੀਂ ਉਨ੍ਹਾਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਤੋਂ ਬਚਾ ਸਕਦੇ ਹਾਂ। ਸਾਨੂੰ ਆਪਣੇ ਬੱਚਿਆਂ ਨੂੰ ਸਹੀ ਵਰਤੋਂ ਸਿਖਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਨਾਲ ਸਮਾਂ ਬਿਤਾ ਕੇ ਪੜ੍ਹਾਉਣਾ ਚਾਹੀਦਾ ਹੈ।

***

## ਲੋਕ ਕਲਾ ਨਕਲਾਂ

ਨਕਾਲ ਆਪਣੀਆਂ ਪੇਸ਼ਕਾਰੀਆਂ ਵਿੱਚ ਨਾਟਕੀ ਅੰਸ਼ ਭਰ ਕੇ ਉਨ੍ਹਾਂ ਨੂੰ ਕਲਾਤਮਿਕ ਛੋਹਾਂ ਪ੍ਰਦਾਨ ਕਰਕੇ ਸਜਾਉਣ ਦੀ ਕਲਾ ਵਿੱਚ ਮਾਹਿਰ ਹੁੰਦੇ ਸਨ। ਸਵੈ-ਵਿਸ਼ਵਾਸ, ਹਾਜ਼ਰ ਜਵਾਬੀ, ਗੱਲਬਾਤ ਵਿੱਚ ਚੁਸਤੀ-ਫੁਰਤੀ ਵਰਤਣ ਦੀ ਕਲਾ ਵਿੱਚ ਉਹ ਮੁਹਾਰਤ ਰੱਖਦੇ ਸਨ। ਲੋਕਾਂ ਨੂੰ ਹਸਾ ਸਕਣ ਦਾ ਹੁਨਰ ਉਨ੍ਹਾਂ ਦੀ ਕਲਾ ਦਾ ਮੁੱਢਲਾ ਗੁਣ ਹੁੰਦਾ ਸੀ। ਵਿਆਹਾਂ ਅਤੇ ਖੁਸ਼ੀ ਦੇ ਹੋਰ ਮੌਕਿਆਂ ਉੱਤੇ ਨਕਾਲਾਂ ਨੂੰ ਆਪਣੀ ਕਲਾ ਦੇ ਜੌਹਰ ਵਿਖਾਉਣ ਦੇ ਸੁੰਦਰ ਮੌਕੇ ਮਿਲਦੇ ਸਨ ਤੇ ਉਹ ਚੰਗੀ ਕਮਾਈ ਵੀ ਕਰ ਲੈਂਦੇ ਸਨ। ਨਕਾਲਾਂ ਦੇ ਆਪਣੇ ਅੱਡੇ ਵੀ ਹੁੰਦੇ ਸਨ ਜਿਨ੍ਹਾਂ ਨੂੰ ਅਖਾੜੇ ਕਿਹਾ ਜਾਂਦਾ ਸੀ। ਨਕਾਲਾਂ ਦੀਆਂ ਮੰਡਲੀਆਂ ਵਿੱਚ ਗਾਇਕ, ਸਾਜ਼ਿੰਦੇ, ਨੱਚਾਰ, ਮਸ਼ਖ਼ਰੀਏ ਆਦਿ ਵੀ ਹੁੰਦੇ ਸਨ। ਕਿਧਰੇ ਪੈ ਜਾਣੇ ਵਾਲੇ ਘਾਟੇ ਨੂੰ ਕੋਈ ਚੁਸਤ ਕਲਾਕਾਰ ਬੜੀ ਹੁਸ਼ਿਆਰੀ ਨਾਲ ਪੂਰ ਲੈਂਦਾ ਸੀ। ਮੰਡਲੀ ਦੇ ਮੁਖੀ ਨੂੰ ਬਾਕੀ ਕਲਾਕਾਰ 'ਉਸਤਾਦ' ਕਹਿ ਕੇ ਸੰਬੋਧਨ ਕਰਦੇ ਸਨ। ਨਕਲਾਂ ਵਿੱਚ ਸਵਾਂਗ, ਸੰਵਾਦ, ਨਾਚ, ਗਾਇਨ ਆਦਿ ਦੀਆਂ ਮਿਸ਼ਰਤ ਕਲਾਵਾਂ ਦਾ ਸੁਮੇਲ ਹੁੰਦਾ ਸੀ। ਜਦੋਂ ਕਲਾਕਾਰ ਸੰਯੁਕਤ ਰੂਪ ਵਿੱਚ ਇਨ੍ਹਾਂ ਕਲਾਵਾਂ ਦੀ ਪੇਸ਼ਕਾਰੀ ਕਰਦੇ ਸਨ ਤਾਂ ਉਹ ਸੱਚ-ਮੁੱਚ ਹੀ ਉੱਤਮ ਕਲਾ ਦਾ ਨਮੂਨਾ ਬਣ ਕੇ ਪ੍ਰਗਟ ਹੁੰਦੀ ਸੀ। ਨਕਾਲ ਸਵਾਂਗ ਰਚਣ ਦਾ ਭੁਲੇਖਾ ਪਾਉਣ ਵਿੱਚ ਵੀ ਮਾਹਿਰ ਹੁੰਦੇ ਸਨ। ਕਿਸੇ ਕੁੜੀ ਦਾ ਸਵਾਂਗ ਰਚਣ ਲਈ ਕੋਈ ਕਲਾਕਾਰ ਸਿਰ 'ਤੇ ਸਿਰਫ਼ ਚੁੰਨੀ ਲੈ ਲੈਂਦਾ ਸੀ ਤੇ ਦਰਸ਼ਕ ਉਸ ਨੂੰ ਲੜਕੀ ਕਲਾਕਾਰ ਵਜੋਂ ਸਵੀਕਾਰ ਵੀ ਕਰ ਲੈਂਦੇ ਸਨ। ਨਕਾਲਾਂ ਵਿਚਲਾ ਮਸਖ਼ਰਾ ਪਾਤਰ ਬੜੀਆਂ ਤੇਜ਼-ਤਰਾਰ ਗੱਲਾਂ ਕਰਨ ਵਿੱਚ ਮਾਹਿਰ ਕਲਾਕਾਰ ਹੁੰਦਾ ਸੀ ਤੇ ਹਸਾ-ਹਸਾ ਕੇ ਉਹ ਲੋਕਾਂ ਦੇ ਢਿੱਡੀਂ ਪੀੜਾਂ ਪਾ ਦਿੰਦਾ ਸੀ। ਆਪਣੀਆਂ ਗੱਲਾਂ ਅਤੇ ਅਭਿਨੈ ਦੇ ਨਿਵੇਕਲੇ ਅੰਦਾਜ਼ ਕਾਰਨ ਉਹ ਬਹੁਤੇ ਦਰਸ਼ਕਾਂ ਦੇ ਧਿਆਨ ਦੇ ਕੇਂਦਰ ਵਿੱਚ ਵਸ ਜਾਂਦਾ ਸੀ ਤੇ 'ਵਾਹ-ਵਾਹ' ਖੱਟਦਾ ਸੀ। ਗੱਲਾਂ ਵਿੱਚ ਉਤਸੁਕਤਾ ਪੈਦਾ ਕਰਨ ਅਤੇ ਉਨ੍ਹਾਂ ਨੂੰ ਸਿਖਰ ਤਕ ਪਹੁੰਚਾਅ ਕੇ ਉਹ ਝਟ-ਪਟ ਕੋਈ ਅਜਿਹੀ ਗੱਲ ਕਹਿ ਦਿੰਦਾ ਸੀ ਜੋ ਦਰਸ਼ਕਾਂ ਨੂੰ ਹਸਾ-ਹਸਾ ਕੇ ਲੋਟ-ਪੋਟ ਕਰ ਦਿੰਦੀ ਸੀ। ਨਕਾਲ ਆਪਣੀਆਂ ਕਲਾ ਜੁਗਤਾਂ ਨਾਲ ਆਪਣੀ ਕਲਾ ਦਾ ਲੋਹਾ ਮਨਵਾਉਣ ਤੇ ਦਰਸ਼ਕਾਂ ਦੇ ਮਨਾਂ 'ਤੇ ਗਹਿਰੀ ਛਾਪ ਛੱਡਣ ਵਿੱਚ ਕਾਮਯਾਬ ਹੋ ਜਾਂਦੇ ਸਨ। ਨਕਾਲਾਂ ਦੀ ਲੋਕ ਕਲਾ ਅਤੇ ਨਕਾਲਾਂ ਦੀਆਂ ਪੇਸ਼ਕਾਰੀਆਂ ਹੁਣ ਬੀਤੇ ਸਮਿਆਂ ਦੀ ਬਾਤ ਬਣ ਕੇ ਰਹਿ ਗਈਆਂ ਹਨ ਫਿਰ ਵੀ ਇਸ ਕਲਾ ਨਾਲ ਜੁੜੇ ਲੋਕ ਇਸ ਕਲਾ ਨੂੰ ਜੀਵਤ ਰੱਖਣ ਦੇ ਯਤਨ ਵਿੱਚ ਹਨ। ਹੁਣ ਵੀ ਖੁਸ਼ੀ ਦੇ ਕਿਸੇ ਸਮਾਜਿਕ ਸਮਾਗਮ ਦੇ ਅਵਸਰ 'ਤੇ ਨਕਾਲਾਂ ਦੀ ਆਮਦ ਖੁਸ਼ੀਆਂ ਤੇ ਹਾਸੇ-ਮਜ਼ਾਕ ਦੀ ਫੁਹਾਰ ਬਣਕੇ ਪ੍ਰਗਟ ਹੋਣ ਵਾਲੀ ਘਟਨਾ ਬਣਦੀ ਹੈ। ਇਸ ਬਹਾਨੇ ਉਸ ਮੌਕੇ ਦੀ ਰੌਣਕ ਵੀ ਵਧ ਜਾਂਦੀ ਹੈ, ਉਸ ਵਿੱਚ ਹਾਸੇ ਦੇ ਰੰਗ ਵੀ ਘੁਲ ਜਾਂਦੇ ਹਨ ਤੇ ਦਰਸ਼ਕਾਂ ਦਾ ਮਨੋਰੰਜਨ ਵੀ ਹੋ ਜਾਂਦਾ ਹੈ। ਹੁਣ ਵੀ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿੱਚ ਤੇ ਕਈ ਸੱਭਿਆਚਾਰਕ ਮੇਲਿਆਂ ਵਿੱਚ ਨਕਲਾਂ ਦੀ ਆਈਟਮ ਦੇ ਮੁਕਾਬਲੇ ਕਰਵਾਏ ਜਾਂਦੇ ਹਨ ਕਈ ਸੱਭਿਆਚਾਰਕ ਮੇਲਿਆਂ ਵਿੱਚ ਨਕਾਲਾਂ ਨੂੰ ਉਚੇਚੇ ਤੌਰ 'ਤੇ ਸੱਦਿਆ ਜਾਂਦਾ ਹੈ ਜਿਥੇ ਉਹ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ ਤੇ ਲੋਕਾਂ ਦਾ ਮਨੋਰੰਜਨ ਵੀ ਕਰਦੇ ਹਨ। ਇੰਜ ਇਸ ਕਲਾ ਨੂੰ ਜੀਊਂਦਿਆਂ ਰੱਖਣ ਦੇ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਨੀ ਬਣਦੀ ਹੈ।

***

## ਕੁਦਰਤੀ ਆਫ਼ਤਾਂ ਵਿੱਚ

ਉੱਧਰ ਰਾਜਸਥਾਨ ਜਿਸ ਨੂੰ ਡੈਮਾਂ 'ਚੋਂ ਸਭ ਤੋਂ ਵੱਧ ਪਾਣੀ ਜਾਂਦਾ ਹੈ, ਉਨ੍ਹਾਂ ਨੇ ਤਾਂ ਕੋਈ ਬਿਆਨ ਵੀ ਨਹੀਂ ਦਿੱਤਾ। ਨੁਕਸਾਨ ਹਿਮਾਚਲ ਤੇ ਪੰਜਾਬ ਦਾ ਜ਼ਿਆਦਾ ਹੋਇਆ ਤੇ ਦੋਵਾਂ ਸੂਬਿਆ 'ਚ ਵਿਰੋਧੀ ਪਾਰਟੀ ਦੀਆਂ ਸਰਕਾਰਾਂ ਹਨ। ਇਸ ਲਈ ਢਿੱਲ-ਮੱਠ ਦੀ ਨੀਤੀ ਚਲਦੀ ਹੈ, ਜਦਕਿ ਸੋਚਣਾ ਇਹ ਬਣਦਾ ਸੀ ਕਿ ਆਖਰ ਹੈ ਤਾਂ ਸਾਰੇ ਰਾਜ ਭਾਰਤ ਦਾ ਹੀ ਹਿੱਸਾ।

### ਮਾਈਨਿੰਗ

ਦਰਿਆਵਾਂ 'ਤੇ ਮਾਈਨਿੰਗ ਹਮੇਸ਼ਾ ਹੀ ਚਰਚਾ ਦਾ ਵਿਸ਼ਾ ਰਹੀ ਹੈ। ਹਰ ਸਰਕਾਰ ਵੇਲੇ ਉਸ ਦੀ ਵਿਰੋਧੀ ਧਿਰ ਸਵਾਲ ਚੁੱਕਦੀ ਹੈ ਕਿ ਨਾਜਾਇਜ਼ ਮਾਈਨਿੰਗ ਹੋ ਰਹੀ ਹੈ। ਇਹ ਧੰਦਾ ਚਲਦਾ ਹੀ ਮੌਕੇ ਦੀਆਂ ਸਰਕਾਰਾਂ ਦੀ ਸਰਪ੍ਰਸਤੀ ਹੇਠ ਹੈ। ਜਦੋਂ ਮਾਈਨਿੰਗ ਹੁੰਦੀ ਹੈ ਤਾਂ ਉਹ 50 ਫੁੱਟ ਤੱਕ ਡੂੰਘੀ ਚਲੀ ਜਾਂਦੀ ਹੈ। ਇਸ ਦਾ ਮਤਲਬ ਬੰਨ੍ਹ ਦੀ ਨੀਂਹ ਤਾਂ ਖ਼ੁਦ ਹੀ ਕਮਜ਼ੋਰ ਕਰ ਦਿੱਤੀ ਜਾਂਦੀ ਹੈ, ਜਿਸ 'ਤੇ ਜਿੰਨੀ ਮਰਜ਼ੀ ਮਿੱਟੀ ਪਾਓ, ਉਸ ਨੇ ਹੇਠੋਂ ਖਾਲੀ ਹੋਣ ਕਰਕੇ ਬੈਠਣਾ ਹੀ ਹੈ। ਜਦੋਂ ਲੋਕ ਰੌਲਾ ਪਾਉਂਦੇ ਹਨ, ਉਦੋਂ ਸਰਕਾਰਾਂ ਦਾ ਕੋਈ ਧਿਆਨ ਨਹੀਂ ਹੁੰਦਾ। ਪਰ ਜਦੋਂ ਵੋਟਾਂ ਆਉਂਦੀਆਂ ਹਨ, ਉਸ ਵੇਲੇ ਜ਼ਰੂਰ ਇਸ 'ਤੇ ਸਿਆਸਤ ਕੀਤੀ ਜਾਂਦੀ ਹੈ ਤੇ ਬਾਅਦ 'ਚ ਇਸ ਨੂੰ ਕਮਾਈ ਦਾ ਸਾਧਾਨ ਬਣਾ ਲਿਆ ਜਾਂਦਾ ਹੈ।

### ਨੈਤਿਕ ਤੇ ਸਮਾਜਿਕ ਜ਼ਿੰਮੇਵਾਰੀ

ਜਦੋਂ ਜ਼ਿੰਮੇਵਾਰੀ ਦੀ ਗੱਲ ਕਰਦੇ ਹਾਂ ਤਾਂ ਤਕਰੀਬਨ ਹਰ ਇਨਸਾਨ ਦੀ ਸੋਚ ਸਾਡੇ ਲੀਡਰਾਂ ਅਤੇ ਸਰਕਾਰਾਂ 'ਤੇ ਆ ਕੇ ਖੜ੍ਹ ਜਾਂਦੀ ਹੈ। ਸਾਡੀ ਸੋਚ ਵਿੱਚ ਬਦਲਾਅ ਆਉਣ ਦਾ ਵੱਡਾ ਕਾਰਨ ਹੈ ਮੁਫ਼ਤ ਦੀਆਂ ਰਿਉੜੀਆਂ, ਜਿਸ ਨੇ ਸਾਨੂੰ ਨਿਕੰਮੇ ਤੇ ਸਵੈ-ਕੇਂਦ੍ਰਿਤ ਬਣਾ ਦਿੱਤਾ ਹੈ। ਇਹ ਗੱਲ ਕੌੜੀ ਜ਼ਰੂਰ ਹੈ ਪਰ ਹਕੀਕਤ ਹੈ। ਜੇ ਅਸੀਂ ਸਮੇਂ ਸਿਰ ਸਰਕਾਰਾਂ ਤੋਂ ਵੱਖਰੇ ਹੋ ਕਿ ਆਪਣੇ ਆਲੇ-ਦੁਆਲੇ ਦੀਆਂ ਡਰੇਨਾਂ, ਨਾਲ ਲਗਦੀਆਂ ਪਹੀਆਂ ਅਤੇ ਖਾਲੇ ਸੰਵਾਰੇ ਹੁੰਦੇ ਤਾਂ ਸ਼ਾਇਦ ਅੱਜ ਕੁਝ ਨੁਕਸਾਨ ਤੋਂ ਬਚ ਸਕਦੇ ਸੀ। ਆਮ ਤੌਰ 'ਤੇ ਇਹ ਗੱਲ ਹੁੰਦੀ ਹੈ ਕਿ ਇਹ ਕੰਮ ਮੇਰਾ ਨਹੀਂ, ਸਰਕਾਰ ਦਾ ਹੈ। ਕੋਈ ਜ਼ਮਾਨਾ ਸੀ ਪਿੰਡ ਦੇ ਲੋਕੀਂ ਖਾਲੇ, ਕੱਸੀਆਂ ਅਤੇ ਸੂਏ ਰਲ-ਮਿਲ ਕੇ ਸਾਫ਼ ਕਰ ਲੈਂਦੇ ਸੀ। ਲਿੰਕ ਸੜਕਾਂ ਦੇ ਨਾਲ ਮਿੱਟੀ ਵੀ ਲਾ ਦਿੰਦੇ ਸਨ। ਪਰ ਅੱਜ ਨਰੇਗਾ ਵਾਲਿਆਂ ਨੇ ਸਫ਼ਾਈ ਕਰ ਦਿੱਤੀ ਤਾਂ ਠੀਕ, ਨਹੀਂ ਤਾਂ ਰੱਬ ਰਾਖਾ। ਉਦਾਹਰਣ ਲਈ ਇੱਕ ਪੱਕੇ ਖਾਲੇ ਨਾਲ ਜਿੰਨੇ ਘਰ ਲਗਦੇ ਹਨ, ਜੇ ਸਾਰੇ ਘਰ ਰਲ ਕੇ ਹਰ ਛੇ ਮਹੀਨੇ ਬਾਅਦ ਉਸ ਦੀ ਮੁਰੰਮਤ ਕਰ ਲੈਣ ਤਾਂ ਖਾਲ ਕਦੇ ਨਹੀਂ ਟੁੱਟਣਗੇ। ਇਸ ਦੇ ਨਾਲ ਸਰਕਾਰ ਨੇ ਲੋਕ ਲਭਾਊ ਨੀਤੀਆਂ ਨਾਲ ਵੋਟਾਂ ਬਟੋਰਨ ਦੇ ਚੱਕਰ ਵਿੱਚ ਆਪਣਾ ਜੋ ਨਹਿਰੀ ਮਾਮਲਾ ਆਉਂਦਾ ਸੀ, ਉਹ ਵੀ ਖ਼ਰਾਬ ਕਰ ਲਿਆ। ਅੱਜ ਜੇ ਕੋਈ ਵਿਅਕਤੀ ਨਹਿਰੀ ਵਿਭਾਗ ਕੋਲ ਆਪਣੀ ਵਾਰੀ ਬਦਲਾਉਣ ਜਾਂਦਾ ਹੈ, ਉਸ ਨੂੰ ਬਕਾਇਆ ਮਾਮਲਾ ਦੇਣਾ ਪੈਂਦਾ ਹੈ। ਬਾਕੀਆਂ ਤੋਂ ਕੋਈ ਮਾਮਲਾ ਇਕੱਠਾ ਹੀ ਨਹੀਂ ਕੀਤਾ ਜਾਂਦਾ। ਸਾਨੂੰ ਇਸ ਪਾਸੇ ਸੋਚਣ ਦੀ ਲੋੜ ਹੈ, ਕਿ ਨਿਰ੍ਹਾ-ਪੁਰਾ ਸਰਕਾਰ 'ਤੇ ਨਿਰਭਰ ਰਹਿਣ ਦੀ ਬਜਾਏ ਅਸੀਂ ਆਪਣੇ ਪੈਰਾਂ 'ਤੇ ਖੜ੍ਹੇ ਹੋਈਏ। ਜੋ ਕੰਮ ਅਸੀਂ ਮੁਸੀਬਤ ਵੇਲੇ ਇਕੱਠੇ ਹੋ ਕੇ ਕਰਦੇ ਹਾਂ, ਜੇ ਉਹ ਪਹਿਲਾਂ ਹੀ ਕਰ ਲਈਏ ਤਾਂ ਸ਼ਾਇਦ ਕਈ ਅਲਾਮਤਾਂ ਤੋਂ ਬਚ ਜਾਈਏ। ਇਸ ਨਾਲ ਸਰਕਾਰੀ ਤੰਤਰ ਨੂੰ ਵੀ ਮਜਬੂਰੀ ਵੱਸ ਆਪੇ ਤੁਰਨਾ ਪਏਗਾ। ਅੱਜ ਇਹ ਮਾਰ ਜੋ ਪੰਜਾਬ 'ਤੇ ਪਈ ਹੈ, ਇਸ ਵਿੱਚ ਕੁਦਰਤੀ ਮਾਰ ਨੂੰ ਕਾਫ਼ੀ ਹੱਦ ਤੱਕ ਅਧਿਕਾਰੀਆਂ ਦੀ ਲਾਪਰਵਾਹੀ ਅਤੇ ਲੋਕਾਂ ਦੇ ਅਵੇਸਲੇਪਣ ਨੇ ਹੀ ਵਧਾਇਆ ਹੈ।

***

## ਅਮਰੀਕਾ ਦਾ ਮੁਕਾਬਲਾ ਕਰਨ ਲਈ ਖੇਤੀ

ਅੱਗੇ ਦੀ ਰਾਹ: ਟਰੰਪ ਦਾ ਟੈਰਿਫ਼ ਸਿਰਫ਼ ਵਪਾਰ ਦਾ ਮਸਲਾ ਨਹੀਂ ਹੈ, ਇਹ ਭਾਰਤ ਦੇ ਖੇਤੀ ਖੇਤਰ ਲਈ ਇੱਕ ਚਿਤਾਵਨੀ ਤੇ ਮੌਕਾ ਹੈ ਅਤੇ ਭਾਰਤ ਹੁਣ ਖੇਤੀ ਸੁਧਾਰਾਂ ਵਿੱਚ ਅੱਧੇ-ਅਧੂਰੇ ਕਦਮ ਨਹੀਂ ਚੁੱਕ ਸਕਦਾ। ਜਿਸ ਤਰ੍ਹਾਂ 1960 ਦੇ ਦਹਾਕੇ ਦੀ ਹਰੀ ਕ੍ਰਾਂਤੀ ਵਿੱਚ ਪੰਜਾਬ ਨੇ ਅਗਵਾਈ ਕਰਦੇ ਹੋਏ 20ਵੀਂ ਸਦੀ ਵਿੱਚ ਖੁਰਾਕ ਸੁਰੱਖਿਆ ਨੂੰ ਨਵਾਂ ਰੂਪ ਦਿੱਤਾ ਸੀ, ਅੱਜ ਬਾਇਓ ਟੈਕਨਾਲੋਜੀ ਵੀ ਉਵੇਂ ਦਾ ਮੌਕਾ ਹੀ ਲੈ ਕੇ ਆਈ ਹੈ। ਕੇਂਦਰ ਸਰਕਾਰ ਦਾ 'ਜੈ ਅਨੁਸੰਧਾਨ' ਦਾ ਇੱਕ ਲੱਖ ਕਰੋੜ ਰੁਪਏ ਦਾ ਫੰਡ ਸਵਾਗਤਯੋਗ ਹੈ, ਪਰ ਨਵੀਨਤਾ ਨੂੰ ਪ੍ਰਯੋਗਸ਼ਾਲਾ ਤੋਂ ਖੇਤ ਤੱਕ ਲੈ ਕੇ ਜਾਣਾ ਜ਼ਰੂਰੀ ਹੈ। ਜਿਸ ਲਈ ਦੋ ਕਦਮ ਤੁਰੰਤ ਉਠਾਉਣੇ ਜ਼ਰੂਰੀ ਹਨ- ਪਹਿਲਾ, ਅਮਰੀਕਾ-ਪੇਟੈਂਟਡ ਜੀ.ਐਮ. ਬੀਜਾਂ 'ਤੇ ਨਿਰਭਰਤਾ ਤੋਂ ਬਚਣ ਲਈ ਜੈਨੇਟਿਕ ਇੰਜੀਨੀਅਰਿੰਗ ਅਪ੍ਰੇਜ਼ਲ ਕਮੇਟੀ (ਜੀ.ਈ.ਏ.ਸੀ), ਇੰਡੀਅਨ ਕੌਂਸਿਲ ਆਫ਼ ਐਗਰੀਕਲਚਰ ਰਿਸਰਚ (ਆਈ.ਸੀ.ਏ.ਆਰ) ਅਤੇ ਨੈਸ਼ਨਲ ਜੀਨ ਬੈਂਕ ਮਿਲ ਕੇ ਸਵਦੇਸ਼ੀ ਜੈਨੇਟਿਕਲੀ ਮੋਡੀਫਾਈਡ ਫਸਲਾਂ ਵਿਕਸਤ ਕਰ ਸਕਦੇ ਹਨ। ਪਰ ਇਹ ਰੈਗੂਲੇਟਰੀ ਪ੍ਰਕਿਰਿਆ ਪਾਰਦਰਸ਼ੀ, ਸਮੇਂ-ਬੱਧ ਤੇ ਵਿਗਿਆਨ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਦੂਜਾ, ਕਿਸਾਨਾਂ ਨੂੰ ਸਸਤੇ ਸਵਦੇਸ਼ੀ ਜੀ.ਐਮ. ਬੀਜਾਂ ਤੋਂ ਵੰਚਿਤ ਰੱਖਣਾ ਇੱਕ ਤਰ੍ਹਾਂ ਨਾਲ ਉਨ੍ਹਾਂ ਨੂੰ ਵਿਕਸਤ ਦੇਸ਼ਾਂ ਦੇ ਕਿਸਾਨਾਂ ਨਾਲ ਮੁਕਾਬਲੇ ਵਿੱਚ ਪਿੱਛੇ ਰੱਖਣਾ ਹੈ। ਕਿਸਾਨਾਂ ਨੂੰ ਆਧੁਨਿਕ ਵਿਗਿਆਨ ਤੇ ਨਵੀਨਤਾ ਨਾਲ ਲੈਸ ਕਰਕੇ ਵਿਸ਼ਵ ਬਾਜ਼ਾਰ ਵਿੱਚ ਬਰਾਬਰੀ ਨਾਲ ਮੁਕਾਬਲਾ ਕਰਨ ਯੋਗ ਬਣਾਉਣਾ ਹੀ ਜ਼ਮੀਨੀ ਪੱਧਰ 'ਤੇ ਕਿਸਾਨ ਸਸ਼ਕਤੀਕਰਨ ਹੈ।

***

## ਅਜੋਕੀ ਰਾਜਨੀਤੀ ਵਿੱਚ ਗਾਲਾਂ ਦੇ ਕਲਾਕਾਰਾਂ ਨੂੰ

ਇੱਕ ਵਾਰ ਤਾਂ ਹਿਮਾਚਲ ਪ੍ਰਦੇਸ਼ ਦੇ ਭਾਜਪਾ ਪ੍ਰਧਾਨ ਨੇ ਰਾਹੁਲ ਗਾਂਧੀ ਨੂੰ ਸਟੇਜ ਤੋਂ ਮਾਂ ਦੀ ਗਾਲ ਕੱਢ ਦਿੱਤੀ ਸੀ ਕਿਉਂਕਿ ਰਾਹੁਲ ਨੇ 'ਚੌਕੀਦਾਰ ਚੋਰ ਹੈ' ਦਾ ਨਾਅਰਾ ਲਗਾਇਆ ਸੀ। ਦਰਅਸਲ ਭਾਜਪਾ ਦੇ ਕਈ ਨੇਤਾਵਾਂ ਨੇ ਗਾਲਾਂ ਕੱਢਣ ਦੀ ਆਪਣੀ ਸਮਰੱਥਾ ਦੇ ਚਲਦਿਆਂ ਹੀ ਰਾਜਨੀਤੀ ਵਿੱਚ ਤਰੱਕੀ ਕੀਤੀ ਹੈ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਭਾਜਪਾ ਵਿੱਚ ਵਿਸ਼ੇਸ਼ ਸਮਰੱਥਾ ਨਾਲ 'ਜੈਂਡਰ ਇਫੈਕਟ' ਜਾਂ ਮਹਿਲਾ ਪ੍ਰਭਾਵ ਪੈਦਾ ਕੀਤਾ ਹੈ। ਪਰ ਮੇਰੇ ਅਨੁਸਾਰ ਭਾਜਪਾ ਦੇ ਇਸ ਖ਼ਾਸ ਕਿਸਮ ਦੇ ਰਾਜਨੀਤਕ ਸਭਿਆਚਾਰ ਦੇ ਸਿਖਰ 'ਤੇ ਕੋਈ ਹੋਰ ਨਹੀਂ, ਸਗੋਂ ਖ਼ੁਦ ਮੋਦੀ ਜੀ ਬੈਠੇ ਹੋਏ ਹਨ। ਉਨ੍ਹਾਂ ਨੂੰ ਤਾਂ 'ਗਾਲਾਂ ਦਾ ਕਲਾਕਾਰ' ਕਿਹਾ ਜਾ ਸਕਦਾ ਹੈ। ਉਹ ਸੋਨੀਆ ਗਾਂਧੀ ਲਈ ਜਿਸ ਤਰ੍ਹਾਂ ਦੇ ਅਪਸ਼ਬਦ ਵਰਤ ਚੁੱਕੇ ਹਨ, ਉਨ੍ਹਾਂ ਦਾ ਕੋਈ ਜਵਾਬ ਨਹੀਂ। ਉਹ ਰਾਹੁਲ ਗਾਂਧੀ ਨੂੰ 'ਮੂਰਖਾਂ ਦਾ ਸਰਦਾਰ' ਤੱਕ ਬੋਲ ਚੁੱਕੇ ਹਨ। ਇਸ ਤੋਂ ਸਪੱਸ਼ਟ ਹੈ ਕਿ ਇਸ ਮਾਮਲੇ ਵਿੱਚ ਉਨ੍ਹਾਂ ਤੋਂ ਬਿਹਤਰ ਕੋਈ ਵੀ ਨਹੀਂ ਹੈ।

***

## ਗੁਣਵੱਤਾ 'ਤੇ ਸਵਾਲ ਅਤੇ

ਚਿਤਾਵਨੀਆਂ ਅਤੇ ਜੁਰਮਾਨਿਆਂ ਨੇ ਪਤੰਜਲੀ ਦੀ ਸਾਖ ਨੂੰ ਵੀ ਠੇਸ ਪਹੁੰਚਾਈ ਹੈ। ਖਪਤਕਾਰਾਂ ਦਾ ਇੱਕ ਵਰਗ ਇਹ ਸਵਾਲ ਕਰਦਾ ਹੈ ਕਿ ਕੀ ਪਤੰਜਲੀ ਦੇ ਉਤਪਾਦ ਸੱਚਮੁੱਚ ਵਿਦੇਸ਼ੀ ਬ੍ਰਾਂਡਾਂ ਨਾਲ ਮੁਕਾਬਲਾ ਕਰ ਸਕਦੇ ਹਨ। ਅਦਾਲਤੀ ਕਾਰਵਾਈਆਂ ਅਤੇ ਗੁਣਵੱਤਾ ਨਾਲ ਜੁੜੇ ਵਿਵਾਦਾਂ ਨੇ ਲੋਕਾਂ ਦੇ ਵਿਸ਼ਵਾਸ ਨੂੰ ਡਗਮਗਾਇਆ ਹੈ।

### ਅੱਗੇ ਦੀ ਰਾਹ ਅਤੇ ਸਵਾਲ

ਲੋਕਾਂ ਦਾ ਕਹਿਣਾ ਹੈ ਕਿ ਸਵਦੇਸ਼ੀ ਦੀ ਮੁਹਿੰਮ ਨੂੰ ਜਾਰੀ ਰੱਖਣ ਲਈ ਪਤੰਜਲੀ ਨੂੰ ਆਪਣੇ ਉਤਪਾਦਾਂ ਦੀ ਗੁਣਵੱਤਾ ਸੁਧਾਰਨੀ ਪਵੇਗੀ ਅਤੇ ਅਦਾਲਤੀ ਵਿਵਾਦਾਂ ਤੋਂ ਬਚਣਾ ਪਵੇਗਾ। ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਸਿਰਫ਼ ਮਾਰਕੀਟਿੰਗ ਜਾਂ ਭਾਵਨਾਤਮਕ ਅਪੀਲਾਂ ਕਾਫੀ ਨਹੀਂ ਹਨ, ਉਤਪਾਦਾਂ ਦੀ ਸ਼ੁੱਧਤਾ ਅਤੇ ਪ੍ਰਭਾਵਸ਼ੀਲਤਾ ਵੀ ਜ਼ਰੂਰੀ ਹੈ। ਇਸ ਦੇ ਨਾਲ ਹੀ, ਰਾਮਦੇਵ ਨੂੰ ਇਹ ਵੀ ਸਮਝਣਾ ਪਵੇਗਾ ਕਿ ਸਵਦੇਸ਼ੀ ਦਾ ਮਤਲਬ ਸਿਰਫ਼ ਵਿਦੇਸ਼ੀ ਉਤਪਾਦਾਂ ਦਾ ਬਾਈਕਾਟ ਨਹੀਂ, ਸਗੋਂ ਭਾਰਤੀ ਖਪਤਕਾਰਾਂ ਨੂੰ ਵਿਸ਼ਵ ਪੱਧਰੀ ਗੁਣਵੱਤਾ ਦੇਣਾ ਵੀ ਹੈ।

***

## ਮਹਾਰਾਜਾ ਰਣਜੀਤ ਸਿੰਘ ਦੇ ਖ਼ਜ਼ਾਨਿਆਂ ਬਾਰੇ

ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਦੇ ਚੇਅਰਮੈਨ ਲਾਰਡ ਰਾਮੀ ਰੇਂਜਰ ਨੇ ਕਿਹਾ ਕਿ ਤਰਲੋਚਨ ਸਿੰਘ ਨੇ ਕਈ ਗੱਲਾਂ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਅਤੇ ਉਨ੍ਹਾਂ ਦੀ ਐਸੋਸੀਏਸ਼ਨ ਸਾਰਾਗੜ੍ਹੀ ਯਾਦਗਾਰ ਸੁਸਾਇਟੀ ਬਣਾ ਕੇ ਕੰਮ ਨੂੰ ਅੱਗੇ ਤੋਰੇਗੀ। ਲਾਰਡ ਕੁਲਦੀਪ ਸਿੰਘ ਸਹੋਤਾ ਨੇ ਸਾਰਾਗੜ੍ਹੀ ਦੀ ਜੰਗ ਦੌਰਾਨ ਹਵਲਦਾਰ ਈਸ਼ਰ ਸਿੰਘ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਜਿਨ੍ਹਾਂ ਦਾ ਬੁੱਤ ਵੁਲਵਰਹੈਂਪਟਨ ਦੇ ਵੈਡਨੈੱਸਫੀਲਡ 'ਚ ਲੱਗਾ ਹੋਇਆ ਹੈ। ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਤਰਲੋਚਨ ਸਿੰਘ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ।

****

## ਅਮਰੀਕਾ ਦੀ ਆਰਥਿਕਤਾ ਨੂੰ ਵੀ

ਜੇਕਰ ਸੁਪਰੀਮ ਕੋਰਟ ਇਨ੍ਹਾਂ ਟੈਰਿਫ਼ਾਂ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਦੀ ਹੈ ਤਾਂ 2025 ਵਿੱਚ ਲਗਾਏ ਗਏ ਜ਼ਿਆਦਾਤਰ (71 ਪ੍ਰਤੀਸ਼ਤ) ਟੈਰਿਫ਼ ਹਟਾ ਦਿੱਤੇ ਜਾਣਗੇ। ਬਜਟ ਲੈਬ ਦੇ ਨੀਤੀ ਵਿਸ਼ਲੇਸ਼ਕ ਜੌਨ ਰੀਕੋ ਦੇ ਅਨੁਸਾਰ ਟੈਰਿਫ਼ ਅਮਰੀਕੀ ਪਰਿਵਾਰਾਂ 'ਤੇ ਇੱਕ ਟੈਕਸ ਹਨ ਕਿਉਂਕਿ ਟੈਰਿਫ਼ ਆਮਦਨ ਦੀ ਬਜਾਏ ਵਸਤੂਆਂ ਅਤੇ ਸੇਵਾਵਾਂ 'ਤੇ ਟੈਕਸ ਹਨ, ਇਸ ਲਈ ਇਹ ਉਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਜੋ ਆਪਣੀ ਆਮਦਨ ਦਾ ਜ਼ਿਆਦਾ ਹਿੱਸਾ ਜ਼ਰੂਰਤਾਂ 'ਤੇ ਖਰਚ ਕਰਦੇ ਹਨ। ਟਰੰਪ ਦੇ ਕਾਰਜਕਾਲ ਦੌਰਾਨ ਟੈਰਿਫ਼ ਵਿੱਚ ਵਾਧਾ ਇਤਿਹਾਸਕ ਰਿਹਾ ਹੈ। ਇਸ ਸਾਲ ਟਰੰਪ ਦੁਆਰਾ ਲਗਾਏ ਗਏ ਟੈਰਿਫ਼ ਦੇ ਆਧਾਰ 'ਤੇ ਅਮਰੀਕਾ ਵਿੱਚ ਔਸਤ ਪ੍ਰਭਾਵੀ ਟੈਰਿਫ਼ ਦਰ 17.4 ਪ੍ਰਤੀਸ਼ਤ ਤੱਕ ਵਧ ਗਈ ਹੈ, ਜੋ ਕਿ 1935 ਤੋਂ ਬਾਅਦ ਸਭ ਤੋਂ ਵੱਧ ਹੈ।

RAISING VOICE FOR TRUTH

ਹੋਕਾ TV

# HOKA TV

## (ਹੋਕਾ ਟੀ.ਵੀ.)

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH

ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**